


# ਪ੍ਰੀਤ ਲੜੀ

Since 1933
Preet Lari Magazine
*The Oldest Punjabi Literary Journal*

93 ਵਾਂ ਸਾਲ
ਅੰਕ 10
ਕੁਲ ਅੰਕ
#947

ਅਕਤੂਬਰ 2026 | ₹50

# ਨਵੀਂ ਸੋਚਣੀ- ਭਗਤ ਸਿੰਘ ਇਕੱਲਾ ਹੀ ਨਹੀਂ ਆਉਂਦਾ

ਹਰੀਸ਼ ਜੈਨ (ਲੇਖਕ, ਪ੍ਰਕਾਸ਼ਕ)

ਅੱਜ ਕੱਲ੍ਹ ਦੇ ਨੌਜਵਾਨ ਰੋਸ-ਵਿਖਾਵਿਆਂ ਵਿਚ, ਭਗਤ ਸਿੰਘ ਪੋਸਟਰ ਉੱਤੇ ਦਿਸੇਗਾ, ਮਹਾਤਮਾ ਗਾਂਧੀ ਰੋਸ ਕਰਨ ਲਈ ਚੁਣੇ ਤਰੀਕੇ ਵਿਚ ਅਤੇ ਅੰਬੇਡਕਰ ਸੰਵਿਧਾਨ ਦੇ ਸਰੂਪ ਵਿਚ। ਪਹਿਲਾ ਉਨ੍ਹਾਂ ਦੇ ਗੁੱਸੇ ਨੂੰ ਸਾਹਮਣੇ ਲਿਆਉਂਦਾ ਹੈ, ਦੂਜਾ ਉਸ ਗੁੱਸੇ ਨੂੰ ਸਾਹਮਣੇ ਲਿਆਉਣ ਦਾ ਤਰੀਕਾਕਾਰ ਬਣਦਾ ਹੈ ਅਤੇ ਤੀਜਾ ਉਸ ਰੋਸ-ਰੰਜਿਸ਼ ਨੂੰ ਇੱਕ ਦਾਅਵੇ ਵਿਚ ਬਦਲ ਦਿੰਦਾ ਹੈ- ਕਿ ਅਸੀਂ ਇਸ ਦੇਸ਼ ਦੇ ਨਾਗਰਿਕ ਹਾਂ।

ਇਹ ਤਿੰਨੇਂ ਏਸ ਲਈ ਇੱਕ ਥਾਂ ਨਹੀਂ ਆ ਗਏ ਪਈ ਇਨ੍ਹਾਂ ਦੇ ਆਪਸੀ ਮਤਭੇਦ ਗ਼ਾਇਬ ਹੋ ਗਏ ਹਨ। ਇਨ੍ਹਾਂ ਦੇ ਬਹੁਤ ਫ਼ਰਕ ਸਨ - ਸੁਭਾਅ, ਤਜਰਬੇ ਅਤੇ ਸਿਆਸੀ ਸੋਚ ਵੱਲੋਂ।

ਨਾ ਹੀ ਨੌਜਵਾਨਾਂ ਨੇ ਇਨ੍ਹਾਂ ਦੀ ਕੋਈ ਆਪਸੀ ਫ਼ਲਸਫ਼ਾਨਾ ਸੁਲਹ ਪੇਸ਼ ਕਰ ਦਿੱਤੀ ਹੈ। ਉਨ੍ਹਾਂ ਤਾਂ ਕੁਝ ਹੋਰ ਵੀ ਵੱਧ ਪ੍ਰੈਕਟੀਕਲ-ਅਮਲਯੋਗ ਕਰ ਵਿਖਾਇਆ ਹੈ: ਇਹੀ ਜਿਹੜਾ ਤਿੰਨ ਵੱਖੋ ਵੱਖਰੀਆਂ, ਕਈ ਵਾਰ ਇੱਕ ਦੂਜੀ ਤੋਂ ਉਲਟ ਜਾਂਦੀਆਂ ਰਿਵਾਇਤਾਂ ਤੋਂ ਕੁਝ ਨਾ ਕੁਝ ਲੈ ਕੇ ਰੋਸ-ਮੁਜ਼ਾਹਰੇ ਦੀ ਇੱਕ ਨਵੀਂ ਹੀ ਭਾਸ਼ਾ ਘੜ ਦਿੱਤੀ ਹੈ। ਰੋਸ ਦਾ ਰੂਪ ਇੱਕ ਨਵੇਂ ਪੜਾਅ ਵਿਚ ਆ ਗਿਆ ਹੈ। ਅਜੋਕੇ ਕਈ ਰੋਸ ਕਿਸੇ ਇੱਕ ਖ਼ਾਸ ਤਕਲੀਫ਼ ਤੋਂ ਸ਼ੁਰੂ ਹੁੰਦੇ ਹਨ- ਕਿਸੇ ਇਮਤਿਹਾਨ, ਭਰਤੀ ਦੇ ਸਿਲਸਿਲੇ, ਯੂਨੀਵਰਸਿਟੀ ਵਿਚ ਝਗੜੇ, ਕੰਮ ਵਾਲੀ ਥਾਂ ਹੋਈ ਬੇਇਨਸਾਫ਼ੀ ਜਾਂ ਪ੍ਰਸ਼ਾਸਕੀ ਬੇਧਿਆਨੀ ਤੋਂ। ਰੋਸ ਵਿਚ ਹਿੱਸਾ ਲੈਣ ਵਾਲੇ ਕਿਸੇ ਇੱਕ ਪੱਕੀ ਬਣੀ ਆ ਰਹੀ ਜੱਥੇਬੰਦੀ ਨਾਲ ਜੁੜੇ ਘੱਟ ਅਤੇ ਕੋਈ ਸੁਣਵਾਈ ਨਾ ਹੋਣ ਦੇ ਕਿਸੇ ਸਾਂਝੇ ਤਜਰਬੇ ਰਾਹੀਂ ਵੱਧ ਜੁੜੇ ਹੋ ਸਕਦੇ ਹਨ।

ਡਿਜੀਟਲ ਤਾਲਮੇਲ ਨੇ, ਲੋਕਾਂ ਨੂੰ ਇੱਕ-ਥਾਂ ਕਰਨ ਵਿਚ ਕਾਇਆਕਲਪ ਕਰ ਦਿੱਤਾ ਹੈ। ਨੌਜਵਾਨ ਲੋਕ ਝੱਟ ਹਰ ਥਾਂ ਸਬੂਤ ਪਹੁੰਚਾਅ, ਪ੍ਰਸ਼ਾਸਕੀ ਜੁਆਬਾਂ ਦਾ ਪਰਦਾ ਲਾਹ, ਸਥਾਪਤ ਸਿਆਸੀ ਜੱਥੇਬੰਦੀਆਂ ਵੱਲੋਂ ਕਿਸੇ ਹੁੰਗਾਰੇ ਤੋਂ ਪਹਿਲਾਂ ਹੀ ਪੂਰੇ ਦੇਸ਼ ਦੇ ਲੋਕਾਂ ਤੱਕ ਪਹੁੰਚ ਸਕਦੇ ਹਨ। ਕੋਈ ਲਹਿਰ ਕਿਸੇ ਕਮਾਂਡ ਕਰ ਰਹੇ ਲੀਡਰ, ਜਾਂ ਤੈਅ ਹੋਈ ਵਿਚਾਰਧਾਰਾ ਤੋਂ ਬਿਨਾ ਹੀ ਵਾਹਵਾ ਤਕੜੀ ਹੋ, ਅਜ਼ਾਦ ਅਤੇ ਦੂਰ ਦੂਰ ਤੱਕ ਪਹੁੰਚਣ ਵਾਲੀ ਬਣ ਸਕਦੀ ਹੈ ਪਰ ਇਹ ਗ਼ਲਤ-ਜਾਣਕਾਰੀਆਂ, ਥਕਾਵਟ ਅਤੇ ਖਿੱਲਰਨ ਦੇ ਵੱਸ ਵੀ ਪੈ ਸਕਦੀ ਹੈ ਹੁੰਦੀ ਹੈ।

ਅਜੋਕਾ ਰੋਸਕਰਤਾ ਹਾਕਮਾਂ ਨਾਲ ਇੱਕ ਵੱਖਰਾ ਰਿਸ਼ਤਾ ਰੱਖਦਾ ਦਿਸ ਰਿਹਾ ਹੈ। ਰੋਸ-ਕਰਤਾ ਉਨ੍ਹਾਂ ਨੂੰ ਕਹਿੰਦਾ ਹੈ ਕਿ ਉਹ ਵਾਅਦੇ ਨਿਭਾਓ ਜੋ ਤੁਸੀਂ ਪਹਿਲਾਂ ਹੀ ਕਰ ਚੁੱਕੇ ਹੋ। ਇਸੇ ਲਈ ਸੰਵਿਧਾਨ ਹੁਣ ਅਦਾਲਤਾਂ ਅਤੇ ਕਨੂੰਨ-ਸਾਜ਼ ਅਸੰਬਲੀਆਂ ਤੋਂ ਬਾਹਰ ਗਲੀਆਂ-ਸੜਕਾਂ ਉੱਤੇ ਆ ਗਿਆ ਹੈ, ਇੱਕ ਢਾਲ ਵੀ ਬਣਦਾ- ਅਜ਼ਾਦੀ ਅਤੇ ਬਰਾਬਰੀ ਲਈ- ਅਤੇ ਇੱਕ ਇਲਜ਼ਾਮ ਵੀ ਬਣਦਾ- ਉਨ੍ਹਾਂ ਸੰਸਥਾਵਾਂ ਦੇ ਖ਼ਿਲਾਫ਼ ਜੋ ਉਨ੍ਹਾਂ ਅਸੂਲਾਂ ਤੋਂ ਖਿਸਕ ਰਹੀਆਂ ਹੋਣ।

ਅਜੋਕੇ-ਰੋਸਾਂ ਦਾ ਇੱਕ ਦੁਵੱਲਾ ਖ਼ਾਸਾ ਹੈ। ਜਿੱਥੇ ਇਹ ਸੁਆਲ ਪਾਉਂਦੇ ਹਨ ਕਿ ਗਣਤੰਤਰ ਨੂੰ ਕਿਸ ਤਰ੍ਹਾਂ ਚਲਾਇਆ ਜਾ ਰਿਹਾ ਹੈ ਓਥੇ ਇਹ ਨਾਲ ਹੀ ਇਸ ਗਣਤੰਤਰ ਵੱਲ ਆਪਣੀ ਵਫ਼ਾਦਾਰੀ ਦਾ ਵੀ ਦਾਅਵਾ ਕਰਦੇ ਹਨ। ਇੱਥੇ ਹੀ ਭਗਤ ਸਿੰਘ, ਗਾਂਧੀ ਅਤੇ ਅੰਬੇਡਕਰ ਆ ਮਿਲਦੇ ਹਨ।

"ਇਨਕਲਾਬ ਜ਼ਿੰਦਾਬਾਦ" ਦਾ ਤਾਂ ਭਗਤ ਸਿੰਘ ਤੋਂ ਪਹਿਲਾਂ ਤੋਂ ਸਿਆਸੀ ਇਤਿਹਾਸ ਮੌਜੂਦ ਹੈ, ਪਰ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਨੂੰ ਇੱਕ ਆਪਣੀ ਹੀ ਵੱਖਰੀ ਕੌਮੀ ਹਾਜ਼ਰੀ ਦਿੱਤੀ ਅਤੇ ਇੱਕ ਵਧ ਕੇ ਦਿੱਤਾ ਮਤਲਬ ਵੀ। "ਅਸੰਬਲੀ ਬੰਬ ਕੇਸ" ਵਿਚ, ਉਨ੍ਹਾਂ ਇਨਕਲਾਬ ਨੂੰ "ਬੰਬ ਅਤੇ ਪਿਸਤੌਲ ਦੀ ਜਨੂੰਨੀ-ਜੁਰਤ" ਤੋਂ ਵੱਖਰਾ ਦੱਸਿਆ। ਇਸ ਦਾ ਮਤਲਬ ਸੀ ਕਿਸੇ ਸਾਫ਼-ਦਿਸਦੇ ਬੇਇਨਸਾਫ਼-ਇੰਤਜ਼ਾਮ ਦੀ ਨੀਂਹ ਵਾਲੇ ਢਾਂਚੇ ਦਾ ਕਾਇਆਕਲਪ ਕਰਨਾ- ਉਹ ਗਲਤ ਕਿ ਜਿਸ ਵਿਚ ਮਜ਼ਦੂਰ ਬਣਾਉਣ ਦੌਲਤ ਅਤੇ ਕਿਸਾਨੀ ਪੈਦਾ ਕਰੇ ਖਾਣ ਪਾਣ, ਪਰ ਆਪ ਥੁੜ੍ਹਾਂ ਕੱਟੇ। ਇੱਕ ਸਮਾਜਕ ਮੁੜ-ਉਸਾਰੀ ਤੋਂ ਬਿਨਾ, ਸਿਆਸੀ ਅਜ਼ਾਦੀ, ਇਨਕਲਾਬ ਨੂੰ ਪੂਰਾ ਸਿਰੇ ਨਹੀਂ ਸੀ ਚਾੜ੍ਹਦੀ।

ਬਾਅਦ ਵਿਚ, ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਇਨਕਲਾਬ ਬਾਰੇ ਕਿਹਾ ਕਿ ਇਹ "ਬਿਹਤਰੀ ਲਈ ਬਦਲਾਅ ਦੀ ਰੀਝ" ਨੂੰ ਅੱਗੇ ਵਧਾਉਣ ਦਾ ਨਾਂ ਹੈ। ਇਨਕਲਾਬੀ ਜੋਸ਼ ਸਮਾਜ ਵੱਲੋਂ ਕਿਸੇ ਬੇ-ਇਨਸਾਫ਼ ਢਾਂਚੇ ਨੂੰ ਕਬੂਲੀ ਤੁਰੇ ਜਾਣ ਵਿਚ ਇੱਕ ਚੰਗਾ ਦਖ਼ਲ ਦਿੰਦਾ ਹੈ। ਭਗਤ ਸਿੰਘ ਨੌਜਵਾਨਾਂ ਨੂੰ ਪਿਆਰਾ ਹੈ: ਏਨਾ ਹਿੰਸਾ ਦੀ ਚਾਹ ਕਰਕੇ ਨਹੀਂ, ਜਿੰਨਾ ਬੇ-ਇਨਸਾਫ਼ੀ ਨੂੰ ਕੁਦਰਤੀ ਜਾਂ ਹਮੇਸ਼-ਰਹਿਣੀ ਮੰਨਣ ਤੋਂ ਇਨਕਾਰ ਕਰਨ ਕਰਕੇ। ਜਦੋਂ ਉਹ ਭਗਤ ਸਿੰਘ ਵਾਲਾ ਨਾਅਰਾ ਲਾਉਂਦੇ ਹਨ, ਉਹ ਇਸ ਵਿਚ ਅਜੋਕੀ ਨਾ-ਬਰਾਬਰੀ, ਬੇ-ਰੋਜ਼ਗਾਰੀ ਅਤੇ ਅ-ਸੁਰੱਖਿਆ ਤੋਂ ਆਉਂਦਾ ਕਈ ਕੁਝ ਸ਼ਾਮਿਲ ਕਰ ਰਹੇ ਹੁੰਦੇ ਹਨ। ਭਗਤ ਸਿੰਘ ਤੋਂ ਰੋਸ-ਮੁਜ਼ਾਹਰੇ ਦਾ ਮਕਸਦ ਆਉਂਦਾ ਹੈ: ਕਿਸੇ ਬੇ-ਇਨਸਾਫ਼ ਢਾਂਚੇ ਨੂੰ ਬਦਲਣਾ ਹੀ ਪਏਗਾ।

ਗਾਂਧੀ ਇਸ ਵਿਚ ਆਉਂਦੇ ਹਨ ਵਰਤੇ ਜਾ ਰਹੇ ਤਰੀਕੇ ਵੱਲੋਂ। ਰੋਸ-ਕਰਤਾ ਆਪਣੇ ਆਪ ਨੂੰ ਗਾਂਧੀਵਾਦੀ ਭਾਵੇਂ ਨਾ ਕਹਿਣ ਅਤੇ ਉਨ੍ਹਾਂ ਦੇ ਸਮਾਜਕ-ਨਜ਼ਰੀਏ ਦੇ ਕਈ ਹਿੱਸਿਆਂ ਨਾਲ ਸਹਿਮਤੀ ਨਾ ਰੱਖਣ। ਫੇਰ ਵੀ, ਜਦੋਂ ਉਹ ਅਮਨ ਨਾਲ ਜਲੂਸ ਕੱਢਦੇ ਹਨ, ਕਿਸੇ ਸਾਂਝੀ ਥਾਂ ਪੇਸ਼ ਹੁੰਦੇ ਹਨ, ਵਰਤ ਰੱਖਦੇ ਹਨ, ਵਾਧੂ-ਉਬਾਲਾ ਖਾਣ ਤੋਂ ਮਨ੍ਹਾਂ ਕਰਦੇ ਹਨ, ਜਾਂ ਆਪ ਤਕਲੀਫ਼ ਜਰਦੇ ਹਨ ਪਰ ਕਿਸੇ ਨੂੰ ਤਕਲੀਫ਼ ਨਹੀਂ ਦੇ ਰਹੇ ਹੁੰਦੇ, ਉਹ ਅਜਿਹੇ ਸਿਆਸੀ ਰੂਪ ਵਿਚ ਆ ਰਹੇ ਹੁੰਦੇ ਹਨ ਜਿਹੜਾ ਗਾਂਧੀ ਦੀ ਕੋਸ਼ਿਸ਼ ਨੇ ਹੀ ਪੱਕਾ ਭਾਰਤੀ ਮਣਵਾਇਆ ਸੀ। ਉਨ੍ਹਾਂ ਵਿਖਾਅ ਦਿੱਤਾ ਕਿ ਨਿਹੱਥੇ ਅਤੇ ਦੌਲਤਹੀਣ ਅਤੇ ਸੰਸਥਾਤਮਕ ਤਾਕਤ ਤੋਂ ਵਾਂਝੇ ਆਮ ਲੋਕ ਵੀ, ਅਨੁਸ਼ਾਸਤ ਸਾਂਝੀ ਮੁਹਿੰਮ ਰਾਹੀਂ ਰਾਜ ਨੂੰ ਭਾਜੜਾਂ ਪਾ ਸਕਦੇ ਹਨ।

ਭਗਤ ਸਿੰਘ ਦਾ ਹਰਮਨਪਿਆਰਾ ਬਿੰਬ ਭਾਵੇਂ ਕਈ ਵਾਰ ਸਾਨੂੰ ਇਹ ਪਛਾਨਣ ਨਹੀਂ ਦਿੰਦਾ, ਪਰ ਉਹ ਏਸ ਸਮਝ ਦੇ ਵਧੇਰੇ ਨੇੜੇ ਆ ਗਏ ਸਨ। "ਮੈਂ ਨਾਸਤਿਕ ਕਿਉਂ ਹਾਂ" ਵਿਚ, ਉਹ ਜ਼ੋਰ-ਜਬਰ (ਹਿੰਸਾ- ਅਨੁ.) ਵਰਤਣ ਨੂੰ ਓਦੋਂ ਹੀ ਹੱਕੀ ਸਮਝਦੇ ਸਨ ਜਦੋਂ "ਖ਼ੌਫ਼ਨਾਕ ਜ਼ਰੂਰਤ" ਆ ਪਏ ਅਤੇ ਉਨ੍ਹਾਂ ਨੇ ਲੋਕ-ਲਹਿਰਾਂ ਲਈ ਅ-ਹਿੰਸਾ ਨੂੰ ਹੀ ਲਾਜ਼ਮੀ ਢੰਗ ਕਿਹਾ। ਦੋਹਾਂ ਵਿਚ ਫ਼ਰਕ ਕਾਇਮ ਰਿਹਾ: ਗਾਂਧੀ ਲਈ ਅ-ਹਿੰਸਾ ਇੱਕ ਸਦਾਚਾਰਕ-ਇਖ਼ਲਾਕੀ ਅਸੂਲ ਸੀ; ਭਗਤ ਸਿੰਘ ਲਈ, ਇਹ ਇੱਕ ਸਿਆਸੀ ਢੰਗ-ਤਰੀਕਾ ਹੀ। ਪਰ ਇਹ ਫ਼ਰਕ ਕਦੇ ਵੀ ਏਨਾ ਪੂਰਾ ਨਹੀਂ ਸੀ ਕਿ ਦੋਹਾਂ ਦੇ ਨਾਂ ਇੱਕੋ ਵੇਲੇ ਇੱਕੋ ਰੋਸ-ਵਿਖਾਵੇ ਵਿਚ ਨਾ ਆ ਸਕਣ।

ਅੰਬੇਡਕਰ ਦੀ ਹਾਜ਼ਰੀ (ਜ਼ਰੂਰ) ਇੱਕ ਵੱਖਰੀ ਤਣਾ-ਤਣੀ ਪੇਸ਼ ਕਰਦੀ ਹੈ। ਸੰਵਿਧਾਨਸਾਜ਼ ਅਸੰਬਲੀ ਵਿਚ ਆਪਣੇ ਅਖੀਰੀ ਭਾਸ਼ਣ ਵਿਚ, ਉਨ੍ਹਾਂ ਖ਼ਬਰਦਾਰ ਕੀਤਾ ਸੀ ਕਿ ਜਦੋਂ ਸੰਵਿਧਾਨਕ ਰਾਹ-ਰਸਤੇ ਮੌਜੂਦ ਹੋਣ ਤਾਂ ਲੋਕਾਂ ਵੱਲੋਂ ਅਵੱਗਿਆ, ਅ-ਸਹਿਯੋਗ ਅਤੇ ਸੱਤਿਆਗ੍ਰਹਿ ਨੂੰ ਲੋਕਤੰਤਰੀ ਸੰਸਥਾਵਾਂ ਦੀ ਥਾਂ ਨਹੀਂ ਲੈਣੀ ਚਾਹੀਦੀ। ਉਹ ਇਨ੍ਹਾਂ ਅਮਲਾਂ ਨੂੰ "ਹਨੇਰਗਰਦੀ ਦੀ ਵਿਆਕਰਣ" ਦੱਸਦੇ ਹਨ। ਫੇਰ ਵੀ ਅੰਬੇਡਕਰ ਰੋਸ-ਮੁਜ਼ਾਹਰਿਆਂ ਵਿਚ ਆਪਣੀਆਂ ਤਸਵੀਰਾਂ, "ਜੈ ਭੀਮ" ਦੇ ਨਾਅਰਿਆਂ, ਅਤੇ, ਸਭ ਤੋਂ ਵਧ ਕੇ ਤਾਂ ਸੰਵਿਧਾਨ ਨੂੰ ਪ੍ਰਸ਼ਾਸਨ ਅਤੇ ਕੈਮਰੇ ਸਾਹਮਣੇ ਚੁੱਕਣ ਵੇਲੇ ਹਾਜ਼ਰ ਰਹਿੰਦੇ ਹਨ।

ਇੱਥੇ ਦਿਸਦਾ ਆਪਾ-ਵਿਰੋਧ ਓਦੋਂ ਗ਼ਾਇਬ ਹੋ ਜਾਂਦਾ ਹੈ ਜਦੋਂ ਸੰਵਿਧਾਨਵਾਦ ਨੂੰ, ਸਿਆਸੀ ਤੌਰ 'ਤੇ ਚੁੱਪੀ ਧਾਰਨ ਨਾਲ, ਰਲਗੱਡ ਨਾ ਕਰੀਏ।

ਸੰਵਿਧਾਨ ਬੋਲਣ, ਸ਼ਾਂਤ ਇਕੱਤਰਤਾ ਅਤੇ ਬਰਾਬਰੀ ਦੀ ਰਾਖੀ ਕਰਦਾ ਹੈ। ਰੋਸਕਰਤਾ ਦੇ ਹੱਥ ਵਿਚ, ਸੰਵਿਧਾਨ, ਹੱਦਾਂ ਬੰਨ੍ਹਦਾ ਹੈ ਕਿ ਨਾਗਰਿਕ ਕਿਹੜੇ ਤਰੀਕੇ ਵਰਤ ਸਕਦੇ ਹਨ ਅਤੇ ਰਾਜ-ਸੱਤਾ ਕਿਹੜੇ ਕਿਹੜੇ ਤਰੀਕੇ ਅਪਨਾਅ ਸਕਦੀ ਹੈ। ਸੰਵਿਧਾਨ ਤਕਲੀਫ਼ਾਂ ਬਾਰੇ ਇੱਕ ਹੱਕ ਅਤੇ ਰੋਸ ਨੂੰ ਇੱਕ ਦਾਅਵਾ ਦਿੰਦਾ ਹੈ। ਰੋਸਕਰਤਾ ਹਾਕਮ ਨੂੰ ਫ਼ਰਾਖ਼ਦਿਲ ਹੋਣ ਲਈ ਨਹੀਂ ਮਣਾਅ ਰਿਹਾ, ਸਗੋਂ ਗਣਤੰਤਰ ਨੂੰ ਉਹ ਵਾਅਦਾ ਚੇਤੇ ਕਰਾ ਰਿਹਾ ਹੈ ਜੋ ਉਸ ਕੀਤਾ ਹੀ ਸੀ।

ਇਓਂ ਨੌਜਵਾਨ ਆਪਣੇ ਹੀ ਇੱਕ ਫ਼ਾਰਮੂਲੇ ਨੂੰ ਪੁੱਜ ਪਏ ਹਨ। ਭਗਤ ਸਿੰਘ ਉਨ੍ਹਾਂ ਦੇ ਗੁੱਸੇ ਨੂੰ ਇੱਕ ਸਿਆਸੀ ਮਕਸਦ ਦਿੰਦਾ ਹੈ, ਗਾਂਧੀ ਉਨ੍ਹਾਂ ਦੇ ਦਿੱਤੇ ਵਿਰੋਧ-ਮੁਕਾਬਲੇ ਨੂੰ ਇੱਕ ਜਨਤਕ ਤਰੀਕਾ, ਅਤੇ ਅੰਬੇਡਕਰ ਉਨ੍ਹਾਂ ਦੀਆਂ ਮੰਗਾਂ ਨੂੰ ਹੱਕਾਂ ਦਾ ਹੱਕੀ-ਰੁਤਬਾ। ਬਿਨਾ ਅਨੁਸ਼ਾਸਨ ਦੇ ਗੁੱਸਾ ਆਪਣੇ ਆਪ ਨੂੰ ਹਿੰਸਾਤਮਕਤਾ ਰਾਹੀਂ ਥਕਾਅ ਸਕਦਾ ਹੈ; ਨਿਰਾ ਅਨੁਸ਼ਾਸਨ ਹੋਵੇ ਅਤੇ ਢਾਂਚੇ ਵਿਚ ਤਬਦੀਲੀ ਬਾਰੇ ਕੋਈ ਮੰਗ ਨਾ ਹੋਏ ਤਾਂ ਨਿਰਾ ਜਰਨਾ ਬਣ ਸਕਦਾ ਹੈ; ਅਤੇ ਬਿਨਾ ਦਬਾਅ ਪਾਈ ਰੱਖਣ ਵਾਲੇ ਜਾਗਦੇ-ਨਾਗਰਿਕਾਂ ਵਾਲਾ ਸੰਵਿਧਾਨਵਾਦ ਤਾਂ ਸਿਰਫ਼ ਕਿਤਾਬ ਵਿਚ ਸਾਂਭੇ ਅੱਖਰ ਬਣ ਕੇ ਰਹਿ ਜਾਏਗਾ।

ਸਫ਼ਾ 36 ਵੇਖੋ

# ਪ੍ਰੀਤ ਨਗਰ- ਏਸ਼ੀਆ ਵੱਲ ਖੁੱਲ੍ਹਦਾ ਦਰਵਾਜ਼ਾ (Door To Asia)? ਪੂਨਮ ਸਿੰਘ

**ਪ੍ਰੀਤ ਲੜੀ** ਪਰਿਵਾਰ ਦੀ ਚੌਥੀ ਪੀੜ੍ਹੀ ਦੀ ਅਗਵਾਈ ਵਿਚ, 'ਪ੍ਰੀਤ ਨਗਰ ਰੈਜ਼ੀਡੈਂਸੀ' ਨਾਂ ਦੀ ਇੱਕ ਸੰਸਥਾ ਬਣਾਈ ਗਈ ਹੈ, ਜਿਸ ਵੱਲੋਂ ਪ੍ਰੀਤ ਲੜੀ ਨਾਲ ਜੁੜੀ ਇੱਕ 70 ਕੁ ਸਾਲ ਪੁਰਾਣੀ ਰਿਹਾਇਸ਼ੀ ਇਮਾਰਤ ਵਿਚ ਕੁਝ ਲੋਕ/ ਟੋਲੀਆਂ ਬੁੱਕਿੰਗ ਕਰਾਅ ਕੇ ਆ ਕੇ ਰਹਿੰਦੇ ਹਨ- ਕੋਈ ਦੋ ਦਿਨ, ਕੋਈ ਮਹੀਨਾ! ਇਹ ਸੈਲਾਨੀ ਹੋ ਸਕਦੇ ਹਨ ਜੋ ਦੂਰ ਦੁਰੇਡੇ ਸ਼ਾਂਤ ਥਾਂ ਵਿਚ ਜਾ ਕੇ ਕੁਝ ਪੜ੍ਹਨਾ, ਲਿਖਣਾ ਚਾਹੁੰਦੇ ਹਨ, ਜਾਂ ਅਰਾਮ ਕਰਨਾ ਹੀ- ਅਤੇ ਜਾਂ ਤਰ੍ਹਾਂ ਤਰ੍ਹਾਂ ਦੀਆਂ ਟੋਲੀਆਂ: ਕੋਈ ਫ਼ਿਲਮ ਬਨਾਉਣ ਵਾਲੀ, ਕੋਈ ਗ਼ੈਰ ਸਰਕਾਰੀ ਸੰਸਥਾ ਜੋ ਨਵੀਆਂ ਪੀੜ੍ਹੀਆਂ ਵਿੱਚੋਂ ਜ਼ਿੰਮੇਦਾਰ ਰਾਜਨੀਤਕ ਅਤੇ ਸਮਾਜਕ ਨੇਤਾ ਬਨਾਉਣੇ ਚਾਹੁੰਦੀਆਂ ਹਨ, ਕਿਸੇ ਯੂਨੀਵਰਸਿਟੀ ਦੇ ਕਿਸੇ ਵਿਭਾਗ ਦੇ ਵਿਦਿਆਰਥੀ ਆਪਣੇ ਅਧਿਆਪਕਾਂ ਸੰਗ...ਇਹ ਇਮਾਰਤ, 'ਪ੍ਰੀਤ ਘਰ' ਮੀਟਿੰਗਾਂ, ਕਾਰਜਸ਼ਾਲਾਵਾਂ, ਆਦਿ, ਲਈ ਕੁਝ ਘੰਟਿਆਂ ਤੋਂ ਲੈ ਕੇ ਕੁਝ ਦਿਨਾਂ ਲਈ ਦਿੱਤੀ ਜਾਂਦੀ ਹੈ। ਓਥੇ ਨਿੱਜੀ ਤੌਰ ਉੱਤੇ ਇੰਤਜ਼ਾਮ ਅਤੇ ਸੁਰੱਖਿਆ ਦਾ ਇੰਤਜ਼ਾਮ ਵੇਖਦੇ ਹਾਂ। ਇਹ ਉੱਦਮ ਵੀ ਸਾਂਝੀ ਰਹਿਣੀ ਅਤੇ ਸਾਂਝੇ ਖਾਣਪਾਣ ਦੇ ਇੱਕ ਉਦਾਹਰਣ ਵਾਂਗ ਵੇਖਿਆ ਜਾ ਸਕਦਾ ਹੈ। ਲੋਕਲ ਸਕੂਲਾਂ ਦੇ ਬੱਚੇ ਵੀ ਇੱਥੇ ਜਾਣਕਾਰੀ/ ਸ਼ਖ਼ਸੀਅਤ ਉਸਾਰੀ ਲਈ ਸੱਦੇ ਜਾਂਦੇ ਹਨ। ਬਹੁਤ ਇੱਛਾ ਹੈ ਇਸ ਨੂੰ ਨਾਟਕ-ਸਿਖਲਾਈ/ਸ਼ਖ਼ਸੀਅਤ ਉਸਾਰੀ ਲਈ ਇੱਕ 'ਸਕੂਲ' ਵਾਂਗ ਵੀ ਵਧਾਉਣ ਦੀ।

ਬੰਗਲੌਰ ਦੇ ਜੱਗ ਮਸ਼ਹੂਰ ਕਲਾ, ਡਿਜ਼ਾਈਨ, ਤਕਨਾਲੋਜੀ ਕਾਲਜ 'ਸ੍ਰਿਸ਼ਟੀ' ਨੇ ਆਪਣੀ ਇੱਕ ਪੂਰੀ ਜਮਾਤ ਇੱਥੇ ਕਈ ਦਿਨਾਂ ਲਈ ਖ਼ਾਸ ਭੇਜੀ ਸੀ- ਪ੍ਰੀਤਨਗਰ- ਪੰਜਾਬ ਦੇ ਵਿਲੱਖਣ ਇਤਿਹਾਸ, ਅਮੀਰ ਸਭਿਆਚਾਰ, ਦੇਸ਼ ਵੰਡ, ਜੰਗਾਂ ਅਤੇ ਦਹਿਸ਼ਤਵਾਦ ਬਾਰੇ ਸਿੱਧੀ ਜਾਣਕਾਰੀ ਲੈ ਕੇ ਆਪਣੀ ਜਾਗਰੂਕਤਾ ਵਿਚ ਵਾਧਾ ਕਰਨ ਲਈ। ਉਹ ਹਰ ਸਾਲ ਅਜਿਹੀ ਇੱਕ ਜਮਾਤ ਭੇਜਣ ਦੀ ਵਿਓਂਤ ਬਣਾਅ ਰਹੇ ਹਨ। ਸਮੇਂ ਸਮੇਂ ਉੱਤੇ ਅਸੀਂ ਆਪਣੇ ਪਾਠਕਾਂ ਨੂੰ ਇਨ੍ਹਾਂ ਸਰਗਰਮੀਆਂ ਬਾਰੇ ਜਾਣਕਾਰੀ ਵੀ ਦਿੰਦੇ ਰਹੇ ਹਾਂ। ਸਾਡੇ ਮੌਸਮਾਂ ਨੂੰ ਵੇਖ ਕੇ, ਸਤੰਬਰ ਤੋਂ ਫ਼ਰਵਰੀ ਦਾ ਸਮਾਂ ਹੀ ਇੱਥੇ ਵੱਧ ਸਰਗਰਮੀ ਰਹਿ ਸਕਦੀ ਹੈ।

ਅੱਜ ਤੁਹਾਨੂੰ ਇੱਕ 'ਡੋਰ ਟੂ ਏਸ਼ੀਆ' ਪ੍ਰਾਜੈਕਟ ਦੇ ਪ੍ਰੀਤ ਨਗਰ ਨਾਲ ਬਣ ਅਤੇ ਵਧ ਰਹੇ ਰਿਸ਼ਤੇ ਬਾਰੇ ਦੱਸਦੇ ਹਾਂ ਜਿਸ ਨੂੰ 'ਟੋਯੋਟਾ' ਵਗੈਰਾ ਵੀ ਸਪਾਂਸਰਸ਼ਿਪ ਦਿੰਦੇ ਹਨ- ਇਹ ਪਹਿਲਾਂ ਵੀ ਦੋ ਤਿੰਨ ਫੇਰੀਆਂ ਪਾ ਚੁੱਕੇ ਹਨ, ਜਾਪਾਨੀ ਨੌਜਵਾਨ 'ਮਿਕੀ' ਦੀ ਅਗਵਾਈ ਵਿਚ। ਇਹ ਪੂਰਬੀ ਏਸ਼ੀਆ ਦੇ ਕਲਾਕਾਰ, ਆਦਿ, ਸਿਰਜਣਸ਼ੀਲ ਨੌਜਵਾਨ ਲੋਕਾਂ ਨੂੰ ਇੱਥੇ ਲਿਆਉਂਦੇ ਹਨ- ਅਤੇ ਪ੍ਰੀਤ ਨਗਰ ਦੇ 'ਬੂਹੇ' ਰਾਹੀਂ ਪ੍ਰੀਤ ਨਗਰ ਅਤੇ ਆਲੇ ਦੁਆਲੇ ਦੇ ਬੱਚਿਆਂ, ਆਮ ਲੋਕਾਂ, ਕਲਾਕਾਰਾ, ਲੇਖਕਾਂ, ਇਤਿਹਾਸਕਾਰਾ, ਕਾਰੀਗਰਾਂ, ਇੰਡਸਟ੍ਰੀਅਲਿਸਟਾਂ, ਆਦਿ, ਨਾਲ ਸਿੱਧਾ ਤਾਲਮੇਲ ਕਰਾਉਂਦੇ ਹਨ, ਦੋਹਾਂ ਧਿਰਾਂ ਦੇ ਫ਼ਾਇਦੇ ਲਈ। ਕੁਝ ਬਿਜ਼ਨਸ ਵੀ ਦਿੰਦੇ ਹਨ। ਸ਼ੌਕ ਨਾਲ ਸਾਡੀ ਰੋਟੀ ਖਾਂਦੇ ਹਨ।

ਇਸ ਵਾਰ ਆਏ 7-8 ਜਵਾਨ ਲੋਕ ਜਾਪਾਨ ਤੋਂ ਇਲਾਵਾ ਕੰਬੋਡੀਆ, ਫ਼ਿਲਿਪੀਨਜ਼, ਸਿੰਗਾਪੋਰ ਤੋਂ ਆਏ ਸਨ। ਦੋ ਜਣੇ ਪਹਿਲੀ ਵਾਰ। ਪਹਿਲਾਂ ਚੰਡੀਗੜ੍ਹ ਵਿਚ ਦੋ ਕੁ ਦਿਨਾਂ ਤੋਂ ਬਾਅਦ, ਜਿੱਥੇ ਪੰਜਾਬੀ ਦੇ ਉੱਭਰਦੇ ਗਾਇਕ ਅਤੇ ਗੀਤ ਲੇਖਕਾਂ ਨਾਲ ਚੰਗੀ ਸ਼ਾਮ ਰਹੀ, ਇਨ੍ਹਾਂ ਨੂੰ ਬਟਾਲੇ ਨੇੜੇ ਅਨੂਠੇ ਬਾਬਾ ਆਇਆ ਸਿੰਘ ਸਕੂਲ ਵਿਖਾਉਣ ਲਿਜਾਇਆ ਗਿਆ, ਸਟੋਲ ਅਤੇ ਕੱਪੜਾ ਬਨਾਉਣ ਵਾਲੀਆਂ ਫ਼ੈਕਟਰੀਆਂ, ਪ੍ਰਿੰਟਿੰਗ ਪ੍ਰੈੱਸ ਵਿਖਾਈ ਗਈ। ਹਰਿ ਮੰਦਰ ਸਾਹਿਬ ਦੇ ਦਰਸ਼ਨ ਅਤੇ ਲੰਗਰ ਖ਼ਾਸ ਰਿਹਾ। ਤਰ੍ਹਾਂ ਤਰ੍ਹਾਂ ਦੇ ਪਕਵਾਨ ਖੁਆਏ ਗਏ, ਖ਼ਰੀਦੋ ਫ਼ਰੋਖ਼ਤ ਕੀਤੀ ਗਈ। ਅੰਮ੍ਰਿਤਸਰ ਵਿਚ ਦਲਜੀਤ ਸੋਨਾ ਦੇ ਸਮਰਪਤ ਉੱਦਮ ਨਾਲ ਉਨ੍ਹਾਂ ਦੇ ਘਰ ਦੀ ਛੱਤ ਉੱਤੇ ਹੀ ਬਣੇ ਬਹੁਤ ਨਿੱਕੇ ਜਿਹੇ ਪਰ ਵੱਡੀਆਂ ਮੱਲਾਂ ਮਾਰਦੇ, ਪ੍ਰੇਰਣਾ ਭਰੇ 'ਸਾਡਾ ਨਾਟ ਘਰ' ਵਿਚ, ਜਿੱਥੇ ਸ਼ਾਇਦ 298 ਸੋਮਵਾਰਾਂ ਤੋਂ ਅਟੁੱਟ ਨਾਟਕ ਚੱਲ ਰਹੇ ਹਨ, ਬੱਚਿਆਂ ਅਤੇ ਵੱਡਿਆਂ ਵੱਲੋਂ ਤਿਆਰ, ਦੋ ਨਾਟਕ ਵਿਖਾਏ ਗਏ। ਇੱਕ ਤਾਂ ਪਲਾਸਟਿਕ ਵੱਲੋਂ ਪਾਈ ਆਫ਼ਤ ਦੇ ਵਿਸ਼ੇ ਉੱਤੇ ਬਹੁਤ ਜ਼ਬਰਦਸਤ, ਦੂਜਾ ਅਜੇ ਤਿਆਰੀ ਵਿਚ ਹੀ, ਪਾਕਿਸਤਾਨ ਦੇ ਲਿਖਾਰੀ ਦਾ- ਈਸਾਈਓਂ ਮੁਸਲਮਾਨ ਬਨਣ ਦੇ ਨਾਜ਼ੁਕ ਵਿਸ਼ੇ ਉੱਤੇ। ਪ੍ਰੀਤ ਨਗਰ ਦੇ ਸਰਕਾਰੀ ਸਕੂਲ ਦੇ ਸਾਰੇ ਬੱਚੇ, ਅਤੇ ਫੇਰ ਸ਼ਾਮ ਨੂੰ ਪ੍ਰੀਤ ਨਗਰ ਦੇ ਜੋਸ਼ੀਲੇ ਬੱਚੇ ਅਤੇ ਮੁਟਿਆਰਾਂ (ਜਿਨ੍ਹਾਂ ਸ਼ੌਕ ਨਾਲ ਗਿੱਧਾ ਵਿਖਾਇਆ ਜਿਸ ਵਿਚ ਇਹ ਮਹਿਮਾਨ ਵੀ ਸ਼ਾਮਿਲ ਹੋ ਗਏ) -ਇਨ੍ਹਾਂ ਮਹਿਮਾਨਾਂ ਦੇ ਖ਼ਾਸ ਆੜੀ ਬਣ ਗਏ, ਆਪਣੇ ਘਰਾਂ ਨੂੰ ਲੈ ਲੈ ਕੇ ਗਏ, ਇਨ੍ਹਾਂ ਨਾਲ ਨੱਚੇ, ਗੰਵੇ। ਭੰਡਾਂ ਵੀ ਕਿਤਿਓਂ ਆ ਕੇ ਕੁਝ ਵਿਖਾਇਆ- ਕੁਝ ਮਦਦ ਲਈ ਅਰਜ਼ ਕੀਤੀ- ਅਖੇ 'ਸਾਡੇ ਬੱਚੇ ਹੁਣ 'ਏਧਰ ਨੂੰ' ਨਹੀਂ ਆਉਂਦੇ'।

ਇਮਾਰਤ ਦੀ ਵੱਡੀ ਸਾਰੀ ਛੱਤ ਉੱਤੇ ਇੱਕ ਖ਼ਾਸ ਤਜਰਬਾ ਕੀਤਾ ਗਿਆ ਕਿ - ਚੰਡੀਗੜ੍ਹੋਂ ਓਹੀ ਨੌਜਵਾਨ ਗਾਇਕ ਅਤੇ ਗੀਤਕਾਰ ਖ਼ਾਸ ਇੱਕ ਸ਼ਾਮ ਅਤੇ ਰਾਤ ਲਈ ਆਏ ਅਤੇ ਬਾਕਾਇਦਾ ਮਹਿਫ਼ਿਲ ਸਜਾਉਣ ਵਾਂਗ ਅਤੇ ਮਾਈਕਾਂ ਨਾਲ ਕੁਝ ਘੰਟੇ ਸੰਗੀਤ ਪ੍ਰੋਗ੍ਰਾਮ ਚੱਲਿਆ। ਇਹ ਅਕਸਰ ਪੰਜਾਬੀ ਦੇ ਗੀਤ ਸਨ, ਪਰ ਇੱਕ ਦੋ ਅੰਗ੍ਰੇਜ਼ੀ ਦੇ ਵੀ। ਦਿੱਲਿਓਂ ਸੁਮਿਤਾ ਦੀਦੀ ਦੇ ਉੱਦਮ ਨਾਲ ਰੇਖਾ ਰਾਜ, ਇੱਕ ਪਰਮੰਨੀ ਗਾਇਕਾ, ਨੇ ਵਧੀਆ ਹਿੱਸਾ ਪਾਇਆ। ਕੰਬੋਡੀਆ ਅਤੇ ਜਾਪਾਨ ਦੀਆਂ ਕਲਾਕਾਰ ਕੁੜੀਆਂ ਅਤੇ ਮੁੰਡਿਆਂ ਨੇ ਬੱਚਿਆਂ ਲਈ ਅਤੇ ਸ਼ਾਮ ਦੇ ਪ੍ਰੋਗਰਾਮ ਲਈ ਖ਼ਾਸ ਸਜਾਵਟ ਕੀਤੀ ਸੀ- ਕੱਪੜੇ ਅਤੇ ਕਾਗਜ਼ ਦੀਆਂ ਕਾਤਰਾਂ ਨਾਲ, ਰੱਸੀਆਂ ਉੱਤੇ ਪੱਤੇ ਵੀ ਟੰਗ, ਬੜੀ ਸ਼ਿੱਦਤ ਨਾਲ ਖ਼ੂਬ ਰੰਗ ਬੰਨ੍ਹਿਆ। ਅਕਤੂਬਰ ਅੰਕ ਦੇ ਮੁੱਖ ਸਫ਼ੇ ਉੱਤੇ ਇਹੀ ਸਜਾਵਟ ਛੱਤ ਉੱਤੇ ਕੀਤੀ ਜਾ ਰਹੀ ਵਿਖ ਰਹੀ ਹੈ। ਚੰਡੀਗੜ੍ਹੋਂ ਨੌਜਵਾਨ ਫ਼ੋਟੋਕਾਰ 'ਕਿਸਮਤ' ਨੇ ਅਤੇ ਵੀਡੀਓ ਟੀਮ ਨੇ ਫ਼ੋਟੋਆਂ ਖਿੱਚੀਆਂ, ਵੀਡੀਓ ਬਣਾਏ ਜੋ ਇੰਸਟਾਗ੍ਰਾਮ ਉੱਤੇ preetnagarresidency ਵਿਚ ਦਿਸਦੇ ਹਨ।

'ਡੋਰ ਟੂ ਏਸ਼ੀਆ' ਨੂੰ ਪ੍ਰੀਤ ਲੜੀ ਦੀ ਆ ਰਹੀ ਸੌਵੀਂ ਵਰ੍ਹੇਗੰਢ ਦਾ ਬਹੁਤ ਚਾਅ ਹੈ, ਇੱਕ ਵਧੀਆ ਕੌਫ਼ੀ ਟੇਬਲ ਕਿਤਾਬ ਕੱਢਣਾ ਚਾਹੁੰਦੇ ਹਨ ਜਿਸ ਵਿਚ ਲੇਖਕਾਂ, ਪਾਠਕਾਂ, ਮਿੱਤਰਾਂ ਵੱਲੋਂ ਨਿੱਕੀਆਂ ਨਿੱਕੀਆਂ ਟਿੱਪਣੀਆਂ ਹੋਣ। (ਇਸ ਵਾਸਤੇ ਅਜੇ ਵੀ ਲਿਖ ਕੇ ਭੇਜਿਆ ਜਾ ਸਕਦਾ ਹੈ!)

ਸਾਡੀ ਜਾਚੇ ਇਹੋ ਜਿਹੇ ਉੱਦਮ ਚੰਗੇ ਨਤੀਜੇ ਦੇ ਸਕਦੇ ਹਨ। ਇਹੀ ਸਾਡੀ ਗਾਂਧੀ, ਟੈਗੋਰ, ਸੁਭਾਸ਼ ਬੋਸ, ਭਗਤ ਸਿੰਘ ਅਤੇ ਅੰਬੇਡਕਰ ਲਈ ਵੀ ਸ਼ਰਧਾਂਜਲੀ ਹੈ। ਪੰਜਾਬੀਓ, ਪ੍ਰੀਤ ਨਗਰ ਦੀ ਰਿਵਾਇਤ ਅਤੇ ਕਲਚਰ ਦਾ ਬਣਨਾ ਕੋਈ ਛੋਟੀ ਚੀਜ਼ ਨਹੀਂ! – ਇਸ ਨੂੰ ਸਾਂਭਣਾ ਵੀ ਇਨਕਲਾਬੀ ਕਾਰਜ ਹੈ।

ਬਹੁਤ ਖ਼ੁਸ਼ੀ ਹੈ ਕਿ ਮੁੰਬਈ ਤੋਂ ਸਈਦ ਮਿਰਜ਼ਾ, 'ਅਲਬਰਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ' ਦੇ ਨਿਰਦੇਸ਼ਕ, ਕੁਝ ਮਸ਼ਹੂਰ ਚੇਲਿਆਂ ਅਤੇ ਤਕਨੀਸ਼ਨਾਂ ਨਾਲ, ਪ੍ਰੀਤ ਨਗਰ ਰੈਜ਼ੀਡੈਂਸੀ ਤਿੰਨ ਕੁ ਦਿਨ ਰਹਿਣਗੇ, ਅਕਤੂਬਰ-ਅੱਧ ਵਿਚ। ਇੱਛਾ ਤਾਂ ਉਨ੍ਹਾਂ ਦੀ ਇਹ ਵੀ ਹੈ ਕਿ ਲੰਮਾ ਚਿਰ ਇੱਥੇ ਹੀ ਰਹਾਂਗਾ, ਹੁਣ!

ਪ੍ਰੀਤ ਲੜੀ

THE OLDEST
LITERARY
PUNJABI MAGAZINE
IN THE WORLD

ਅੰਕ # 10
ਕੁਲ ਅੰਕ 947
ਅਕਤੂਬਰ 2026

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ
ਸੰਪਾਦਕ ਸੁਮੀਤ
ਸਿੰਘ ਦੀ ਯਾਦ
ਵਿਚ ਅਤੇ ਸ੍ਰੀ
ਪੀ ਐੱਚ ਵੈਸ਼ਨਵ
(IAS) ਮਰਹੂਮ ਦੇ
ਅਨੂਠੇ ਉਤਸ਼ਾਹ
ਦੇਣ ਸਦਕਾ
ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT,
NON-PROFIT PUBLICATION. WE RELY ON THE
SUPPORT OF OUR READERS AND PATRONS.
TO ENQUIRE ABOUT WAYS YOU CAN
COLLABORATE AND SUPPORT PREET LARI,
PLEASE CONTACT PREETLARHI@GMAIL.COM

| | |
|---|---|
| ₹ 50 | ਮੁੱਲ |
| ₹ 600 | ਸਾਲਾਨਾ ਚੰਦਾ |
| ₹ 25,000 | ਜੀਵਨ ਸਾਥ (ਭਾਰਤ) |
| ₹ 4,000 | ਵਿਦੇਸ਼ ਸਲਾਨਾ |
| ₹ 8,000 | ਵਿਦੇਸ਼ ਸੰਸਥਾਵਾਂ ਸਲਾਨਾ |

https://preetlari.in
Preet Lari's Blog

@preetlarimagazine on
Instagram
@preetnagarresidency
facebook.com/groups/
preetlari magazine

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

**FOR BANK TRANSFER,**
**OUR BANK ACCOUNT :**
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
*FOR UPI/GOOGLEPAY*
*9876263725*

CONTACT:
PREET LARI,
VILLAGE PREET NAGAR
(DISTT AMRITSAR ) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

"ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ।"

ਮੁਖ ਸਫ਼ਾ: ਪ੍ਰੀਤ ਘਰ, ਪ੍ਰੀਤ ਨਗਰ ਦੀ ਛੱਤ ਉੱਤੇ ਬਹੁ-ਰਾਸ਼ਟਰੀ ਮਹਿਫਿਲ ਦੀ ਤਿਆਰੀ   ਤਸਵੀਰ: Kismet Jewell Nakai



ਸੰਪਾਦਕਾ, ਪ੍ਰੀਤ ਲੜੀ

ਸ ਸੰਪਾਦਕੀ
ਭ ਭਖਦਾ
ਕਿ ਕਵਿਤਾ
ਨਾ ਨਾਟਕ

ਕ ਕਹਾਣੀ
ਯ ਯਾਦ
ਜ ਜਾਣਕਾਰੀ
ਹ ਹਾਸ ਰਸ

ਦ ਦਾਰ ਜੀ ਨੂੰ ਯਾਦ ਕਰਦਿਆਂ
ਨ ਨਵੀਂ ਕਿਤਾਬ
ਲ ਲੜੀਵਾਰ
ਮੁ ਮੁਲਾਕਾਤ

ਬ ਬਾਲਾਂ ਲਈ
ਹੁੰ ਹੁੰਗਾਰੇ
E English Matter

**ਭੁੱਲ ਦੀ ਸੋਧ-**

ਸਤੰਬਰ ਮਹੀਨੇ ਛਪਿਆ ਲੇਖ "ਪ੍ਰੀਤ ਲੜੀ ਮੇਰੇ ਲਈ ਮਾਂ, ਅਧਿਆਪਕ, ਮਿੱਤਰ, ਆਗੂ" ਦਵਿੰਦਰ ਦਮਨ ਜੀ ਦਾ ਲਿਖਿਆ ਹੈ।


03 ਸੰ ਪ੍ਰੀਤ ਨਗਰ- ਏਸ਼ੀਆ ਵੱਲ ਖੁੱਲ੍ਹਦਾ ਦਰਵਾਜ਼ਾ? — ਪੂਨਮ ਸਿੰਘ
02 ਭ ਭਗਤ ਸਿੰਘ ਇਕੱਲਾ ਹੀ ਨਹੀਂ ਆਉਂਦਾ — ਹਰੀਸ਼ ਜੈਨ
41 ਦ ਪ੍ਰੀਤ ਮੇਲ ਅਤੇ ਪ੍ਰੀਤ ਮਿਲਣੀ (ਅਗਸਤ-ਨਵੰਬਰ 1936) — ਗੁਰਬਖ਼ਸ਼ ਸਿੰਘ
06 ਕਿ ਕਹਿੰਦੇ ਨੇ ਕਿ ਮਰਨੋਂ ਪਹਿਲਾਂ ਇਕ ਵਾਰ ਜ਼ਰੂਰ — ਸਕੱਾਰ ਪੋਇਟਰੀ
18 ਭ ਜਦੋਂ ਕਾਹਨ ਸਿੰਘ ਨੇ ਮਰਨੋਂ ਬਚਾਅ ਲਿਆ — ਵਰਿਆਮ ਸਿੰਘ ਸੰਧੂ

07 ਕ ਅਣਛੋਹੀਆਂ ਤਾਰਾਂ ਜਦੋਂ ਬੋਲੀਆਂ — ਪਰਮਜੀਤ ਕੌਰ
09 ਕ ਹੱਸਿਆਂ ਹੀ ਨਿਰਵਾਣ ਮਿਲੇਗਾ — ਅਮਤੋਜ ਸਿੰਘ ਰਿਆੜ
13 ਕ ਮਾਸੀ — ਸੁਰਿੰਦਰ ਸਿੰਘ ਰਾਇ
24 ਕ ਧੀ ਦਾ ਘਰ ਨਹੀਂ, ਧੀ ਜ਼ਰੂਰੀ ਹੈ — ਡਾ. ਵਿਜੈ ਗਰਗ
29 ਲ ਬਰਫ਼ੀਲੇ ਡਾਲਰ -ਜ਼ਿੰਦਗੀ — ਗੁਰਮੇਲ ਬੀਰੋਕੇ
31 ਯ ਛਲੇਡੇ ਦੀ ਡੈੱਡ ਵੈਲੀ — ਚੰਨਣ ਸਿੰਘ
32 ਯ ਫ਼ਰਕ — ਰਵਿੰਦਰ ਫਫੜੇ
37 ਯ ਦਾਦੇ, ਮੈਂ ਤੇਰੇ ਲਈ ਨੌਕਰੀ ਲੱਭੀ ਐ — ਪ੍ਰਸਾਦ ਮੋਦਕ

12 ਕਿ ਰਫ਼ਿਊਜੀ ਦਾ ਐਲਾਨ — ਲੇ ਲੇ ਪਥਜਲ
17 ਕਿ ਰੂਪ ਕਿਰਨ; ਜਦ ਸੁਣਿਆ.. — ਮਦਨ ਲਾਲ ਦੀਦੀ
46 ਕਿ ਨੀਂਦ — ਪਰਮਜੀਤ ਕੌਰ, ਨਾਭਾ

25-28 ਨਿੱਕਿਆਂ ਦੀ ਨੁੱਕਰ

08 ਹੁੰ ਇਕ ਖਤ ਪ੍ਰੀਤ ਲੜੀ ਨੂੰ — ਡਾ. ਦੀਦਾਰ ਸਿੰਘ
33 ਜ ਸਭ ਤੋਂ ਪੁਰਾਣੀ ਲਿਖੀ ਕਹਾਣੀ- ਤੇ ਇਸ ਵਿਚ ਨਾਰੀ ਦੀ ਥਾਂ ! (ਗਿਲਗਮੇਸ਼ ਅਤੇ ਏਨਕਿਡੋ)
40 ਜ ਸਿੰਧ ਦੇ ਮਸ਼ਹੂਰ ਰੇਡੀਓ ਫ਼ਨਕਾਰ ਸੱਯਦ ਸਾਲੇਹ ਮੁਹੰਮਦ ਸ਼ਾਹ
44 ਜ ਖੰਡ ਦੀ ਅਸਲੀ ਕੀਮਤ — ਸਦਫ਼ ਹੁਸੈਨ
46 ਜ ਜਾਗੋ ਗ੍ਰਾਹਕ ਜਾਗੋ (ਘਟੀਆ ਨਕਲੀ ਦੰਦ) — ਪੂਨਮ ਸਿੰਘ

35 ਲ ਮੀਨਾ ਕੁਮਾਰੀ ਦੀ ਡਾਇਰੀ-2
40 ਲ ਰੇਡੀਓ ਦੀਆਂ ਯਾਦਾਂ -32 — ਦੇਵਿੰਦਰ ਮਹਿੰਦਰੂ

47 E Maafi, Kafi, Anchahi: the unwanted daughters in Haryana's voter rolls — Sameeksha
48 E NEW BOOk "Unclaimed" The Fault Lines Beneath the Normal — Vandana Shukla
49 E I see you in my sleep / Awake, you are an absence I endure: — Mukul Kesavan
50 E A Wise Quote Love Is- A card from An Almanac of Birds: 100 Divinations for Uncertain Days — Maria Popova
50 E Inclusive Capitalism — by Prasad Modak




ਗੁਰਬਖ਼ਸ਼ ਸਿੰਘ, ਨਵਤੇਜ ਸਿੰਘ

# ਕਹਿੰਦੇ ਨੇ ਕਿ ਮਰਨੋਂ ਪਹਿਲਾਂ ਇੱਕ ਵਾਰ ਜ਼ਰੂਰ...
## -ਸਕੱਾਰ ਪੋਇਟਰੀ (ਪ੍ਰਿਸ/ਕਾਰ ਨਜੇਰੀ) ਕੈਨਯਾ)



ਕਹਿੰਦੇ ਨੇ ਕਿ ਮਰਨੋਂ ਪਹਿਲਾਂ
ਇੱਕ ਵਾਰ ਜ਼ਰੂਰ
ਲੈ ਲੈਣਾ ਚਾਹੀਦਾ ਹੈ ਤਜਰਬਾ
ਕਿਸੇ ਕਲਾਕਾਰ ਦੀ ਮੁਹੱਬਤ ਦਾ
ਇਹ ਵੀ ਕਹਿੰਦੇ ਹੁੰਦੇ ਨੇ ਕਿ
ਜਾਦੂ ਦੀ ਪੈਂਦੀ ਹੁੰਦੀ ਹੈ
ਇੱਕ ਕੀਮਤ ਤਾਰਨੀ
ਸੱਚੀ ਗੱਲ ਤਾਂ ਇਹ ਹੈ ਕਿ
ਕਿਸੇ ਕਲਾਕਾਰ ਦੀ ਮੁਹੱਬਤ
ਜਾਦੂ ਹੀ ਹੈ, ਜੇ ਮਿਲੇ
ਪਰ ਮਿਲਦੀ ਹੈ ਇੱਕ ਕੀਮਤ ਤਾਰ।

ਮੈਂ ਤੈਨੂੰ ਅਮਰ ਕਰ ਦਿਆਂਗੀ
ਭਾਵੇਂ ਤੂੰ ਚਾਹੇਂ ਭਾਵੇਂ ਨਾ
ਤੇਰੀ ਤਾਂ ਆਪੇ ਹੋ ਹੀ ਜਾਣੀ ਹੈ
ਹੋਂਦ, ਮੇਰੀ ਕਲਾ ਵਿਚ
ਮੇਰੀ ਮੁਹੱਬਤ ਅਤੇ ਮੇਰੀ ਕਲਾ
ਇੱਕੋ ਚੀਜ਼ ਜੋ ਹਨ।

ਮੈਂ ਤੈਨੂੰ ਕਵਿਤਾ ਲਿਖ ਕੇ ਭੇਜੀ,
ਕਹਿੰਦੀ, ਮੈਂ ਤੈਨੂੰ ਪਿਆਰ ਕਰਦੀ ਹਾਂ
ਪਰ ਜੇ ਸੱਚੀਂ ਤੈਨੂੰ ਪਿਆਰ ਕਰਦੀ ਹਾਂ-
ਤਾਂ ਤੇਰੇ ਲਈ ਕਵਿਤਾ ਨਹੀਂ
ਮੈਂ ਤਾਂ ਲਿਖਾਂਗੀ - ਤੈਨੂੰ ।
ਤੈਨੂੰ ਬਣਾਅ ਲਵਾਂਗੀ ਆਪਣੀ ਕਲਾ,
ਆਪਣੀ ਕਵਿਤਾ, ਆਪਣੀ ਲੈਅ,
ਆਪਣਾ ਵਿਸ਼ਾ।
ਤੇ ਭਾਵੇਂ ਇਹ ਕੋਈ ਨਾ ਜਾਣਦਾ ਹੋਏ
ਜਦੋਂ ਉੱਠ ਕੇ ਸੁਣਾਵਾਂਗੀ ਇਹ
ਤੂੰ ਜਾਣਦਾ ਹੋਵੇਂਗਾ ਹਮੇਸ਼ਾ
ਕਿ ਇਹ - ਤੂੰ ਹੈਂ।

ਤਾਂ ਜ਼ਰਾ ਸੋਚ ਵੇਖ!
ਉਹ ਜਿਹੜੀ ਜੰਗ ਸਾਡੀ ਹੋਈ ਸੀ
ਹੋ ਗਈ ਹੋਵੇ - ਅ-ਮਰ
ਉਹ ਵੇਲਾ ਜਦੋਂ ਮੈਂ ਤੈਨੂੰ
(ਹਾਇ!) ਰੁਆਇਆ ਵੀ ਤਾਂ ਸੀ!

ਉਹ ਅੱਲ੍ਹੜ ਜੋ ਅਜੇ ਜੰਮੇ ਵੀ ਨਹੀਂ
ਮੂੰਹ 'ਤੇ ਹੱਥ ਰੱਖ ਰੱਖ
ਆਪੋ ਵਿਚ ਥੋੜ੍ਹਾ ਥੋੜ੍ਹਾ ਹੱਸਣਗੇ
ਹੈਰਾਨੇ ਕਿ ਏਨਾ ਮਹਿਸੂਸ ਕਰਨਾ
ਕਿਹੋ ਜਿਹਾ ਲੱਗਦਾ ਹੋਏਗਾ ਭਲਾ
ਉਹ ਕਵਿਤਾ ਪੜ੍ਹਨਗੇ
ਸਾਹਿੱਤ ਦੀ ਕਲਾਸ 'ਚ, ਸਮਝਣ ਦੀ
ਕੋਸ਼ਿਸ਼ ਕਰਦੇ
ਕਿ ਕਿਹੋ ਜਿਹੀ ਹੁੰਦੀ ਹੋਏਗੀ ਭਲਾ
ਤੇਰੀ ਮੁਸਕ੍ਰਾਹਟ
ਭੇਤ ਲੱਭਣ ਦੀ ਕੋਸ਼ਿਸ਼ ਕਰਨਗੇ
ਖੌਰੇ ਕੌਣ ਹੈ ਉਹ- ਲਾਡਲਾ ਇਸਦਾ।
ਉਹ -ਤੂੰ ਹੈਂ।

ਮੈਂ ਲਿਖਾਂਗੀ ਉਹ ਗੱਲ ਵੀ ਕਿ
ਤੈਨੂੰ ਪਿਆਰ ਕਰਨ 'ਚ ਕਿਹੜੀ ਚੀਜ਼
ਹਤਾਸ਼ ਕਰ ਦਿੰਦੀ ਹੈ ਮੈਨੂੰ
ਉਹ ਗੱਲ ਜਿਹੜੀ ਤੈਨੂੰ ਦੱਸਣ ਦਾ
ਕਦੇ ਮੇਰਾ ਹੀਆ ਨਾ ਪਿਆ,
ਉਹ ਚੀਜ਼ ਜਿਸ ਨੂੰ, ਗੁਲਾਬਾਂ ਨਾਲ
ਢਕਦੀ ਰਹੀ, ਤੇਰੇ ਨਾਲ ਗੱਲ ਕਰਦਿਆਂ

ਆਪਣੀ ਕਵਿਤਾ 'ਚ ਕਦੇ ਮੈਂ ਤੈਨੂੰ
ਗੁਲਾਬਾਂ ਨਾਲ ਨਹੀਂ ਢਕਿਆ
ਇਹ ਹੈ ਉਹ ਥਾਂ ਜਿੱਥੇ ਮੈਂ
ਆਪਣੇ ਆਪ ਨਾਲ ਸਭ ਤੋਂ ਵੱਧ
ਇਮਾਨਦਾਰ ਹੁੰਦੀ ਹਾਂ।
ਸੋ ਜਦੋਂ ਤੂੰ ਸੁਣੇਂਗਾ ਮੇਰੀਆਂ ਉਹੀ
-ਔਖਾਂ
ਤੇਰਾ ਦਿਲ ...ਥੋੜ੍ਹਾ ਜਿਹਾ ...ਟੁੱਟੇਗਾ।

ਲਿਖਾਂਗੀ -
ਸਾਡੀਆਂ ਕੋਝੀਆਂ ਲੜਾਈਆਂ ਬਾਰੇ
ਤੈਨੂੰ ਉਹ ਕੁਝ ਸੱਦਦੀ
ਜੋ ਮੈਂ ਓਦੋਂ ਸੱਦਣਾ ਚਾਹੁੰਦੀ ਸੀ ਤੈਨੂੰ।
ਤੇ ਇਹ
ਮੈਂ ਕੋਈ ਕੋਸ਼ਿਸ਼ ਨਹੀਂ ਕਰਦੀ ਹੋਵਾਂਗੀ
ਤੈਨੂੰ ਦੁੱਖੀ ਕਰਨ ਦੀ
ਮੈਂ ਤਾਂ ਬੱਸ ਲਿਖ ਰਹੀ ਹੋਵਾਂਗੀ
ਤੇ ਆਪਣੀ ਲਿਖਤ ਵਿਚ ਤਾਂ,
ਮੈਂ ਆਪ ਵੀ ਨਹੀਂ ਲੁਕ ਸਕਦੀ ਹੁੰਦੀ
ਆਪਣੇ ਆਪ ਤੋਂ।

ਇਨ੍ਹਾਂ ਕਵਿਤਾਵਾਂ ਵਿਚ
ਸੱਚ ਤਿੱਖਾ ਸਾਫ਼ ਸਾਫ਼
ਸਾਹਮਣੇ ਨਿੱਤਰ ਆਉਂਦੈ
ਯਾਨੀ, ਪਤਾ ਇਹ ਲੱਗਦਾ ਹੈ ਕਿ -
ਨਹੀਂ, ਅਸਲ ਵਿਚ ਤਾਂ
ਮਾਫ਼ ਨਹੀਂ ਕੀਤਾ ਸੀ ਮੈਂ ਤੈਨੂੰ।
(ਹਾਂ, ਪਰ, ਜਾਨ ਲਾ ਰਹੀ ਹਾਂ ਮੈਂ
ਇਹ ਸੁਧਾਰਨ ਲਈ)

ਗੱਲ ਇਹ ਹੈ, ਕਿ ਇਹ ਕਵਿਤਾ
ਮੇਰੇ ਨਾਲ ਨਾਲ ਨਹੀਂ ਨਾ ਚੱਲਦੀ
ਯਾਨੀ, ਮੈਂ ਏਸ ਵੇਲੇ ਨਹੀਂ ਹਾਂ ਗੁੱਸੇ
ਪਰ ਇਹ ਕਵਿਤਾ
ਵਧਦੀ ਹੀ ਨਹੀਂ ਹੈ ਅੱਗੇ
ਤੇ ਜਿੰਨੀ ਵਾਰ ਵੀ ਮੈਂ ਇਹ ਸੁਣਾਵਾਂ
ਹਮੇਸ਼ਾ ਹੀ , ਰਹਿਣੀ ਹੀ ਹੈ ਇਹ,
ਇੱਕ ਨਰਾਜ਼ ਕਵਿਤਾ।

ਕੀ ਇਹੀ ਨਹੀਂ ਹੁੰਦਾ ਅ-ਮਰ-ਪੁਣਾ?
ਕਿ ਕੋਈ ਚੀਜ਼ ਜੋ ਜਿਸ ਤਰ੍ਹਾਂ ਦੀ ਹੈ
ਓਸੇ ਤਰ੍ਹਾਂ ਦੀ ਹੀ ਰਹੇ ਕਾਇਮ
ਹਮੇਸ਼ਾ ਹਮੇਸ਼ਾ?

ਲੋਕ ਕਹਿੰਦੇ ਹਨ ਬੜੇ ਕਮਾਲ ਦਾ ਹੁੰਦੈ
ਕਿਸੇ ਕਲਾਕਾਰ ਵੱਲੋਂ ਪਿਆਰਿਆ
ਜਾਣਾ, ਅਤੇ ਹਾਂ,
ਇਹ ਤਾਂ ਇਹ ਹੁੰਦਾ ਹੈ।

ਪਰ , ਅਸੀਂ ਅ-ਮਰ ਕਰ ਦਿਆਂਗੇ
ਤੇਰੀਆਂ ਗਲਤੀਆਂ
ਤੇਰੀਆਂ ਘਾਟਾਂ ਵੀ ਤਾਂ,
ਲੈ ਵੇਖ,
ਵੱਡਾ-ਵਿਖਾਉਣੇ ਲੈਂਸ ਵਿੱਚੋਂ,
ਉਹ ਚੀਜ਼ਾਂ, ਜੋ ਤੂੰ ਕਹਿੰਦੈਂ
ਤੈਨੂੰ ਨਹੀਂ ਦਿਸਦੀਆਂ ਆਪਣੇ ਵਿਚ।

ਸ਼ਾਇਦ ਏਸੇ ਲਈ ਸਾਨੂੰ ਸੱਦਦੇ ਹਨ
ਸਮਾਜ ਨੂੰ ਸ਼ੀਸ਼ਾ-ਵਿਖਾਉਣੇ

ਤੇ ਮੈਂ ਕੋਸ਼ਿਸ਼ ਕਰਦੀ ਹਾਂ -ਸੱਚੀਂ!
ਕਿ ਸਾਡੇ ਬਾਰੇ ਇਹ ਕਵਿਤਾਵਾਂ
ਜੱਗ-ਸਾਂਝੀਆਂ ਨਾ ਕਰਾਂ
ਪਰ ਫੇਰ
ਮੇਰੀ ਸਭ ਤੋਂ ਚੰਗੀ ਕਵਿਤਾ ਵੀ ਤਾਂ
ਓਦੋਂ ਹੀ ਲਿਖੀ ਜਾਂਦੀ ਹੈ, ਜਦੋਂ
ਹੋ ਗਈ ਹੁੰਦੀ ਹੈ ਮੈਨੂੰ ਮੁਹੱਬਤ

ਯਾਨੀ, ਮੁੱਕਦੀ ਗੱਲ ਇਹ, ਜੇ
ਤੂੰ ਮੈਨੂੰ ਮੁਹੱਬਤ ਕਰਨੀ ਹੈ,
ਤੈਨੂੰ ਪਤਾ ਹੋਣਾ ਚਾਹੀਦਾ ਹੈ
ਇਹ ਜਾਦੂ ਹੋ ਰਿਹਾ ਹੋਏਗਾ
ਤੇ ਹਰ ਜਾਦੂ ਦੀ
ਤਾਰਨੀ ਹੀ ਪੈਂਦੀ ਹੈ ਇੱਕ ਕੀਮਤ!

"Rafinki" open mic, FB, ਤੋਂ
ਅਨੁਵਾਦ- ਪੂਨਮ ਸਿੰਘ

# ਅਣਛੋਹੀਆਂ ਤਾਰਾਂ ਜਦੋਂ ਬੋਲੀਆਂ
# ਪਰਮਜੀਤ ਕੌਰ

**ਪਿੰਡ** ਬੂਹੀ ਦੇ ਬਜ਼ੁਰਗ ਤਰਲੋਕ ਸਿੰਘ ਦੇ ਪੁਰਾਣੇ ਫ਼ਾਊਂਟੈਨ ਪੈੱਨ ਦੀ ਸਿਆਹੀ ਭਾਵੇਂ ਦਹਾਕਿਆਂ ਪਹਿਲਾਂ ਹੀ ਸੁੱਕ ਚੁੱਕੀ ਸੀ, ਪਰ ਉਹਨਾਂ ਦੀਆਂ ਉਂਗਲਾਂ 'ਤੇ ਲੱਗੇ ਸਿਆਹੀ ਦੇ ਦਾਗ਼ ਕਦੇ ਫਿੱਕੇ ਨਾ ਪਏ।

ਤਰਲੋਕ ਸਿੰਘ ਨੂੰ ਸਾਰਾ ਪਿੰਡ ਇੱਕ 'ਖ਼ਮੋਸ਼ ਜੁਲਾਹੇ' ਵਜੋਂ ਜਾਣਦਾ ਸੀ। ਉਹ ਲੀੜਾ ਕੱਪੜਾ ਨਹੀਂ, ਸਗੋਂ ਟੁੱਟੇ ਹੋਏ ਸਾਜ਼— ਰਬਾਬ, ਸਿਤਾਰ ਤੇ ਦਿਲਰੁਬਾ- ਦੇ ਜ਼ਖ਼ਮੀ ਦਿਲਾਂ (ਤਾਰਾਂ ਤੇ ਸੁਰਾਂ) ਨੂੰ ਗੰਢਣ ਦਾ ਕੰਮ ਕਰਦੇ ਸਨ।

ਅਗਸਤ 1947 ਵਿੱਚ ਜਦੋਂ ਪੰਜਾਬ ਦੀ ਹਿੱਕ 'ਤੇ ਸਿਆਸੀ ਕੈਂਚੀ ਚੱਲੀ, ਤਾਂ ਸਿਰਫ਼ ਸਾਂਝੇ ਚੁੱਲ੍ਹੇ ਅਤੇ ਬਨੇਰੇ ਹੀ ਨਹੀਂ ਉੱਜੜੇ, ਸਗੋਂ ਇਸ ਧਰਤੀ ਦੇ ਸੁਰ ਵੀ ਖੇਰੂੰ ਖੇਰੂੰ ਹੋ ਗਏ।

ਤਰਲੋਕ ਸਿੰਘ ਦਾ ਲੰਗੋਟੀਆ ਯਾਰ ਸੀ ਨਸੀਮ, ਜੋ ਸਾਜ਼ਾਂ ਦੇ ਵਾਸਤੇ ਅਖਰੋਟ ਦੀ ਲੱਕੜ ਦੇ ਖੋਲ (ਢਾਂਚੇ) ਤਿਆਰ ਕਰਨ ਵਾਲਾ, ਮਾਹਿਰ-ਕਾਰੀਗਰ ਸੀ। ਦੋਵ੍ਹਾਂ ਦੀ 'ਜੁਗਲਬੰਦੀ' ਪੂਰੇ ਇਲਾਕੇ ਵਿੱਚ ਮਸ਼ਹੂਰ ਸੀ।

ਨਸੀਮ, ਅਖਰੋਟ ਤੇ ਟਾਹਲੀ ਦੀ ਪੀਡੀ ਲੱਕੜ ਨੂੰ ਤਰਾਸ਼ ਕੇ ਸਾਜ਼ਾਂ ਦੇ ਜਿਸਮ (ਖੋਲ) ਤਿਆਰ ਕਰਦਾ ਸੀ- ਤੇ ਤਰਲੋਕ ਉਸ ਬੇਜਾਨ ਕਾਠ ਵਿੱਚ ਤਾਰਾਂ ਦੀ ਫੂਕ ਮਾਰ ਕੇ, ਉਸ ਨੂੰ ਰੂਹ ਬਖ਼ਸ਼ਦਾ ਸੀ।

ਲੋਕ ਕਹਿੰਦੇ ਸਨ, "ਨਸੀਮ ਸਾਜ਼ ਸਿਰਜਦਾ ਹੈ ਅਤੇ ਤਰਲੋਕ ਉਸ ਨੂੰ ਬੋਲਣਾ ਸਿਖਾਉਂਦਾ ਹੈ।"

ਜਿਸ ਰਾਤ ਪਿੰਡਾਂ ਵਿੱਚ ਅੱਗਾਂ ਲੱਗੀਆਂ, ਉਸ ਤੋਂ ਇੱਕ ਦਿਨ ਪਹਿਲਾਂ, ਦੋਵੇਂ ਯਾਰ ਸਾਂਝੀ ਹਵੇਲੀ ਦੇ ਦਲਾਨ ਵਿੱਚ ਬੈਠੇ, ਇੱਕ ਨਵੀਂ ਰਬਾਬ ਘੜ ਰਹੇ ਸਨ। ਨਸੀਮ ਨੇ ਅਜੇ ਅਖਰੋਟ ਦੀ ਕਾਲੀ ਲੱਕੜ ਨੂੰ ਤਰਾਸ਼ ਕੇ ਉਸ ਦਾ ਪੇਟ ਖਾਲੀ ਹੀ ਕੀਤਾ ਸੀ ਕਿ ਬਾਹਰੋਂ ਕੁਰਾਹੀਆਂ ਦੇ 'ਅੱਲ੍ਹਾ-ਹੂ-ਅਕਬਰ' ਅਤੇ 'ਸਤਿ ਸ੍ਰੀ ਅਕਾਲ' ਦੇ ਨਾਅਰਿਆਂ ਨੇ ਹਵਾ ਵਿੱਚ ਜ਼ਹਿਰ ਘੋਲ ਦਿੱਤਾ।

ਜਦੋਂ ਵੰਡ ਦੀ ਅੱਗ ਭੜਕੀ ਤਾਂ ਨਸੀਮ ਨੂੰ ਰਾਤੋ ਰਾਤ ਸਭ ਕੁਝ ਛੱਡ ਕੇ ਭੱਜਣਾ ਪਿਆ। ਰਾਤੋ ਰਾਤ ਹਿਜਰਤ ਦਾ ਹੁਕਮ ਆ ਗਿਆ ਸੀ- ਨਸੀਮ ਨੂੰ ਆਪਣੀ ਜਾਨ ਬਚਾਉਣ ਲਈ ਪੈਰਾਂ ਵਿੱਚ ਜੁੱਤੀ ਪਾਉਣ ਦਾ ਮੌਕਾ ਵੀ ਨਾ ਮਿਲਿਆ।

ਉਹ ਆਪਣੇ ਪਿੱਛੇ ਅਖਰੋਟ ਦੀ ਕਾਲੀ ਲੱਕੜ ਦੀ ਉਹ ਅਧੂਰੀ ਰਬਾਬ ਛੱਡ ਗਿਆ, ਜਿਸ ਦੇ ਅਜੇ ਨਾ ਤਾਂ ਤਾਰਾਂ ਨੂੰ ਸੁਰ ਕਰਨ ਵਾਲੀਆਂ ਕੁੰਡੀਆਂ ਲੱਗੀਆਂ ਸਨ - ਤੇ ਨਾ ਹੀ ਤਾਰਾਂ।

ਰਬਾਬ ਦੀਆਂ ਤਾਰਾਂ ਅਤੇ ਪਿੱਤਲ ਦੀਆਂ ਪੰਜ ਕੁੰਡੀਆਂ ਵਾਲੀ ਪੁਰਾਣੀ ਸ਼ੈਲੀ ਨਸੀਮ ਦੇ ਨਾਲ ਹੀ ਚਲੀ ਗਈ!

ਉਸ ਹਫੜਾ ਦਫੜੀ ਵਿੱਚ ਜਦੋਂ ਲੋਕ ਆਪਣੇ ਸੋਨੇ, ਜ਼ਮੀਨ ਦੇ ਕਾਗਜ਼ਾਂ ਜਾਂ ਪਸ਼ੂਆਂ ਨੂੰ ਬਚਾਅ ਰਹੇ ਸਨ, ਤਰਲੋਕ ਸਿੰਘ ਨੇ ਲੱਕੜ ਦੇ ਉਸ ਬੇਜਾਨ, ਖ਼ਮੋਸ਼ ਟੁਕੜੇ ਨੂੰ ਆਪਣੀ ਹਿੱਕ ਨਾਲ ਲਾ ਲਿਆ।

ਦਹਾਕੇ ਬੀਤ ਗਏ- ਉਹ ਰਬਾਬ ਤਰਲੋਕ ਸਿੰਘ ਦੀ ਦੁਕਾਨ ਦੀ ਸਭ ਤੋਂ ਉੱਪਰਲੀ ਪਰਛੱਤੀ 'ਤੇ ਇੱਕ ਹੋਈ-ਬੀਤੀ ਵਾਂਗ... ਅੱਧੀ ਬਣੀ ਹੀ ਪਈ ਰਹੀ। ਉਸ ਨੇ ਕਦੇ ਵੀ ਉਸ 'ਤੇ ਕੋਈ ਹੋਰ, ਆਮ, ਤਾਰ ਚੜ੍ਹਾਉਣ ਦੀ ਕੋਸ਼ਿਸ਼ ਵੀ ਨਾ ਕੀਤੀ।

ਉਸ ਅਕਸਰ ਆਪਣੇ ਪੋਤਰੇ ਮਿਹਰ ਨੂੰ ਕਹਿਣਾ- "ਹਰ ਸਾਜ਼ ਦੀ ਆਪਣੀ ਇੱਕ ਰੂਹ ਦੀ ਤਾਰ ਹੁੰਦੀ ਐ, ਜੋ ਕਿਸੇ ਖ਼ਾਸ ਹੱਥ ਨੇ ਵੱਟੀ ਹੁੰਦੀ ਐ। ਜੇ ਤੂੰ ਉਸ 'ਤੇ ਜ਼ਬਰਦਸਤੀ ਕੋਈ ਹੋਰ ਤਾਰ ਮੜ੍ਹ ਦੇਵੇਂਗਾ, ਤਾਂ ਲੱਕੜ ਦਾ ਦਮ ਘੁਟ ਜਾਵੇਗਾ। ਉਹ ਆਪਣੀ ਅਸਲ ਅਵਾਜ਼ ਹਮੇਸ਼ਾ ਲਈ ਗੁਆ ਬੈਠੇਗੀ।"



ਮਿਹਰ, ਕਾਲਜ ਵਿੱਚ ਭੌਤਿਕ ਵਿਗਿਆਨ ਦੇ ਵਿਦਿਆਰਥੀ, ਨੂੰ ਆਪਣੇ ਦਾਦਾ ਜੀ ਦੀ ਇਹ ਗੱਲ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਅੱਜ ਕੱਲ੍ਹ ਚੱਲ ਰਹੀ ਬਿਲਕੁਲ ਨਵੀਂ ਥਿਊਰੀ ਮੁਤਾਬਕ ਸਹੀ ਹੀ ਲੱਗਦੀ! ਉਹ ਥਿਊਰੀ ਜੋ ਕਹਿੰਦੀ ਹੈ ਕਿ ਜੇ ਦੋ ਕਣ ਕਦੀ ਵੀ ਪਹਿਲਾਂ ਆਪਸ ਵਿੱਚ ਸੰਘਣੇ ਜੁੜੇ ਰਹੇ ਹੋਣ ਤਾਂ ਉਹ ਵਿੱਛੜ ਕੇ ਭਾਵੇਂ ਬ੍ਰਹਿਮੰਡ ਦੇ ਦੋ ਸਿਰਿਆਂ ਵਿੱਚ ਚਲੇ ਜਾਣ- ਇੱਕ ਦੂਜੇ ਨਾਲ, ਅਣਦਿਸਦੇ ਰੂਪ ਵਿੱਚ, ਹਮੇਸ਼ਾ ਜੁੜੇ ਹੀ ਰਹਿੰਦੇ ਹਨ!

ਉਸ ਨੂੰ ਲੱਕੜ ਦਾ ਇਹ ਟੁਕੜਾ - ਸਰਹੱਦ ਅਤੇ ਵਕਤ ਦਾ ਪਾਇਆ ਦਰਦਨਾਕ ਵਿਛੋੜਾ ਹੰਢਾਉਂਦਾ- ਇਸੇ ਸੱਚ ਦੀ ਗਵਾਹੀ ਭਰਦਾ ਲੱਗਦਾ ਸੀ... ਕਿ ਇਹ ਵੀ, ਖ਼ਮੋਸ਼ੀ ਨਾਲ, ਆਪਣੇ ਪੂਰੇ ਹੋਣ ਦੀ ਉਡੀਕ ਕਰ ਰਿਹਾ ਹੈ!

ਇਸੇ ਸਾਲ, ਗਰਮੀਆਂ ਵਿੱਚ- ਵੰਡ ਦੇ 79 ਸਾਲਾਂ ਬਾਅਦ- ਇੰਟਰਨੈੱਟ ਦੇ ਇੱਕ ਸਮਾਜੀ-ਸਾਂਝ ਦੀ ਆਵਾਜਾਈ ਵਾਲੇ 'ਬੂਹੇ' ਰਾਹੀਂ - ਮਿਹਰ ਦਾ ਸੰਪਰਕ ਲਹੌਰ ਦੇ ਇੱਕ ਨੌਜਵਾਨ ਸਾਜ਼ ਬਨਾਉਣ-ਵਾਲੇ, ਬਰਕਤ, ਨਾਲ ਹੋਇਆ। ਦੋਵ੍ਹਾਂ ਵਿੱਚ ਚੰਗੀ ਦੋਸਤੀ ਹੋ ਗਈ।

ਇੱਕ ਵੀਡੀਓ ਕਾੱਲ ਵਿਚ, ਬਰਕਤ ਨੇ ਆਪਣੀ ਸਾਜ਼ ਬਨਾਉਣ ਵਾਲੀ ਦੁਕਾਨ ਵਿਖਾਈ ਮਿਹਰ ਨੂੰ- ਤਾਂ ਮਿਹਰ ਦੀਆਂ ਅੱਖਾਂ ਦੀ ਇੱਕ ਥਾਂ ਟਿਕਟਿਕੀ ਲੱਗ ਗਈ!

ਬਰਕਤ ਦੀ ਪਿੱਠ ਪਿਛਲੀ ਕੰਧ 'ਤੇ, ਮਖਮਲ ਦੀ ਇੱਕ ਪੁਰਾਣੀ, ਜਰਜਰ ਹੋ ਚੁੱਕੀ ਥੈਲੀ ਲਮਕ ਰਹੀ ਸੀ। ਬਰਕਤ ਨੇ ਭਰੀਆਂ ਅੱਖਾਂ ਨਾਲ ਦੱਸਿਆ, "ਇਹ ਮੇਰੇ ਦਾਦਾ ਜੀ, ਨਸੀਮ ਸਾਹਿਬ, ਹਿੰਦੁਸਤਾਨ ਤੋਂ ਹਿਜਰਤ ਵੇਲੇ ਆਪਣੇ ਨਾਲ ਲਿਆਏ ਸਨ। ਉਹ ਆਖਰੀ ਸਾਹ ਤੱਕ ਕਹਿੰਦੇ ਰਹੇ ਕਿ ਰਬਾਬ ਦਾ ਜਿਸਮ ਤਾਂ ਮੈਂ ਓਥੇ ਹੀ ਛੱਡ ਆਇਆ, ਪਰ ਉਸ ਦੇ ਸਾਹ, ਇਹ ਕੁੰਡੀਆਂ ਤੇ ਤਾਰਾਂ, ਮੇਰੀ ਜੇਬ 'ਚ ਰਹਿ ਗਏ। ਉਹਨਾਂ ਮੈਥੋਂ ਅਹਿਦ ਲਿਆ ਸੀ ਕਿ ਇਨ੍ਹਾਂ ਤਾਰਾਂ ਨੂੰ ਕਦੇ ਵੀ ਕਿਸੇ ਹੋਰ ਸਾਜ਼ 'ਤੇ ਨਾ ਚੜ੍ਹਾਵਾਂ।"

ਇਹ ਸੁਣ ਮਿਹਰ ਦੇ ਲੂੰ ਕੰਡੇ ਖੜ੍ਹੇ ਹੋ ਗਏ!
ਹੁਣ ਮਿਹਰ ਨੇ ਵੀ ਆਪਣੇ ਦਾਦਾ ਜੀ ਦੀ ਦੱਸੀ ਕਹਾਣੀ ਬਰਕਤ ਨਾਲ ਸਾਂਝੀ ਕੀਤੀ।
ਦੋਵ੍ਹਾਂ ਦੀ ਹੈਰਾਨੀ ਅਤੇ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ!

ਸਰਕਾਰੀ ਮਨਜ਼ੂਰੀਆਂ, ਸਭਿਆਚਾਰਕ ਪਰਮਿਟਾਂ ਲਈ ਦੋ ਮਹੀਨਿਆਂ ਦੀ ਅਜਾਈਂ ਗਈ ਜੱਦੋ-ਜਹਿਦ ਤੋਂ ਬਾਅਦ- ਇੱਕ ਸ਼ਾਮ, ਬੂਹੀ ਪਿੰਡ, ਤਰਲੋਕ ਸਿੰਘ ਦੇ ਬੂਹੇ , ਇੱਕ ਛੋਟਾ ਜਿਹਾ ਪਾਰਸਲ ਪਹੁੰਚਿਆ।

96 ਸਾਲਾਂ ਦੇ ਬਜ਼ੁਰਗ ਤਰਲੋਕ ਸਿੰਘ ਦੇ ਕੰਬਦੇ ਹੱਥਾਂ ਨੇ ਡੱਬਾ ਖੋਲ੍ਹਿਆ। ਅੰਦਰ ਓਹੀ ਪਿੱਤਲ ਦੀਆਂ ਕੁੰਡੀਆਂ ਅਤੇ ਤਾਰਾਂ ਸਨ- ਉਹਨਾਂ ਦੀ ਪੜਛੱਤੀ 'ਤੇ ਪਈ ਅਖਰੋਟ ਦੀ ਰਬਾਬ ਦੇ ਸੁਰਾਖ਼ਾਂ ਨਾਲ ਹੂ-ਬ-ਹੂ ਮੇਲ ਖਾਂਦੀਆਂ। ਨਸੀਮ ਦੇ ਹੱਥਾਂ ਦੀ ਛੋਹ ਜ਼ਰੂਰ ਅਜੇ ਵੀ ਉਹਨਾਂ ਤਾਰਾਂ ਵਿੱਚ ਸਿਸਕ ਰਹੀ ਸੀ!

ਮਿਹਰ ਨੇ ਟਾਰਚ ਦੀ ਰੋਸ਼ਨੀ ਕੀਤੀ, ਅਤੇ ਦਾਦਾ ਜੀ ਨੇ ਬੜੀ ਮੁਹੱਬਤ ਨਾਲ ਉਹਨਾਂ ਕੁੰਡੀਆਂ ਨੂੰ ਰਬਾਬ ਦੇ ਜਿਸਮ ਵਿੱਚ ਉਤਾਰ ਦਿੱਤਾ। ਲੱਕੜ, ਕੋਈ ਅੱਠ ਦਹਾਕਿਆਂ ਬਾਅਦ, ਆਪਣੀ ਗੁਆਚੀ ਰੂਹ ਨੂੰ ਮਿਲ ਕੇ ਤ੍ਰਿਪਤ ਹੋ ਗਈ ਲੱਗਦੀ ਸੀ।

ਜਿਵੇਂ ਹੀ ਤਰਲੋਕ ਸਿੰਘ ਨੇ ਆਖਰੀ ਤਾਰ ਨੂੰ ਕੱਸਿਆ ਅਤੇ ਉਸ 'ਤੇ ਪਹਿਲੀ ਵਾਰ ਮਿਜ਼ਰਾਬ ਛੋਹੀ, ਬੂਹੀ ਪਿੰਡ ਦੇ ਉਸ ਛੋਟੇ ਜਿਹੇ ਕਮਰੇ ਵਿੱਚ ਇੱਕ ਗੰਭੀਰ, ਡੂੰਘੀ ਅਤੇ ਰੂਹਾਨੀ ਗੂੰਜ ਪਸਰ ਗਈ।

ਇਹ ਅਵਾਜ਼ ਨਾ ਤਾਂ ਮਾਤਮ ਦੀ ਸੀ ਅਤੇ ਨਾ ਹੀ ਕਿਸੇ ਜਸ਼ਨ ਦੀ। ਇਹ ਤਾਂ ਇੱਕ ਬ੍ਰਹਿਮੰਡੀ ਮਿਲਾਪ ਦੀ ਗਵਾਹੀ ਸੀ ਅਤੇ ਇੱਕ ਅਜਿਹਾ ਸਬੂਤ ਕਿ ਭਾਵੇਂ, ਲਕੀਰਾਂ, ਜਿਸਮਾਂ ਨੂੰ ਵੱਖ ਵੱਖ ਤਾਂ ਕਰ ਸਕਦੀਆਂ ਹਨ ਪਰ ਸਾਡੀ ਇਸ ਧਰਤੀ ਦੀ ਸਾਂਝੀ ਰੂਹ, ਅੱਜ ਵੀ, ਇੱਕ ਅਣ-ਸੁਣਦੇ ਸੁਰ ਦੇ ਰੂਪ ਵਿੱਚ, ਆਪਸ ਵਿੱਚ ਜੁੜੀ ਹੋਈ ਹੈ- ਉਹ ਰੂਹ, ਜੋ ਸਹੀ ਵਕਤ ਆਉਣ 'ਤੇ, ਮੁੜ ਗਾ ਉੱਠਦੀ ਹੈ।

ਹੈਡਮਿਸਟ੍ਰੈੱਸ, ਸਰਕਾਰੀ ਹਾਈ ਸਕੂਲ, ਬੂਹੀ 9463954610

# ਇੱਕ ਖਤ ਪ੍ਰੀਤ ਲੜੀ ਨੂੰ

ਮੁੱਖ ਸੰਪਾਦਕ ਪ੍ਰੀਤ ਲੜੀ ਜੀਓ, ਗੁਰੂ ਫ਼ਤਿਹ ਪ੍ਰਵਾਨ ਹੋਵੇ ਜੀ।

ਮੈਨੂੰ ਮਈ 2026 ਦਾ ਪ੍ਰੀਤ ਲੜੀ ਰਸਾਲਾ ਮਿਲਿਆ ਜਿਸ ਦਾ ਟਾਈਟਲ ਪੇਂਡੂ ਸੱਭਿਆਚਾਰ ਦਾ ਬਾ-ਕਮਾਲ ਨਮੂਨਾ ਸੀ।

ਗਿਆਨ ਭਰਪੂਰ ਗੁਲਦਸਤਾ ਸੀ। ਐੱਸ. ਫਲਾਵਰ ਸਿੰਘ ਮਿੱਡੂ ਖੇੜਾ ਜੀ ਦੀ ਲਿਖਤ "ਮਤ-ਪਤ ਦਾ ਰਾਖਾ" ਨੇ ਸੱਚੀਂ ਮਨ ਨੂੰ ਝੰਝੋੜ ਕੇ ਰੱਖ ਦਿੱਤਾ ਅਤੇ ਅਸਲ ਮਨੁੱਖ ਦੀ ਪਹਿਚਾਣ ਕਰਵਾਈ। ਪਰਵਿੰਦਰ ਕੌਰ ਜੀ ਦਾ ਲੇਖ "ਅਧਿਆਪਕ ਦਾ ਸਤਿਕਾਰ" ਵੀ ਬਹੁਤ ਵਧੀਆ ਸੀ।

ਡਾ. ਹਰਨੇਕ ਸਿੰਘ ਕਲੇਰ ਜੀ ਦੀ ਲਿਖਤ "ਸੁਪਨਿਆਂ ਮਗਰ ਨਹੀਂ ਭੱਜੀਦਾ" ਸਲਾਹੁਣਯੋਗ ਸੀ।

ਪ੍ਰੀਤ ਲੜੀ ਦਾ ਇਹ ਰਸਾਲਾ ਸੱਚ ਹੀ ਪਿਆਰ ਨਾਲ ਭਰਿਆ ਹੋਇਆ ਸੀ।

ਵੱਡੀ ਗੱਲ- ਭਾਸ਼ਾ ਨਿਰੋਲ ਠੇਠ ਪੰਜਾਬੀ ਵਿੱਚ ਸੀ। ਆਮ ਦੇਖਣ ਵਿੱਚ ਆਉਂਦਾ ਹੈ ਕਿ ਲਿਖਤ ਪੰਜਾਬੀ ਵਿੱਚ ਹੁੰਦੀ ਹੈ ਅਤੇ ਸ਼ਬਦ, ਜ਼ਿਆਦਾ, ਹੋਰ ਭਾਸ਼ਾ ਦੇ ਹੁੰਦੇ ਹਨ, ਜੋ ਚੰਗੇ ਨਹੀਂ ਲੱਗਦੇ।

ਰਸਾਲੇ ਦੀ ਪ੍ਰਿੰਟਿੰਗ, ਕਾਗਜ਼ ਬਾ-ਕਮਾਲ ਸੀ। ਸਾਰੀਆਂ ਰਚਨਾਵਾਂ ਉੱਚ ਪੱਧਰ ਦੀਆਂ ਸਨ।
ਪ੍ਰੀਤਲੜੀ ਸੱਚਮੁਚ ਪੰਜਾਬੀਆਂ ਦਾ ਮਾਣ ਹੈ, ਹਰ ਘਰ ਵਿੱਚ ਹੋਣਾ ਬਹੁਤ ਜ਼ਰੂਰੀ ਹੈ।

**ਡਾ. ਦੀਦਾਰ ਸਿੰਘ**
ਸ਼ਬਦ ਗੁਰੂ ਵਿਚਾਰ ਮੰਚ ਸੋਸਾਇਟੀ
ਫ਼ਤਿਹਗੜ੍ਹ ਸਾਹਿਬ ਅਤੇ ਬਾਬਰਪੁਰ ਲੁਧਿਆਣਾ।

# ਹੱਸਿਆਂ ਹੀ ਨਿਰਵਾਣ ਮਿਲੇਗਾ

## ਅਮਤੋਜ ਸਿੰਘ ਰਿਆੜ




**ਜ਼ਿੰਦਗੀ** ਦੇ ਹਲਾਤਾਂ ਦੀ ਤਪਸ਼, ਇਨਸਾਨ ਦੇ ਚਿਹਰੇ ਨੂੰ ਬੰਜਰ ਕਰ ਦਿੰਦੀ ਹੈ। ਜਿਵੇਂ ਬਾਰਿਸ਼ ਦੀ ਘਾਟ ਅਤੇ ਸੂਰਜ ਦੀ ਪੈਂਦੀ ਤਪਸ਼ ਕਰਕੇ ਧਰਤੀ ਬੰਜਰ ਹੋ ਕੇ ਰੁੱਖੀ ਦਿਖਣ ਲੱਗ ਪੈਂਦੀ ਹੈ, ਉਸੇ ਤਰ੍ਹਾਂ ਇਨਸਾਨ ਦੀ ਜ਼ਿੰਦਗੀ ਵਿੱਚ ਤਲਖ਼ੀਆਂ ਦੀ ਤਪਸ਼, ਉਸ ਦੇ ਚਿਹਰੇ ਦੀ ਰੌਣਕ ਤੇ ਨੂਰ ਖੋਹ ਕੇ ਉਸ ਨੂੰ ਰੁੱਖਾ ਕਰ ਦਿੰਦੀਆਂ ਹਨ।

ਇਹੋ ਜਿਹਾ ਮੂੰਹ ਲੈ ਕੇ ਹੀ ਮੈਂ ਬੱਸ ਵਿੱਚ ਬੈਠਿਆ ਸੀ।

ਸਵੇਰ ਵਾਲੀ ਬੱਸ ਵਿੱਚ ਸੀਟ ਮਿਲਣੀ ਔਖੀ ਨਹੀਂ ਹੁੰਦੀ। ਪਰ ਸਾਢੇ ਪੰਜ ਉੱਠ ਕੇ ਸੱਤ ਵਜੇ ਬੱਸ ਸਟੈਂਡ ਤੋਂ ਬੱਸ ਲੈਣੀ ਜ਼ਰੂਰ ਔਖੀ ਹੁੰਦੀ ਏ। ਫਿਰ ਇੱਕ ਘੰਟਾ ਬੱਸ ’ਚ... ਕਦੇ ਕਦੇ ਅੱਖ ਵੀ ਲੱਗ ਜਾਂਦੀ ਹੈ, ਪਰ ਬਹੁਤੀ ਵਾਰ ਖੜਕਦੀ ਬੱਸ, ਤੇ ਟੁੱਟੀ ਸੀਟ, ਨੀਂਦ ਨਹੀਂ ਆਉਂਦੀ, ਸਾਰਾ ਸਫ਼ਰ ਉਨੀਂਦਰੇ ’ਚ ਹੀ ਲੰਘ ਜਾਂਦਾ ਹੈ। ਬਟਾਲੇ ਤੋਂ ਅੰਮ੍ਰਿਤਸਰ ਨੂੰ ਬੱਸ ਵੀ ‘ਟੈਮ ਨਾਲ’ ਮਿਲ ਹੀ ਜਾਂਦੀ ਹੈ, ਕਈ ਵਾਰ ਸੱਤ ਦੇ ਸਾਢੇ-ਸੱਤ ਵੀ ਹੋ ਜਾਂਦੇ ਨੇ। ਫਿਰ ਬਟਾਲਾ ਰੋਡ ਦੇ ਪਟਰੋਲ ਪੰਪ ਉੱਤਰ ਕੇ ਮਾਲ ਰੋਡ ਜਾਣਾ। ਇੱਥੇ ਹੀ ਟੇਲਰ ਰੋਡ ’ਤੇ ਮੁੜਦਿਆਂ, ਨਾਲ ਹੀ, ਸਾਡਾ ਛੋਟਾ ਜਿਹਾ ਕਾਰਖ਼ਾਨਾ ਅਤੇ ਦਫ਼ਤਰ ਸੀ। ਕਹਿਣ ਨੂੰ ਤਾਂ ਮੈਂ ਆਪਣੇ ਆਪ ਨੂੰ ਮੈਨੇਜਰ ਹੀ ਕਹਿੰਦਾ ਸਾਂ, ਤੇ ਨਾਲ ਕੰਮ ਕਰਦੇ ਕਰਮਚਾਰੀ ਵੀ ‘ਮਨੇਜਰ’ ਹੀ ਕਹਿੰਦੇ ਨੇ, ਪਰ ਅਸਲੀਅਤ ਤਾਂ ਉਹੀ ਏ ਜੋ ਗਵਾਂਢੀ ਕਹਿੰਦੇ ਨੇ। ਕਿ “ਗੁਰਨਾਮ ਬੀ.ਏ. ਕਰ ਕੇ ਵੀ ਸਟੀਲ ਫ਼ੈਕਟਰੀ ’ਚ ਹੀ ਲੱਗਾ ਆ”।

ਤਨਖ਼ਾਹ ਖ਼ੈਰ ਦੱਸ ਕੁ ਹਜ਼ਾਰ ਮਿਲ ਹੀ ਜਾਂਦੀ ਸੀ, ਪਰ ਉਹਦੇ ’ਚੋਂ ਵੀ ਤਿੰਨ ਕੁ ਹਜ਼ਾਰ ਤਾਂ ਹਰ ਮਹੀਨੇ ਬੱਸਾਂ ਤੇ ਆਟੋ ਦਾ ਕਿਰਾਇਆ ਲੱਗ ਜਾਂਦਾ ਹੈ। ਤੇ ਤਿੰਨ ਕੁ ਹਜ਼ਾਰ ਘਰ ਦਾ ਕਰਾਇਆ ਹਰ ਮਹੀਨੇ ਚਲਾ ਜਾਂਦਾ ਹੈ। ਬਾਕੀ ਖਰਚੇ ਕੱਢ-ਕੁੱਢ ਕੇ ਤਿੰਨ ਚਾਰ ਸੌ ਹੀ ਬਚਦਾ ਹੈ। ਗੁਜ਼ਾਰਾ ਕੂਲ ਮਿਲਾਅ ਕੇ ਠੀਕ-ਠਾਕ ਹੈ।

ਸ਼ਾਇਦ ਇਹ ਠੀਕ-ਠਾਕ ਜਿਹਾ ਗੁਜ਼ਾਰਾ ਹੀ ਸਭ ਤੋਂ ਔਖਾ ਹੁੰਦਾ ਹੈ। ਭੁੱਖੇ ਤਾਂ ਨਹੀਂ ਰਹਿਣਾ ਪੈਂਦਾ, ਪਰ ਜੀਭ ਦਾ ਸਵਾਦ ਵੀ ਪੂਰਾ ਨਹੀਂ ਹੁੰਦਾ, ਬੱਸ ਗੁਜ਼ਾਰਾ। ਮਹੀਨੇ ਦੇ ਦੂਜੇ ਤੇ ਆਖਰੀ ਐਤਵਾਰ ਨੂੰ ਛੱਡ ਕੇ ਹਰ ਰੋਜ਼ ਦਫ਼ਤਰ ਮੈਂ ਹੀ ਜਾ ਕੇ ਖੋਲ੍ਹਦਾ ਹਾਂ। ਮਹੀਨੇ ’ਚ ਇਹ ਦੋ ਦਿਨ ਛੁੱਟੀ ਹੁੰਦੀ ਹੈ। ਸਵੇਰੇ ਨੌਂ ਵਜੇ ਦਫ਼ਤਰ ਖੁੱਲ੍ਹਦਾ ਹੈ, ਤੇ ਸ਼ਾਮ ਛੇ ਵਜੇ ਬੰਦ ਹੋ ਜਾਂਦਾ ਹੈ। ‘ਪਾਲ ਸਿੰਘ ਐਂਡ ਸੰਨਜ਼ ਸਟੀਲ ਕਾਰਪੋਰੇਸ਼ਨ’ ਭਾਵੇਂ ਹੁਣ ਠੀਕ-ਠਾਕ ਮੁਨਾਫ਼ੇ ਵਾਲੀ ਕੰਪਨੀ ਸੀ, ਪਰ ਕਿਸੇ ਸਮੇਂ ਇਹ ਪੰਜਾਬ ਦੀਆਂ ਵੱਡੀਆਂ ‘ਸਾਮੀਆਂ’ ਵਿੱਚੋਂ ਇੱਕ ਸੀ। ਪਰ ਅੱਜ ਵੀ ਇਹ ਏਡੀ ਕੁ ‘ਸਾਮੀ’ ਜ਼ਰੂਰ ਸੀ ਕਿ ਜੇ ਸਾਡੀ ਤਨਖਾਹ ਹਰ ਸਾਲ ਵਧਦੀ ਨਹੀਂ ਸੀ ਤਾਂ ਘੱਟੋ-ਘੱਟ ਘਟਦੀ ਵੀ ਨਹੀਂ ਸੀ। ਮੇਰਾ ਇਹ ਨੌਕਰੀ ’ਤੇ ਤੀਸਰਾ ਸਾਲ ਸੀ, ਤੇ ਉਮਰ ਦਾ ਪੱਚੀਵਾਂ। ਪਰ ਜਿਵੇਂ ਬਾਕੀ ਲੋਕ ਆਪਣੀ ਜ਼ਿੰਦਗੀ ’ਚ ਪਿੱਛੇ ਝਾਕ ਕੇ, ਜ਼ਿੰਦਗੀ ਦੇ ਕਿੱਸੇ ਸੁਣਾਉਂਦੇ ਨੇ, ਮੈਨੂੰ ਆਪਣੀ ਜ਼ਿੰਦਗੀ ਵਿੱਚ ਇਸ ਤਰ੍ਹਾਂ ਦਾ ਸੁਣਾਉਣ ਵਾਲਾ ਕੁਝ ਨਹੀਂ ਸੀ ਲੱਗਦਾ। ਅਸਲ ਵਿੱਚ ਮੈਂ ਆਪਣੇ ਬਾਰੇ ਸੋਚਦਾ ਹੀ ਨਹੀਂ ਸਾਂ, ਨਾ ਬੀਤੇ ਬਾਰੇ ਨਾ ਹੁਣ ਬਾਰੇ, ਤੇ ਨਾ ਆਉਣ ਵਾਲੇ ਕੱਲ੍ਹ ਬਾਰੇ। ਜਾਂ ਮੇਰੇ ਤੋਂ ਸੋਚਿਆ ਹੀ ਨਹੀਂ ਸੀ ਜਾਂਦਾ- ਕਹਿਣਾ ਜ਼ਿਆਦਾ ਸਹੀ ਹੋਵੇਗਾ। ਬੱਸ ’ਚ ਵੀ ਝੋਕਾਂ ਲਾਉਂਦਿਆਂ ਸਟੀਲ ਦੇ ਆਡਰ ਹੀ ਯਾਦ ਆਉਂਦੇ ਨੇ, ਕਿ ਫ਼ਲਾਣੇ ਦਾ ਏਨਾ ਆਡਰ ਹੈ, ਤੇ ਉਹਦੇ ’ਚੋਂ ਏਨਾ ਤਿਆਰ ਏਨਾ ਬਾਕੀ ਹੈ। ਪਰ ਇਸ ਤੋਂ ਜ਼ਿਆਦਾ ਮੇਰੇ ਕੋਲ ਕੰਮ ਬਾਰੇ ਸੋਚਣ ਜਾਂ ਦੱਸਣ ਲਈ ਵੀ ਕੁਝ ਨਹੀਂ ਹੁੰਦਾ।

*ਜੇ ਮੇਰਾ ਮੂੰਹ ਵਿਖ ਜਾਂਦਾ ਤਾਂ ਉਹ ਹੱਸਣ ਲੱਗ ਪੈਂਦੀ। ਇਉਂ ਲੱਗ ਰਿਹਾ ਸੀ ਕਿ ਮੈਂ ਉਸਦੀ ਸਮੁੱਚੀ ਦੁਨੀਆ ਹੋ ਗਿਆ ਹਾਂ ਤੇ ਉਹ ਮੇਰੀ ਸਮੁੱਚੀ ਦੁਨੀਆ ਹੋ ਗਈ ਹੈ। ਆਸੇ-ਪਾਸੇ ਤੋਂ ਬੇਧਿਆਨ ਹੋ ਕੇ ਅਸੀਂ ਸਾਰੇ ਸਫ਼ਰ ਵਿੱਚ ਹੀ ਖੇਡਦੇ ਰਹੇ।*

ਬਚਪਨ ਵੀ ਕੁਝ ਖ਼ਾਸ ਨਹੀਂ ਸੀ। ਬੱਸ ਹਰ ਰੋਜ਼ ਡੈਡੀ ਦੀਆਂ ਝਿੜਕਾਂ ਹੀ ਹੁੰਦੀਆਂ ਸਨ। ਡੈਡੀ ਇਲੈਕਟ੍ਰੀਸ਼ਨ ਸਨ, ਤੇ ਜਦੋਂ ਰੋਜ਼ ਸ਼ਾਮ ਨੂੰ ਘਰ ਆਉਂਦੇ, ਤਾਂ ਮੈਂ ਬਾਹਰ ਗਲੀ ਵਿੱਚ ਖੇਡ ਰਿਹਾ ਹੁੰਦਾ ਸਾਂ। ਮੈਨੂੰ ਖੇਡਦੇ ਨੂੰ ਦੇਖ ਉਹ ਇੱਕ ਦਮ ਖਿਝ ਜਾਂਦੇ ਤੇ ਕੰਨ ਫੜ ਘਰ ਲੈ ਜਾਂਦੇ। ਜੇ ਉਸ ਦਿਨ ਸਕੂਲੋਂ ਮੇਰੇ ਨੰਬਰ ਘੱਟ ਆਏ ਹੁੰਦੇ ਤਾਂ ਪਹਿਲਾਂ ਕੁੱਟ ਪੈਂਦੀ, ਜੇ ਠੀਕ ਹੁੰਦੇ ਤਾਂ ਫ਼ਿਰ ’ਕੱਲੀਆਂ ਗਾਲ੍ਹਾਂ। ਸਭ ਕੁਝ ਤੋਂ ਬਾਅਦ ਡੈਡੀ ਦਾ ਅਖੀਰ ਵਿੱਚ ਇੱਕ ਪੱਕਾ ਡਾਇਲਾੱਗ ਹੁੰਦਾ, “ਤੈਨੂੰ ਸਕੂਲ ਭੇਜੀਦਾ, ਪੜ੍ਹ ਲਾ, ਜ਼ਿੰਦਗੀ ’ਚ ਕੁਝ ਬਣ ਜਾਵੇਂਗਾ, ਨਹੀਂ ਤਾਂ ਮੇਰੇ ਵਾਂਗੂ ਹੀ ਰੁਲਦਾ ਫਿਰੇਂਗਾ”। ਪਰ ਹੁਣ ਕਈ ਵਾਰ ਲੱਗਦਾ ਹੈ ਰੁਲਣ ਵਾਲੀ

ਤਾਂ ਕੋਈ ਗੱਲ ਨਹੀਂ ਸੀ। ਠੀਕ-ਠਾਕ ਤਾਂ ਡੈਡੀ ਕਮਾਅ ਲੈਂਦੇ ਸਨ, ਯਾਦ ਨਹੀਂ ਕਿ ਕਦੀ ਬਹੁਤੀ ਤੰਗੀ ਹੋਈ ਹੋਵੇ। ਖੁੱਲ੍ਹਾ-ਡੁੱਲ੍ਹਾ ਖ਼ਰਚਾ ਨਹੀਂ ਸੀ ਪਰ ਤੰਗੀ ਵੀ ਤਾਂ ਨਹੀਂ ਸੀ। ਬੱਸ ਓਹੀ ਵਿਚਕਾਰਲੀ ਹਾਲਤ ਜਿਹੜੀ ਹਰ ਮੱਧ ਵਰਗੀ ਪਰਿਵਾਰ ਦੀ ਹੁੰਦੀ ਹੈ।
ਡੈਡੀ ਦਾ ਭਾਸ਼ਣ ਸੁਣ ਕੇ ਕਿਤਾਬਾਂ ਫੜ ਕੇ ਬਹਿਣਾ ਪੈਂਦਾ। ਸਕੂਲ ਦਾ ਕੰਮ ਤਾਂ ਬਹੁਤਾ ਮੈਂ ਸਕੂਲੇ ਹੀ ਕਰ ਲੈਂਦਾ ਸੀ, ਤੇ ਕੁਝ ਜਿਹੜਾ ਬਚਦਾ ਸੀ ਘਰ ਆਉਂਦਿਆਂ ਹੀ ਨਬੇੜ ਲੈਂਦਾ। ਪਰ ਪਤਾ ਨਹੀਂ ਡੈਡੀ ਇਹ ਕਿਉਂ ਨਹੀਂ ਸੀ ਸਮਝਦੇ। ਉਹ ਤਾਂ ਬੱਸ ਚਾਹੁੰਦੇ ਸੀ ਕਿ ਮੈਂ ਸਕੂਲੋਂ ਆ ਕੇ ਰਾਤ ਤੱਕ ਕਿਤਾਬਾਂ ਫੜ ਕੇ ਹੀ ਬੈਠਾ ਰਹਾਂ। ਜਿਵੇਂ ਕਿਵੇਂ, ਮੈਂ ਕਿਤਾਬਾਂ ਖੋਲ੍ਹੀ ਬੈਠਾ ਰਹਿੰਦਾ ਜਦੋਂ ਤੱਕ ਮੰਮੀ ਰੋਟੀ ਲਈ ਅਵਾਜ਼ ਨਹੀਂ ਸੀ ਮਾਰਦੀ ਹੁੰਦੀ। ਫਿਰ ਰੋਟੀ ਤੋਂ ਬਾਅਦ ਮੰਮੀ ਦੀ ਵਾਰੀ ਆ ਜਾਂਦੀ। ਪਰ ਇਹ ਹਰ ਰੋਜ਼ ਨਹੀਂ ਸੀ ਆਉਂਦੀ, ਬੱਸ ਹਫ਼ਤੇ 'ਚ ਤਿੰਨ-ਚਾਰ ਵਾਰ ਹੀ ਆਉਂਦੀ। ਕਦੇ ਸਬਜ਼ੀ ਕੁਝ ਠੀਕ ਨਾ ਲੱਗਦੀ, ਕਦੇ ਮੰਮੀ ਦੀ ਕੋਈ ਹੋਰ ਗੱਲ ਠੀਕ ਨਾ ਲੱਗਦੀ। ਕਦੇ ਕਿਸੇ ਚੀਜ਼ 'ਚ ਨੁਕਸ ਕੱਢ ਕੇ, ਕਦੇ ਕਿਸੇ 'ਚ- ਡੈਡੀ ਮੰਮੀ 'ਤੇ ਵਰ੍ਹਨ ਲੱਗ ਪੈਂਦੇ, ਪਰ ਹੱਥ ਨਹੀਂ ਸੀ ਚੁੱਕਦੇ।

ਸਕੂਲ ਵਿੱਚ ਵੀ ਠੀਕ-ਠਾਕ ਜਿਹੇ ਨੰਬਰ ਆ ਜਾਂਦੇ ਸਨ। ਤੇ ਠੀਕ-ਠਾਕ ਸ਼ਰਾਰਤਾਂ ਕਰ ਕੇ ਠੀਕ-ਠਾਕ ਕੁੱਟ ਵੀ ਖਾ ਲੈਂਦਾ ਸਾਂ। ਇਵੇਂ ਹੀ ਬਾਰ੍ਹਵੀਂ ਕਰ ਕੇ, ਬੇਰਿੰਗ ਕਾਲਜ ਦਾਖ਼ਲਾ ਲੈ ਲਿਆ। ਠੀਕ-ਠਾਕ ਜਿਹੀ ਬੀ.ਏ. ਹੋ ਗਈ। ਜ਼ਿਆਦਾ ਦੋਸਤ ਬਣੇ ਨਹੀਂ, ਇੱਕ ਤਾਂ ਸਕੂਲ ਦਾ ਦੋਸਤ, ਵਰੁਣ, ਹੀ ਨਾਲ ਹੁੰਦਾ ਤੇ ਵਰਿੰਦਰ- ਨਵਾਂ ਦੋਸਤ ਬਣ ਗਿਆ। ਸਾਡੀ ਤਿੰਨਾਂ ਦੀ ਹੀ ਜ਼ਿੰਦਗੀ ਠੀਕ-ਠਾਕ ਜਿਹੀ ਸੀ। ਅਟੈਂਡੈਂਸ ਪੂਰੀ, ਤੇ ਖ਼ਾਲੀ 'ਟੈਮ' ਕਾਲਜ ਦੀ ਕੰਟੀਨ 'ਤੇ। ਨਾ ਤਾਂ ਸ਼ਹਿਰ 'ਚ ਕਦੀ ਗੇੜੀਆਂ ਮਾਰਨ ਗਏ ਤੇ ਨਾ ਹੀ ਕਿਤੇ ਹੋਰ। ਸਾਡੇ ਨਾਲਦੇ ਕਦੇ ਸ਼ਹਿਰ ਦੀਆਂ ਗੇੜੀਆਂ ਮਾਰਦੇ ਤੇ ਕਦੇ ਹੋਲ਼ੇ-ਮਹੱਲੇ 'ਤੇ ਜਾਂਦੇ ਤੇ ਕਦੇ ਵਿਸਾਖੀ 'ਤੇ ਤੇ ਕਦੇ ਕਸੌਲੀ- ਤੇ "ਬਾਬੇ ਦਾ ਵਿਆਹ" ਤਾਂ ਖ਼ੈਰ ਹੁੰਦਾ ਹੀ ਏਥੇ ਹੈ। ਤੇ ਨਾ ਹੀ ਤਿੰਨਾਂ ਸਾਲਾਂ ਵਿੱਚ ਕੋਈ ਕੁੜੀ ਦੋਸਤ ਬਣੀ। ਲੈਕਚਰ, ਨੋਟਸ, ਰਿਜ਼ਲਟ ਤੇ ਪੇਪਰਾਂ ਤੋਂ ਇਲਾਵਾ ਕਦੇ ਹੀ ਕੋਈ ਗੱਲ ਕਿਸੇ ਕੁੜੀ ਨਾਲ ਅਸੀਂ ਤਿੰਨਾਂ ਨੇ ਕੀਤੀ ਹੋਣੀ ਹੈ।
ਸਤ੍ਹਾਠ ਕੁ ਪਰਸੈਂਟ ਨਾਲ ਬੀ.ਏ. ਕਰ ਕੇ ਨੌਕਰੀ ਲੱਭਣ ਲੱਗ ਪਿਆ। ਇੱਕ ਦੋ ਸਰਕਾਰੀ ਟੈਸਟ ਦਿੱਤੇ ਜਿਹੜੇ ਬੱਸ ਸ਼ਾਇਦ ਹੁੰਦੇ ਹੀ ਏਸ ਲਈ ਨੇ ਕਿ ਬਾਅਦ ਵਿੱਚ ਕੈਂਸਲ ਹੋ ਜਾਣ।

ਤਿੰਨ-ਚਾਰ ਮਹੀਨੇ ਭੱਜ-ਨੱਠ ਕਰ ਕੇ ਇਹ ਨੌਕਰੀ ਮਿਲ ਗਈ। ਤੇ ਹੁਣ ਤਿੰਨ ਸਾਲ ਤੋਂ, ਬਸ, ਰੋਜ਼ ਸਵੇਰੇ ਉੱਠ ਕੇ ਕੰਮ 'ਤੇ ਆਉਣਾ ਤੇ ਸ਼ਾਮ ਨੂੰ ਘਰ ਜਾ ਕੇ ਰੋਟੀ ਖਾ ਕੇ, ਥੋੜ੍ਹਾ ਚਿਰ ਟੀ.ਵੀ. ਦੇਖ ਕੇ ਸੌਂ ਜਾਣਾ, ਇਹੀ ਰੁਟੀਨ ਹੈ। ਤੇ ਛੁੱਟੀ ਵਾਲੇ ਦਿਨ ਉੱਠ ਕੇ ਰੋਟੀ ਪਾਣੀ ਖਾ ਕੇ, ਦੁਪਿਹਰ ਨੂੰ ਟੀ.ਵੀ. ਤੇ ਸ਼ਾਮ ਨੂੰ ਜੇ ਕੋਈ ਘਰ ਦਾ ਕੰਮ ਕਰਨ ਵਾਲਾ ਹੋਵੇ ਤਾਂ ਉਹ ਕਰ ਲੈਂਦਾ ਹਾਂ। ਕਦੀ-ਕਦਾਈਂ, ਕਿਤੇ, ਵਰੁਣ, ਵਰਿੰਦਰ ਤੇ ਮੈਂ ਮਿਲ ਲੈਂਦੇ ਹਾਂ ਤੇ ਇੱਕ ਅੱਧ ਚਾਹ ਪੀ ਲੈਂਦੇ ਹਾਂ। ਵਰੁਣ ਆਪਣੇ ਡੈਡੀ ਨਾਲ ਹੀ ਭਾਂਡਿਆਂ ਦੀ ਦੁਕਾਨ 'ਤੇ ਬੈਠਦਾ ਹੈ ਤੇ ਵਰਿੰਦਰ ਬਟਾਲੇ ਹੀ ਕਿਸੇ ਬੀਮਾ ਕੰਪਨੀ ਦੇ ਦਫ਼ਤਰ 'ਚ ਕਲਰਕ ਲੱਗਾ ਹੈ। ਮੇਰੀ ਇਹ ਰੁਟੀਨ ਉਦੋਂ ਹੀ ਟੁੱਟਦੀ ਹੈ ਜਦੋਂ ਕਿਤੇ ਰਿਸ਼ਤੇਦਾਰੀ 'ਚ ਜਾਂ ਵਿਆਹ ਸ਼ਾਦੀ 'ਤੇ ਜਾਣਾ ਪੈਂਦਾ ਹੈ, ਜਿਹੜਾ ਕਿ ਜ਼ਿਆਦਾਤਰ ਮੈਂ ਜਾਣਾ ਪਸੰਦ ਨਹੀਂ ਕਰਦਾ।

ਤੇ ਆਪਣੀ ਜ਼ਿੰਦਗੀ ਬਾਰੇ, ਆਪਣੇ ਬਾਰੇ, ਪਹਿਲੀ ਵਾਰ ਮੈਂ ਏਨਾ ਕੁਝ 'ਕੱਠਾ ਸੋਚਿਆ ਸੀ। ਤੇ ਸ਼ਾਇਦ ਅਜੇ ਹੋਰ ਵੀ ਬਹੁਤ ਕੁਝ ਸੋਚਦਾ ਕਿ ਅਚਾਨਕ ਬੱਸ ਵਾਲੇ ਨੇ ਜ਼ੋਰ ਦੀ ਬ੍ਰੇਕ ਮਾਰ ਦਿੱਤੀ- ਤੇ ਮੇਰਾ ਸਾਰਾ ਧਿਆਨ ਆਪਣੇ ਮੂੰਹ ਨੂੰ ਅਗਲੇ ਪਾਸੇ ਸੀਟ ਨਾਲ ਵੱਜਣ ਤੋਂ ਬਚਾਉਣ ਵੱਲ ਚਲਾ ਗਿਆ। ਬੱਸ ਜੈਂਤੀਪੁਰ ਅੱਡੇ ਪਹੁੰਚ ਗਈ। ਅੱਜ ਸ਼ੁੱਕਰਵਾਰ ਦੀ ਸਵੇਰ ਸੀ, ਸੋ ਬੱਸ ਬਹੁਤੀ ਭਰੀ ਨਹੀਂ ਸੀ। ਸਭ ਤੋਂ ਵੱਧ ਬੱਸ ਸਵੇਰੇ ਸੋਮਵਾਰ ਅਤੇ ਐਤਵਾਰ ਹੀ ਭਰੀ ਹੁੰਦੀ ਹੈ, ਸ਼ੁੱਕਰ ਸ਼ਨੀਵਾਰ ਸਭ ਤੋਂ ਘੱਟ।

ਬਟਾਲੇ ਤੋਂ ਅੰਮ੍ਰਿਤਸਰ ਜਾਂਦੇ, ਬੱਸ, ਰੁਕਦੀ ਤਾਂ ਹਰ ਅੱਡੇ 'ਤੇ ਹੈ ਪਰ ਬਹੁਤਾ ਟੈਮ ਨਹੀਂ, ਬੱਸ ਇੱਕ-ਦੋ ਮਿੰਟ ਹੀ ਰੁਕਦੀ ਹੈ। ਬੱਸ ਵਿੱਚੋਂ ਸਵਾਰੀਆਂ ਉਤਾਰ ਕੇ ਤੇ ਅੱਡੇ 'ਤੇ ਖੜ੍ਹੀਆਂ ਨੂੰ ਚਾੜ੍ਹ ਕੇ ਫੇਰ ਤੁਰ ਪੈਂਦੀ ਹੈ।

ਮੇਰੇ ਨਾਲ ਦੀ ਸੀਟ 'ਤੇ ਤਾਂ, ਬਾਈਪਾਸ ਤੋਂ ਹੀ, ਇੱਕ ਸਵਾਰੀ ਬੈਠ ਗਈ ਸੀ। ਪਰ ਮੇਰੇ ਤੋਂ ਅਗਲੀ ਸੀਟ 'ਤੇ ਬੈਠੀਆਂ ਦੋ ਸਵਾਰੀਆਂ ਜੈਂਤੀਪੁਰ ਉੱਤਰ ਗਈਆਂ। ਤੇ ਇਸ ਖਾਲੀ ਸੀਟ 'ਤੇ ਜੈਂਤੀਪੁਰੋਂ ਇੱਕ ਕੁੜੀ ਬੈਠ ਗਈ। ਉਹਦੇ ਨਾਲ ਉਹਦੀ ਸਾਲ-ਡੇਢ ਸਾਲ ਦੀ ਬੱਚੀ ਸੀ ਜਿਸਦੇ ਗੁਲਾਬੀ ਜਿਹੀ ਫ਼ਰਾਕ ਪਾਈ ਹੋਈ ਸੀ, ਜਿਸ ਵਿੱਚ ਉਹ ਆਪ ਛੋਟਾ ਜਿਹਾ ਗੁਲਾਬ ਦਾ ਫੁੱਲ ਲੱਗ ਰਹੀ ਸੀ। ਵਾਲਾਂ ਨੂੰ ਦੋ ਛੋਟੀਆਂ ਜਿਹੀਆਂ ਜੂੰਡੀਆਂ ਬਣਾਅ ਕੇ ਵਾਹਿਆ ਹੋਇਆ ਸੀ, ਤੇ ਉਹਨਾਂ 'ਤੇ ਛੋਟੇ-ਛੋਟੇ ਫੁੱਲਾਂ ਵਾਲੇ ਕਲਿੱਪ ਲਾਏ ਹੋਏ ਸਨ। ਗੋਲ, ਮੋਟੀਆਂ ਅੱਖਾਂ, ਥੋੜ੍ਹੀਆਂ ਭੂਰੀਆਂ ਜਿਹੀਆਂ, ਚਮਕਦੇ ਹੋਏ ਦੋ ਤਾਰੇ ਲੱਗ ਰਹੀਆਂ ਸਨ। ਕੁਝ ਗੋਲ-ਮਟੋਲ ਗੱਲ੍ਹਾਂ ਜਿਨ੍ਹਾਂ ਦੀ ਲਾਲੀ ਤੋਂ ਉਹਦਾ ਰੰਗ ਗੋਰੇ ਤੋਂ ਜ਼ਰਾ ਸਾਂਵਲੇ ਵੱਲ ਲੱਗ ਰਿਹਾ ਸੀ। ਸਭ ਤੋਂ ਖ਼ੂਬਸੂਰਤ ਉਹਦੀ ਮੁਸਕੁਰਾਹਟ ਸੀ। ਹੱਸਦਿਆਂ ਉਹਦੇ ਛੋਟੇ ਛੋਟੇ ਜਿਹੇ, ਖ਼ਰਗੋਸ਼ ਵਰਗੇ ਦੰਦ ਦੇਖ ਕੇ ਹਰ ਕੋਈ ਦੁਨੀਆ ਭੁੱਲ ਸਕਦਾ ਸੀ।

ਜਦੋਂ ਉਹ ਬੱਸ 'ਤੇ ਚੜ੍ਹੇ ਤਾਂ ਉਹ ਥੱਲੇ ਖੜ੍ਹੇ ਆਪਣੇ ਡੈਡੀ ਨੂੰ ਦੇਖ ਕੇ ਥੋੜ੍ਹਾ ਜਿਹਾ ਰੋਈ ਤੇ ਜ਼ਿਦ ਵੀ ਕੀਤੀ। ਤੇ ਉਹਦੀ ਰੋਂਦੂ ਜਿਹੀ ਸ਼ਕਲ ਦੇਖ ਮੇਰਾ ਵੀ ਦਿਲ ਭਾਰਾ ਜਿਹਾ ਹੋ

ਗਿਆ। ਪਰ ਜਿਵੇਂ ਹੀ ਬੱਸ ਤੁਰੀ, ਉਹ ਪਹਿਲਾਂ ਜ਼ਰਾ ਚੁੱਪ ਹੋ ਗਈ, ਤੇ ਫਿਰ ਹੱਸਣ ਲੱਗ ਪਈ। ਮੇਰੀ ਨਜ਼ਰ ਉਵੇਂ ਦੀ ਉਵੇਂ, ਉਹਦੇ ਉੱਤੇ ਹੀ ਟਿਕੀ ਹੋਈ ਸੀ। ਤੇ ਫਿਰ ਉਸ ਵੀ ਮੇਰੇ ਵੱਲ ਦੇਖਿਆ। ਮੈਂ ਜ਼ਰਾ ਕੁ ਹੱਸਿਆ ਤਾਂ ਉਹ ਹੋਰ ਖਿੜ ਖਿੜ ਹੱਸਣ ਲੱਗ ਪਈ। ਉਸਦੀ ਮੰਮੀ ਨੇ, ਬੱਸ ਤੁਰਨ 'ਤੇ, ਉਸ ਨੂੰ ਆਪਣੀ ਗੋਦੀ ਵਿੱਚ ਬਿਠਾਅ ਲਿਆ, ਸਾਹਮਣੇ ਵੱਲ ਕਰ ਕੇ। ਪਰ ਉਹ ਉੱਛਲ ਕੇ ਮੇਰੇ ਵੱਲ ਘੁੰਮ ਗਈ। ਤੇ ਮੈਨੂੰ ਹਾਕਾਂ ਮਾਰਨ ਲੱਗੀ। ਉਸਦੀ ਹਾਕ ਵਿੱਚ ਕੋਈ ਸ਼ਬਦ ਨਹੀਂ ਸਨ, ਬੱਸ ਹਾਕ ਸੀ, ਜਿਵੇਂ ਅਸੀਂ ਆਪਣੇ ਬੜੇ ਕਰੀਬੀ ਨੂੰ ਮਾਰਦੇ ਹਾਂ; ਜਿਸ ਨੂੰ ਪਤਾ ਹੁੰਦਾ ਹੈ, ਬਿਨਾਂ ਸ਼ਬਦਾਂ ਤੋਂ ਵੀ, ਕਿ ਕੀ ਕਿਹਾ ਜਾ ਰਿਹਾ ਹੈ। ਤੇ ਉਸਦੀ ਗੱਲ ਮੈਂ ਵੀ ਸਮਝ ਗਿਆ। ਉਹ ਮੇਰੇ ਨਾਲ ਖੇਡਣਾ ਚਾਹੁੰਦੀ ਸੀ। ਮੈਂ ਉਸ ਵੱਲ 'ਹੈਲੋ' ਕਰਨ ਲਈ ਹੱਥ ਅੱਗੇ ਵਧਾਇਆ ਤਾਂ ਚਾਂਭਲ ਕੇ, ਹੱਸਦਿਆਂ, ਉਸ ਨੇ ਮੇਰੇ ਨਾਲ ਹੱਥ ਮਿਲਾਇਆ ਤੇ ਫਿਰ ਖਿੜ-ਖਿੜ ਹੱਸਣ ਲੱਗ ਪਈ। ਉਸ ਦੀ ਮੰਮੀ ਨੇ ਉਸ ਦਾ ਹਾਸਾ ਸੁਣ ਕੇ ਜ਼ਰਾ ਘੁੰਮ ਕੇ ਪਿੱਛੇ ਵੇਖਿਆ ਤੇ ਇੱਕ ਬੜੀ ਤਿੱਖੀ ਮੁਸਕਰਾਹਟ ਛੱਡ ਕੇ ਆਪਣੀ ਧੀ ਨੂੰ ਚੁੰਮ ਲਿਆ ਤੇ ਵਾਪਸ ਅੱਗੇ ਵੱਲ ਵੇਖਣ ਲੱਗ ਪਈ। ਉਸਦੀ ਮੁਸਕਾਨ ਏਨੀ ਤਿੱਖੀ ਸੀ ਕਿ ਪਲ ਵਿੱਚ ਹੀ ਮੇਰੇ ਦਿਲ ਦੇ ਅੰਦਰ ਲੰਘ ਗਈ, ਪਰ ਇਸ ਮੁਸਕਾਨ ਨੇ ਕੋਈ ਜ਼ਖ਼ਮ ਨਹੀਂ ਦਿੱਤਾ, ਸਗੋਂ ਠਰਦੇ ਦਿਲ ਨੂੰ ਬੁੱਕਲ ਵਿੱਚ ਲੈ ਲਿਆ ਸੀ। ਜਵਾਨੀ ਦੀ ਅਦਾ ਤੇ ਮਾਂ ਦੀ ਮਮਤਾ ਨਾਲ ਭਿੱਜੀ ਸੀ ਉਸਦੀ ਇਹ ਮੁਸਕਾਨ, ਜਿਸ ਵਿੱਚ ਸੁਹਜ ਤੇ ਸੱਚ ਸ਼ਾਇਦ ਏਨਾ ਰਲ ਚੁੱਕੇ ਸਨ ਕਿ ਵੱਖਰੇ ਵੱਖਰੇ ਪਛਾਣੇ ਵੀ ਨਹੀਂ ਸੀ ਜਾ ਸਕਦੇ। ਤੇ, ਮਾਂ ਵੱਲੋਂ ਚੁੰਮੇ ਜਾਣ 'ਤੇ ਉਹ ਕੁੜੀ ਏਨੀ ਖ਼ੁਸ਼ ਹੋਈ ਕਿ ਉਸਨੂੰ ਵੇਖ ਲੱਗਦਾ ਸੀ ਕਿ ਜਿਵੇਂ ਸਾਰਾ ਸੰਸਾਰ ਖ਼ੁਸ਼ੀ ਵਿੱਚ ਹੱਸ ਰਿਹਾ ਹੋਵੇ.. ਤੇ ਲੱਗਦਾ ਸੀ ਕਿ ਉਸਦੀ ਮਾਂ ਦੀ ਮੁਸਕਾਨ ਸ਼ੀਸ਼ੇ 'ਚ ਪੈਂਦੀ ਧੁੱਪ ਦੀ ਲਿਸ਼ਕੋਰ ਵਰਗੀ ਹੈ ਤੇ ਉਸ ਬੱਚੀ ਦੀ ਮੁਸਕਾਨ ਅਸਲ ਧੁੱਪ।

ਏਨੇ ਚਿਰ ਵਿੱਚ ਬੱਸ ਚੱਲਦੀ ਚੱਲਦੀ ਕੱਥੂਨੰਗਲ ਵਾਲੇ ਟੋਲ 'ਤੇ ਪਹੁੰਚ ਚੁੱਕੀ ਸੀ। ਅਸੀਂ ਇੱਕ ਦੂਸਰੇ ਨਾਲ ਖੇਡਣ ਲੱਗ ਪਏ। ਮੈਂ ਆਪਣੇ ਦੋਹਾਂ ਹੱਥਾਂ ਨਾਲ ਆਪਣਾ ਮੂੰਹ ਲੁਕਾਅ, ਕਦੇ ਥੱਲੇ ਨੂੰ ਹੱਥ ਖੋਲ੍ਹ, ਕਦੇ ਸਾਈਡਾਂ ਨੂੰ ਹੱਥ ਖੋਲ੍ਹ ਕੇ, ਉਸ ਨਾਲ ਲੁਕਣ ਮੀਚੀ ਖੇਡਣ ਲੱਗ ਪਿਆ। ਜਦੋਂ ਮੈਂ ਹੱਥ ਖੋਲ੍ਹ ਕੇ 'ਝਾਅ!' ਕਹਿੰਦਾ ਤਾਂ ਉਹ, ਹੱਸਦੀ ਹੋਈ, ਉਸ ਫੁੱਲ ਵਰਗੀ ਲੱਗਦੀ ਜੋ ਬਾਰਿਸ਼ ਵਿੱਚ ਤਾਜ਼ਾ ਖਿੜਿਆ ਹੋਵੇ ਤੇ ਤ੍ਰੇਲ ਨਾਲ ਭਿੱਜੀਆਂ ਉਸਦੀਆਂ ਪੱਤੀਆਂ ਮਹਿਕਾਂ ਵੰਡ ਰਹੀਆਂ ਹੋਣ। ਤੇ ਉਸ ਨੂੰ ਹੱਸਦਿਆਂ ਦੇਖ ਕੇ ਮੈਂ ਵੀ ਹੱਸਣ ਲੱਗ ਪੈਂਦਾ। ਫਿਰ ਮੇਰੀ ਰੀਸ ਕਰਦੀ ਉਹ ਵੀ ਆਪਣੇ ਛੋਟੇ ਜਿਹੇ ਹੱਥਾਂ ਨਾਲ ਆਪਣਾ ਚਿਹਰਾ ਲੁਕਾਉਣ ਦੀ ਕੋਸ਼ਿਸ਼ ਕਰਦੀ। ਪਰ ਉਸਦੇ ਛੋਟੇ ਜਿਹੇ ਹੱਥ ਉਸਦਾ ਚਿਹਰਾ ਨਾ ਲੁਕਾਅ ਪਾਉਂਦੇ। ਉਸਦੇ ਹੱਥਾਂ ਪਿੱਛੇ ਉਸਦਾ ਮਸੂਮ ਜਿਹਾ ਚਿਹਰਾ, ਸ਼ਰਾਰਤੀ ਰੰਗ ਵਿੱਚ ਰੰਗਿਆ, ਹੋਰ ਪਿਆਰਾ ਲੱਗਦਾ। ਤੇ ਕਈ ਵਾਰ ਉਸਦੇ ਹੱਥ ਆਪਣੇ ਚਿਹਰੇ ਦੇ ਅੱਗੇ ਨਹੀਂ ਬਲਕਿ ਏਧਰ-ਓਧਰ ਹੀ ਹੁੰਦੇ- ਤੇ ਕਦੇ ਉਹ ਆਪਣਾ ਮੱਥਾ ਲੁਕਾਅ ਲੈਂਦੀ, ਕਦੇ ਸਿਰ ਤੇ ਕਦੇ ਗਰਦਨ। ਤੇ ਇਓਂ ਖੇਡਦੀ ਖੇਡਦੀ, ਉਹ, ਹਰ ਵਾਰ, ਪਹਿਲਾਂ ਨਾਲੋਂ ਵੀ ਵੱਧ ਪਿਆਰੀ ਲੱਗਦੀ। 'ਝਾਅ' ਉਸ ਤੋਂ ਪੂਰਾ ਕਿਹਾ ਨਹੀਂ ਸੀ ਜਾਂਦਾ, ਇਸ ਲਈ ਕਦੇ 'ਤਾਅ' ਕਹਿ ਦਿੰਦੀ ਤੇ ਕਦੇ 'ਚਾਅ' ਕਹਿ ਦਿੰਦੀ। ਕਹਿੰਦੇ ਨੇ ਕਿ ਅਨਹਦ ਨਾਦ ਸੁਣ ਕੇ ਬੰਦੇ ਦੀ ਸੁਰਤ ਇਕਾਗਰ ਹੋ ਜਾਂਦੀ ਹੈ.. ਤੇ ਮਨ ਸ਼ਾਂਤ ਹੋ ਜਾਂਦਾ ਹੈ..। ਤੇ ਮੈਨੂੰ ਉਸ ਦੇ 'ਤਾਅ' ਤੇ 'ਚਾਅ' 'ਅਨਹਤ ਨਾਦ' ਹੀ ਲੱਗ ਰਹੇ ਸਨ। ਜਦੋਂ, ਆਪਣੀ ਵਾਰੀ ਆਉਣ 'ਤੇ ਮੈਂ ਆਪਣਾ ਮੂੰਹ ਲੁਕਾਉਂਦਾ, ਤਾਂ ਕਦੇ ਸਾਈਡ ਤੋਂ ਤੇ ਕਦੇ ਥੱਲਿਓਂ ਦੀ ਹੋ ਕੇ, ਉਹ ਮੇਰਾ ਮੂੰਹ ਵੇਖਣ ਦੀ ਕੋਸ਼ਿਸ਼ ਕਰਦੀ। ਤੇ ਜੇ ਮੇਰਾ ਮੂੰਹ ਵਿਖ ਜਾਂਦਾ ਤਾਂ ਹੱਸਣ ਲੱਗ ਪੈਂਦੀ। ਇਉਂ ਲੱਗ ਰਿਹਾ ਸੀ ਕਿ ਮੈਂ ਉਸਦੀ ਸਮੁੱਚੀ ਦੁਨੀਆ ਹੋ ਗਿਆ ਹਾਂ ਤੇ ਉਹ ਮੇਰੀ ਸਮੁੱਚੀ ਦੁਨੀਆ ਹੋ ਗਈ ਹੈ। ਆਸੇ-ਪਾਸੇ ਤੋਂ ਬੇਧਿਆਨ ਅਸੀਂ ਸਾਰੇ ਸਫ਼ਰ ਵਿੱਚ ਹੀ ਖੇਡਦੇ ਰਹੇ। ਤੇ ਸਾਡੀ ਇਸ ਖੇਡ ਵਿੱਚ ਉਦੋਂ ਹੀ ਆ ਕੇ ਰੁਕਾਵਟ ਪਈ ਜਦੋਂ ਬੱਸ 'ਸੈਲੀਬ੍ਰੇਸ਼ਨ ਮਾਲ' ਦੇ ਬਾਹਰ ਆ ਕੇ ਰੁਕੀ ਤੇ ਉਸ ਦੀ ਮੰਮੀ ਨੇ, ਉਸਨੂੰ ਗੋਦੀ ਚੁੱਕਦਿਆਂ ਬੱਸ ਤੋਂ ਉਤਰਨ ਦੀ ਤਿਆਰੀ ਕਰ ਲਈ।

ਕੁਝ ਸਵਾਰੀਆਂ, ਜੋ ਜਾਂ ਤਾਂ ਅਕਸਰ ਆਉਣ ਜਾਣ ਵਾਲੀਆਂ ਹੁੰਦੀਆਂ ਹਨ ਜਾਂ ਬਹੁਤੀ ਕਾਹਲੀ ਵਿੱਚ, ਬੱਸ ਦੇ ਰੁਕਣ ਤੋਂ ਪਹਿਲਾਂ ਹੀ ਬਾਰੀ ਕੋਲ ਪਹੁੰਚ ਜਾਂਦੀਆਂ ਹਨ- ਤੇ ਓਹੀ, ਬੱਸ ਦੇ ਰੁਕਣ 'ਤੇ ਫਟਾਫਟ ਉਤਰਨ ਲੱਗੀਆਂ। ਤੇ ਉਸੇ ਸਮੇਂ ਵਿਚ ਹੀ ਮੇਰੀ ਪਿਆਰੀ ਦੋਸਤ ਤੇ ਉਸਦੀ ਮੰਮੀ ਵੀ ਉਤਰਨ ਲਈ ਆਪਣੀ ਸੀਟ ਤੋਂ ਉੱਠ ਕੇ ਬਾਰੀ ਵੱਲ ਜਾਣ ਲੱਗੀਆਂ। ਬਾਰੀ ਤੋਂ ਦੂਜੀ ਸੀਟ 'ਤੇ ਹੀ ਉਹ ਸਨ, ਤੇ ਬੱਚੀ ਕਰਕੇ ਉਸ ਲੇਟ ਉੱਠਣ ਦਾ ਫ਼ੈਸਲਾ ਲਿਆ ਸੀ, ਜੋ ਕਿ ਬੱਸ ਦੀਆਂ ਸਵਾਰੀਆਂ, ਕੰਡਕਟਰ ਤੇ ਡਰਾਈਵਰ ਵੱਲੋਂ ਵੀ 'ਮਨਜ਼ੂਰ' ਕਰ ਲਿਆ ਗਿਆ ਸੀ- ਨਹੀਂ ਤਾਂ, ਜੇ ਕੋਈ ਹੋਰ ਹੁੰਦਾ, ਤਾਂ ਕੰਡਕਟਰ ਨੇ ਝੱਟ ਖਿਝ ਕੇ ਤਾਹਨਾ ਮਾਰ ਦੇਣਾ ਸੀ, ''ਪਹਿਲਾਂ ਸੁੱਤੇ ਸੀ?!''

ਉਸ ਦਾ ਧਿਆਨ, ਉੱਤਰਦਿਆਂ ਹੋਇਆਂ ਵੀ, ਮੇਰੇ ਵੱਲ ਹੀ ਰਿਹਾ। ਤੇ ਉੱਤਰ ਕੇ ਵੀ ਉਹ ਬਾਰੀ ਵਿੱਚੋਂ ਮੇਰੇ ਵੱਲ ਦੇਖਦੀ ਰਹੀ। ਮੈਂ ਉਸ ਨੂੰ 'ਬਾਇ!' ਕਰਨ ਲਈ ਹੱਥ ਹਿਲਾਇਆ ਤਾਂ ਉਹ ਵੀ ਹੱਥ ਹਿਲਾਅ ਕੇ ਮੈਨੂੰ 'ਬਾਇ-ਬਾਇ' ਕਰਨ ਲੱਗੀ। ਫੇਰ, ਜਿਵੇਂ ਤੁਹਾਡੇ ਬਾਗ਼ ਵਿੱਚ ਖਿੜਿਆ ਕੋਈ ਫੁੱਲ ਹਵਾ ਦੇ ਹੱਥ ਤੁਹਾਡੇ ਲਈ ਮਹਿਕ ਭੇਜਦਾ ਹੈ, ਉਸ ਮੇਰੇ ਲਈ 'ਫ਼ਲਾਇੰਗ ਕਿੱਸ' ਭੇਜੀ। ਤੇ ਉਸਦੀ ਮਾਂ ਨੇ ਉਸਨੂੰ

ਘੁੱਟ ਕੇ ਜੱਫੀ ਪਾ ਕੇ ਚੁੰਮ ਲਿਆ। ਏਨੇ ਚਿਰ ਵਿੱਚ ਬੱਸ ਤੁਰ ਪਈ ਤੇ ਉਸਦੀਆਂ ਨਜ਼ਰਾਂ ਤੋਂ ਮੈਂ ਅੱਗੇ ਲੰਘ ਗਿਆ...। ਬੱਸ ਅੱਗੇ ਲੰਘ ਰਹੀ ਸੀ, ਤੇ ਉਹ ਦੋਵੇਂ ਆਪਸ ਵਿੱਚ ਖੇਡਣ ਲੱਗ ਪਈਆਂ ਸਨ। ਤੇ ਮੈਂ ਆਪਣੀ ਸੀਟ ਤੋਂ ਉਤਰਨ ਲਈ ਤਿਆਰ ਹੋਣ ਲੱਗ ਪਿਆ, ਕਿਉਂਕਿ ਕੰਡਕਟਰ ਨੇ ਮੇਰਾ ਲੇਟ ਉੱਤਰਨਾ ਤਾਂ ਮਨਜ਼ੂਰ ਨਹੀਂ ਸੀ ਕਰਨਾ! ਪਟਰੋਲ ਪੰਪ ਤੋਂ, ਬੱਸ, ਮੈਨੂੰ ਲਾਹ ਕੇ ਖੱਬੇ ਮੁੜ ਗਈ ਤੇ ਮੈਂ ਸੱਜੇ ਨੂੰ ਹੋ ਗਿਆ।

ਮੈਂ ਆਟੋ ਹਮੇਸ਼ਾ ਅਗਲੇ ਚੌਂਕ 'ਚੋਂ ਹੀ ਫੜਦਾ ਸਾਂ, ਕਿਉਂਕਿ ਏਥੋਂ ਸਿੱਧੇ ਜਾਣ ਜਾਂ ਅਗਲੇ ਚੌਂਕ 'ਚੋਂ ਫਿਰ ਆਟੋ ਬਦਲ ਕੇ ਜਾਣ ਵਿੱਚ ਦਸ ਰੁਪਏ ਜ਼ਿਆਦਾ ਲੱਗਦੇ ਸਨ। ਪੰਜ ਮਿੰਟ ਤਾਂ ਤੁਰ ਕੇ ਜਾਂਦਿਆਂ ਲੱਗਦੇ ਸਨ ਅਗਲੇ ਚੌਂਕ ਤੱਕ, ਤੇ ਪੰਜ ਮਿੰਟ ਲਈ ਦਸ ਰੁਪਏ ਦੇਣਾ ਮੈਨੂੰ ਮਨਜ਼ੂਰ ਨਹੀਂ ਸੀ। ਥੋੜ੍ਹੀ ਜਿਹੀ ਗਰਮੀ ਜ਼ਰੂਰ ਲੱਗਦੀ ਸੀ, ਪਰ ਦੱਸ ਰੁਪਏ ਖਰਚ ਕੇ ਬਹੁਤਾ ਮਾੜਾ ਲੱਗਦਾ ਸੀ, ਜਿਹੜੇ ਮੈਂ ਬੱਸ ਬਹੁਤੇ ਸ਼ੱਰਾਟੇਦਾਰ ਮੀਂਹ 'ਚ ਹੀ ਖਰਚਦਾ ਸਾਂ। ਪਰ ਅੱਜ ਮੈਨੂੰ ਗਰਮੀ ਨਹੀਂ ਸੀ ਲੱਗ ਰਹੀ, ਸਗੋਂ ਮੈਂ ਠੰਢਕ ਨਾਲ ਭਰਿਆ ਸਾਂ। ਇੱਕ ਅਜੀਬ ਜਿਹੀ ਖ਼ੁਸ਼ੀ ਸਰੀਰ ਨੂੰ ਉਡਾਅ ਕੇ ਲਈ ਜਾਂਦੀ ਸੀ। ਹਵਾ 'ਚ ਉੱਡਦਾ ਉੱਡਦਾ ਹੀ ਮੈਂ ਦਫ਼ਤਰ ਪਹੁੰਚ ਚੁੱਕਾ ਸਾਂ। ਸ਼ਟਰ ਚੁੱਕਿਆ ਤਾਂ ਸ਼ੀਸ਼ੇ ਦੇ ਬਣੇ ਬੂਹੇ ਵਿੱਚ ਮੈਨੂੰ ਮੇਰਾ ਪਰਛਾਵਾਂ ਵਿਖ ਰਿਹਾ ਸੀ- ਤੇ ਮੈਂ ਪਹਿਲੀ ਵਾਰ ਆਪਣੇ ਆਪ ਨੂੰ ਹੱਸਦਿਆਂ ਦੇਖ ਰਿਹਾ ਸਾਂ, ਤੇ ਉਹ ਵੀ ਏਨਾ ਖੁੱਲ੍ਹ ਕੇ ਹੱਸਦਿਆਂ! ਇੱਕ ਅਜੀਬ ਜਿਹਾ ਖ਼ੁਮਾਰ ਤੇ ਖ਼ੁਸ਼ੀ ਮੇਰੀਆਂ ਰਗਾਂ 'ਚ ਦੌੜ ਰਹੀ ਸੀ। ਤੇ ਸ਼ਾਇਦ ਪਹਿਲੀ ਵਾਰ ਜ਼ਿੰਦਗੀ ਜਿਊਣ ਦਾ ਮਜ਼ਾ ਲੈਂਦਾ, ਕੁਝ ਹੋਰ ਨਹੀਂ ਸੀ ਸੋਚ ਰਿਹਾ। ਮੈਨੂੰ ਲੱਗ ਰਿਹਾ ਸੀ ਕਿ ਸ਼ਾਇਦ ਰਿਸ਼ੀਆਂ ਮੁਨੀਆਂ ਨੂੰ ਮਿਲਦਾ 'ਨਿਰਵਾਣ' ਇਹੋ ਜਿਹਾ ਹੀ ਹੁੰਦਾ ਹੋਵੇਗਾ... ਜਦੋਂ ਇਨਸਾਨ ਦੁਨੀਆ ਤੋਂ ਸਾਰੇ ਨਾਤੇ ਤੋੜ ਜ਼ਿੰਦਗੀ ਦੇ ਉਸ ਚੱਲ ਰਹੇ ਪਲ ਵਿੱਚ ਹਾਜ਼ਰ ਹੋ ਜਾਂਦਾ ਹੋਏ- ਜਿਵੇਂ ਮੇਰੀ ਉਹ ਪਿਆਰੀ ਜਿਹੀ ਦੋਸਤ ਹਾਜ਼ਰ ਸੀ ਆਪਣੇ ਹਰ ਪਲ ਵਿੱਚ, ਤੇ ਜਿਵੇਂ ਮੈਂ, ਆਪਣੀ ਉਸ ਨਿੱਕੀ ਜਿਹੀ ਪਿਆਰੀ ਦੋਸਤ ਦੇ ਨਾਲ ਸਾਂ, ਹਰ ਪਲ ।



# ਰਫ਼ਿਊਜੀ ਦਾ ਐਲਾਨ

## ਲੇ-ਲੇ ਪਥਜਲ*

ਸੁਣ!
ਮੇਰਾ ਨਾਂ ਹੈ ਲੇਲੇ ਕਵੀ
ਤੇ ਮੈਂ ਤੈਨੂੰ ਕੁਝ ਦੱਸਣਾ ਹੈ,
ਦੁਨੀਆ!
ਤਾਂ, ਮੈਨੂੰ ਰਫ਼ਿਊਜੀ ਨਾ ਸੱਦ
ਸੱਦ ਲੈ ਮੈਨੂੰ ਆਤਮਾ ਅਜੇ ਵੀ
ਸਾਹ ਲੈਂਦੀ
ਸੱਦ ਮੈਨੂੰ ਟੁੱਟਾ ਸੁਫ਼ਨਾ ਅਜੇ ਵੀ
ਯਕੀਨ ਕਰਦਾ,
ਸੱਦ ਮੈਨੂੰ ਖ਼ਮੋਸ਼ ਦਿਲ ਅਜੇ ਵੀ ਧੜਕਦਾ
ਸੱਦ ਮੈਨੂੰ ਇੱਕ ਜ਼ਖ਼ਮੀ ਨਿਆਣਾ ਅਜੇ ਵੀ ਉੱਠਦਾ
ਮੈਂ ਹੁੰਨਾਂ ਕਾਕੂਮਾ ਰਫ਼ਿਊਜੀ ਕੈਂਪ ਵਿਚ
ਜਿੱਥੇ ਸਾਝਰਾ ਸ਼ੁਰੂ ਹੁੰਦੈ ਉਡੀਕਣ ਨਾਲ, ਜਸ਼ਨਾਂ ਨਾਲ ਨਹੀਂ
ਜਿੱਥੇ ਮਾਵਾਂ ਜਾਗਦੀਆਂ ਨੇ ਦੁਆਵਾਂ ਕਰਦੀਆਂ
ਤੇ ਖਾਲੀ ਪਤੀਲੇ ਜਾਣ ਗਾਉਂਦੇ ਗੀਤ
ਮੈਂ ਵੇਖੀ ਭੁੱਖ ਮੁਸਕਾਉਂਦੀ, ਜਦੋਂ ਨਿੱਕੇ ਬੱਚੇ ਐਵੀਂ-ਮੁੱਚੀ ਦਾ ਕੁਝ ਕਰਦੇ
ਮੈਂ ਵੇਖੇ ਪਿਓ ਟੁੱਟਦੇ, ਸੱਦਦੇ ਇਸਨੂੰ 'ਬਚੇ-ਤੁਰੇ-ਜਾਂਦੇ ਹਾਂ'
ਮੈਂ ਵੇਖੀਆਂ ਮਾਵਾਂ ਰੋਂਦੀਆਂ, ਅਖੇ ਅਸੀਂ ਹਾਂ ਮਾਵਾਂ ਵਾਲੇ ਕੰਮ ਲੱਗੀਆਂ
ਹਰ ਸੂਰਜ ਚੜ੍ਹਦਾ ਫੁਸਫੁਸਾਉਂਦੈ -ਲੜਾਈ ਜਾਰੀ ਰੱਖੋ
ਹਰ ਸ਼ਾਮ ਢਲਦਾ ਸੂਰਜ ਜੁਆਬ ਦਿੰਦੈ -ਆਸ ਜਗਾਈ ਰੱਖੋ
ਉਨ੍ਹਾਂ ਦਿੱਤੈ ਮੈਨੂੰ ਇੱਕ ਨੰਬਰ, ਕੋਸ਼ਿਸ਼ ਹੈ ਮਿਟਾਉਣ ਦੀ ਮੇਰਾ ਨਾਂ
ਉਨ੍ਹਾਂ ਬੰਨ੍ਹੀ ਮੇਰੀ ਇੱਕ ਸਰਹੱਦ - ਕੋਸ਼ਿਸ਼ ਕਰਦੇ ਮੈਂ ਨਾ ਕੁਝ ਬਣਾਂ
ਉਹ ਦੱਸਦੇ ਮੈਨੂੰ ਭੁੱਲਿਆ ਵਿੱਸਰਿਆ, ਪਰ ਮੈਂ ਤਾਂ ਫੇਰ ਵੀ ਹਿੱਲੀ ਜਾਂਦਾ ਹਾਂ

ਤਾਂ ਮੈਂ ਇੱਕ ਕਲਮ ਚੁੱਕੀ ਹੈ, ਆਪਣਾ ਆਪ ਫੜਾਅ ਦੇਣ ਦੀ ਥਾਂ
ਤੇ ਮੈਂ ਚੱਲਦਾ ਹੀ ਰਿਹਾਂ- ਆਪਣਾ ਆਪਾ ਲੁਕਾਉਣ ਦੀ ਥਾਂ
ਹਰ ਮਿਸਰਾ ਬਣ ਗਿਆ ਦਾਰੂ, ਹਰ ਕਾਫ਼ੀਆ ਬਣ ਗਿਆ ਸਾਹ
ਹਰ ਮੰਚ ਬਣ ਗਿਆ ਸਬੂਤ ਕਿ ਇਹ ਦਰਦ ਮੂੱਕ ਨਹੀਂ ਰਿਹਾ
ਤਾਂ ਮੈਂ ਇੱਥੇ ਖਲੋਤਾਂ, ਇਹ ਨਹੀਂ ਕਹਿੰਦਾ ਕਿ ਤਰਸ ਕਰੋ ਮੇਰੇ 'ਤੇ
ਮੈਂ ਇੱਥੇ ਖਲੋਤਾਂ ਹੱਕ ਨਾਲ ਮੰਗਦਾ- ਕਿ ਅਣਡਿੱਠ ਨਾ ਕੀਤਾ ਜਾਵਾਂ

ਕਿਉਂਕਿ ਹਰ ਤੰਬੂ ਦੇ ਪਿੱਛੇ ਹੈ ਲਡਿਆਉਣਾ-ਪਿਆਰਨਾ
ਜ਼ਖ਼ਮਾਂ ਦੇ ਹਰ ਦਾਗ਼ ਦੇ ਪਿੱਛੇ ਹੈ ਤੰਦਰੁਸਤੀ ਦਾ ਵਧਣਾ
ਹਰ ਰਫ਼ਿਊਜੀ ਦੇ ਪਿੱਛੇ ਹੈ - ਕੁਝ ਬਣਨਾ!
ਤਾਂ ਸੱਦੀ ਜਾਓ ਮੈਨੂੰ ਅਸੰਭਵ, ਮੈਂ ਤਾਂ ਮਾਰੀ ਜਾਣੀਆਂ ਮੱਲਾਂ
ਕਰੀ ਜਾਓ ਬੂਹੇ ਬੰਦ, ਮੈਂ ਤਾਂ ਇਹ ਖੋਲ੍ਹਣੇ ਹੀ ਖੋਲ੍ਹਣੇ
ਕਰੀ ਜਾਓ ਸ਼ੱਕ ਮੇਰੇ ਭਵਿੱਖ 'ਤੇ, ਮੈਂ ਤਾਂ ਬਣੀ ਹੀ ਜਾਣਾ ਹੈ ਕੁਝ
ਕਿਉਂਕਿ ਮੈਂ ਹਾਂ ਲੇ ਲੇ ਕਵੀ, ਬੇਅਵਾਜ਼ਾਂ ਦੀ ਅਵਾਜ਼
"ਲੇਲੇ -ਕਵੀ"। ਅਨੁ: ਪੂਨਮ ਸਿੰਘ

*"Leyley the Poet ਦੱਖਣੀ ਸੁਡਾਨ ਦੇਸ਼ ਦਾ ਹੈ, ਅੱਜ ਕੱਲ੍ਹ ਕੈਨਯਾ ਦੀ ਤੁਰਕਾਨਾ ਕੰਟ੍ਰੀ ਵਿਚ ਕਾਕੂਮਾ ਰਫ਼ਿਊਜੀ ਕੈਂਪ ਵਿਚ ਰਹਿੰਦਾ ਅਤੇ ਆਪਣਾ ਫ਼ਨ ਪੇਸ਼ ਕਰਦਾ ਹੈ।

# ਮਾਸੀ

## ਸੁਰਿੰਦਰ ਸਿੰਘ ਰਾਏਪੁਰ



ਇੱਕ ਕੋਈ ਫ਼ੋਟੋ, ਨੈੱਟ

''**ਵੇਖਿਆ** ਨਾ! ਫਿਰ ਵੀ ਐਨੇ ਚਿਰ ਬਾਅਦ ਮੈਨੂੰ ਹੀ ਮਿਲਣ ਆਉਣਾ ਪਿਆ। ਨਾ ਮੇਰੀ ਭੈਣ ਦਾ ਦਿਲ ਕੀਤਾ ਤੇ ਨਾ ਭਾਣਜੇ ਦਾ। ਮੈਂ ਤਾਂ ਪਰਖ ਲਿਆ, ਅੱਜ ਕੱਲ੍ਹ ਸਭ ਮਤਲਬ ਦੇ ਹੀ ਨੇ।''

ਹੁਨਾਲ ਦੀ ਰੁੱਤੇ ਬੱਸ ਦੇ ਸਫ਼ਰ ਕਾਰਨ ਥੱਕੀ ਟੁੱਟੀ ਮਾਸੀ ਸਾਡੇ ਘਰ ਪਹੁੰਚਦਿਆਂ ਹੀ ਖਿਝਦਿਆਂ ਬੋਲੀ।

''ਮਾਸੀ ਤੇ ਗੁੱਸਾ! ਇਹ ਤਾਂ ਬੜੀ ਹੈਰਾਨੀ ਵਾਲੀ ਗੱਲ ਹੈ। ਮਾਸੀ, ਸਭ ਠੀਕ ਠਾਕ ਤਾਂ ਹੈ?'' ਮਾਸੀ ਦਾ ਗੁੱਸਾ ਸ਼ਾਂਤ ਕਰਨ ਲਈ ਮੈਂ ਹੱਸਦਿਆਂ ਆਖਿਆ।

''ਹਾਂ, ਠੀਕ ਆ ਗੁਰਸ਼ਾਨ। ਛਾਤੀ ਹਫ਼ਦੀ ਜਾਂਦੀ ਹੈ।'' ਮਾਸੀ ਨੇ ਸੰਖੇਪ ਜਿਹਾ ਜਵਾਬ ਦਿੱਤਾ।

''ਮਾਸੜ ਦਾ ਕੀ ਹਾਲ ਐ?'' ਮੈਂ ਪੁੱਛਿਆ।

''ਠੀਕ ਨੇ।''

''ਉਨ੍ਹਾਂ ਨੂੰ ਵੀ ਨਾਲ ਲੈ ਆਉਣਾ ਸੀ।''

''ਮੈਂ ਆਖਿਆ ਤਾਂ ਸੀ ਨਹੀਂ।''

''ਮਾਸੀ, ਕੁਲਬੀਰ ਜਲੰਧਰ ਹੀ ਜੌਬ ਕਰਦਾ ਜਾਂ ਬਦਲੀ ਕਿਸੇ ਹੋਰ ਥਾਂ ਦੀ ਕਰਾਅ ਲਈ ਜੇ?'' ਮੈਂ ਗੱਲ ਅੱਗੇ ਤੋਰੀ।

''ਓਥੇ ਹੀ ਆ। ਸਵੇਰੇ ਅੱਠ ਵਜੇ ਘਰੋਂ ਨਿਕਲ ਜਾਂਦਾ ਤੇ ਨ੍ਹੇਰੇ ਹੁੰਦੇ ਘਰ ਮੁੜਦਾ।'' ਮਾਸੀ ਰੁੱਖਾ ਜਿਹਾ ਬੋਲੀ।

''ਮਾਸੀ, ਕਮਲੇਸ਼ ਦਾ ਕੀ ਹਾਲ ਐ?'' ਮੈਂ ਆਪਣੀ ਭਰਜਾਈ ਬਾਰੇ ਪੁੱਛਿਆ।

''ਉਹ ਵੀ ਠੀਕ ਆ। ਸਕੂਲੋਂ ਪੜ੍ਹਾਅ ਕੇ ਆ ਕੇ ਸੌਂ ਜਾਂਦੀ ਆ। ਫਿਰ ਸੋਨੂੰ ਤੇ ਚਿੰਕੀ ਨੂੰ ਖਿਡਾਉਣ ਬਹਿ ਜਾਂਦੀ ਆ। ਤੈਨੂੰ ਪਤਾ ਤਾਂ ਆ ਗੁਰਸ਼ਾਨ, ਅੱਜ ਕੱਲ੍ਹ ਦੀਆਂ ਪੜ੍ਹੀਆਂ ਲਿਖੀਆਂ ਬਹੂਆਂ ਕਿਵੇਂ ਦੀਆਂ ਨੇ।'' ਮਾਸੀ ਨੇ ਗੋਲ ਮੋਲ ਜਿਹਾ ਜਵਾਬ ਦੇ ਕੇ ਗੱਲ ਓਥੇ ਹੀ ਨਿਬੇੜ ਦਿੱਤੀ।

ਮਾਸੀ ਨਾਲ ਮੈਂ ਢੇਰ ਸਾਰੀਆਂ ਗੱਲਾਂ ਕਰ ਲਈਆਂ ਸਨ। ਉਸ ਤੋਂ ਸਾਰੇ ਪਰਿਵਾਰ ਦੀ ਸੁੱਖ ਸਾਂਦ ਪੁੱਛਣ ਤੋਂ ਬਾਅਦ ਅਸੀਂ ਸਭ ਨੇ ਇਕੱਠਿਆਂ ਚਾਹ ਵੀ ਪੀ ਲਈ ਸੀ। ਪਰ ਮਾਸੀ ਆਪਣੇ ਆਪ ਕੋਈ ਗੱਲ ਨਾ ਤੋਰਦੀ। ਜਿੰਨਾ ਪੁੱਛੋ, ਓਨਾ ਹੀ ਜਵਾਬ ਦੇ ਕੇ ਝੱਟ ਚੁੱਪ ਧਾਰ ਲੈਂਦੀ। ਮੇਰੇ ਮਾਤਾ ਜੀ ਕਈ ਗੱਲਾਂ ਵਿੱਚ ਉਸ ਨੂੰ ਮਖ਼ੌਲ ਵੀ ਕਰਦੇ, ਪਰ ਫਿਰ ਵੀ ਉਹ ਮੂੰਹ ਨਾ ਖੋਲ੍ਹਦੀ, ਜਿਵੇਂ ਕਿਸੇ ਰੋਸ ਮੁਜ਼ਾਹਰੇ 'ਤੇ ਬੈਠੀ ਹੋਵੇ। ਹਰ ਸਮੇਂ ਹਸੂੰ ਹਸੂੰ ਕਰਦੀ ਰਹਿਣ ਵਾਲੀ ਮਾਸੀ ਅੱਜ ਦਿਲਗੀਰ ਸੀ।

ਮਾਸੀ ਨੂੰ ਆਇਆਂ ਦੋ ਤਿੰਨ ਘੰਟੇ ਹੋ ਗਏ ਸਨ, ਪਰ ਅਜੇ ਤੱਕ ਵੀ ਉਹ ਓਦਰੀ ਓਦਰੀ ਜਿਹੀ ਹੀ ਬੈਠੀ ਸੀ। ਹਰ ਗੱਲ ਦਾ ਰੁੱਖਾ ਤੇ ਸੰਕੋਚਵਾਂ ਜਿਹਾ ਜਵਾਬ ਦੇ ਕੇ ਟਾਲ਼ਾ ਵੱਟਣ ਦੀ ਕੋਸ਼ਿਸ਼ ਵਿੱਚ ਹੀ ਦਿਸਦੀ।

''ਮਾਸੀ, ਤੁਹਾਡੀ ਸਿਹਤ ਠੀਕ ਹੈ?'' ਮੈਂ ਕੋਈ ਨਾ ਕੋਈ ਗੱਲ ਸ਼ੁਰੂ ਕਰ ਕੇ ਮਾਸੀ ਦੇ ਮਨ ਦਾ ਹਾਲ ਟੋਹਣ ਦੇ ਚੱਕਰ ਵਿੱਚ ਸਾਂ।

''ਗੁਰਸ਼ਾਨ, ਭਲਾ ਮੇਰੀ ਸਿਹਤ ਨੂੰ ਕੀ ਹੋਣਾ ਹੈ। ਚੰਗੀ ਭਲੀ ਘੋੜੇ ਵਰਗੀ ਪਈ ਆਂ।'' ਉਹ ਕੁਝ ਹੱਸਦਿਆਂ ਜਿਹਾ ਬੋਲੀ।

''ਨਹੀਂ, ਨਹੀਂ, ਮਾਸੀ। ਮੇਰਾ ਕਹਿਣ ਦਾ ਮਤਲਬ, ਅੱਜ ਤੁਹਾਡਾ ਚਿਹਰਾ ਕੁਝ ਉਤਰਿਆ ਉਤਰਿਆ ਜਿਹਾ ਜਾਪਦਾ ਐ।''

''ਤੈਨੂੰ ਐਵੇਂ ਲੱਗਦਾ। ਮੈਂ ਤਾਂ ਬਿਲਕੁਲ ਠੀਕ ਆਂ। ਅੱਜ ਗਰਮੀ ਬਹੁਤ ਐ ਨਾ। ਬੱਸ ਅੱਡੇ ਤੋਂ ਪੈਦਲ ਤੁਰ ਕੇ ਆਈ ਆਂ।''

''ਮਾਸੀ, ਤੁਸੀਂ ਇਓਂ ਕਰੋ, ਘੰਟਾ ਕੁ ਅਰਾਮ ਕਰ ਲਓ। ਤੁਹਾਨੂੰ ਗਰਮੀ ਲੱਗ ਗਈ ਹੋਣੀ ਆ।'' ਮੈਂ ਸਲਾਹ ਦਿੱਤੀ।

''ਸੁਮੀਤ! ਮਾਸੀ ਨੂੰ ਨਿੰਬੂ ਪਾ ਕੇ ਠੰਢਾ ਲਿਮਕਾ ਪਿਆ। ਥੋੜ੍ਹੀ ਜਿਹੀ ਗਰਮੀ ਤੋਂ ਰਾਹਤ ਮਿਲੇ।'' ਨਾਲ ਲੱਗਦਿਆਂ ਹੀ ਮੈਂ ਆਪਣੀ ਪਤਨੀ ਨੂੰ ਆਖਿਆ।

''ਸੁਮੀਤ ਬੇਟਾ! ਹੁਣੇ ਨ੍ਹੀਂ ਮੈਂ ਕੁਝ ਵੀ ਪੀਣਾ। ਅਜੇ ਤਾਂ ਚਾਹ ਬਿਸਕੁਟਾਂ ਨਾਲ ਢਿੱਡ ਆਫਰਿਆ ਪਿਆ ਹੈ। ਬੱਸ, ਮੈਂ ਤਾਂ ਅਰਾਮ ਹੀ ਕਰਨਾ ਹੈ।'' ਮਾਸੀ ਕੁਝ ਖਿਝ ਕੇ ਹੀ ਬੋਲੀ।

''ਮਾਸੀ ਜੀ, ਜੇ ਲਿਮਕਾ ਨਹੀਂ ਪੀਣਾ ਤਾਂ ਮੈਂ ਠੰਢਾ ਦੁੱਧ ਲਿਆ ਦਿੰਦੀ ਆਂ। ਕੁਝ ਤਾਂ ਪੀਣਾ ਹੀ ਪਊਗਾ। ਗਰਮੀ ਨੇ ਤਾਂ ਅੱਜ ਅੰਦਰ ਹੀ ਵੱਟ ਕੱਢੇ ਪਏ ਆ।'' ਸੁਮੀਤ ਨੇ ਮਾਸੀ ਨੂੰ ਰਜ਼ਾਮੰਦ ਕਰਨ ਲਈ ਵਧੇਰੇ ਗਰਮੀ ਦਾ ਵਾਸਤਾ ਪਾਇਆ।

''ਬੇਟਾ ਨਹੀਂ, ਮੇਰਾ ਨ੍ਹੀਂ ਅਜੇ ਕਿਸੇ ਚੀਜ਼ ਨੂੰ ਦਿਲ ਕਰਦਾ। ਮੈਂ ਕੋਈ ਪ੍ਰਾਹੁਣੀ ਆਂ? ਜਦੋਂ ਲੋੜ ਹੋਊ, ਆਪੇ ਆਖ ਦਊਂ।'' ਮਾਸੀ ਨੇ ਸਖ਼ਤੀ ਨਾਲ, ਖੁਸ਼ਕ ਜਿਹਾ ਜਵਾਬ ਦੇ ਕੇ ਸੁਮੀਤ ਨੂੰ ਹਟਕ ਦਿੱਤਾ।

ਮਾਸੀ ਹਰ ਗੱਲ ਦਾ ਜਵਾਬ ਬੜੀ ਤੁਰਸ਼ ਮਿਜ਼ਾਜੀ ਨਾਲ ਦੇ ਰਹੀ ਸੀ। ਉਹ ਬੇਚੈਨ ਤੇ ਗੁਆਚੀ ਗੁਆਚੀ ਜਾਪਦੀ ਸੀ। ਜਿਵੇਂ ਕੋਈ ਫ਼ਲਾਸਫ਼ਰ ਆਪਣੇ ਆਪ ਵਿੱਚ ਅਲਮਸਤ ਖੁਦ ਨਾਲ ਹੀ ਸੰਵਾਦ ਰਚਾਅ ਰਿਹਾ ਹੋਵੇ। ਮਾਸੀ ਦੇ ਅਜਿਹੇ ਵਿਓਹਾਰ ਨੇ ਸਾਡੇ ਸਾਰੇ ਟੱਬਰ ਨੂੰ ਅਚੰਭੇ ਵਿੱਚ ਪਾਇਆ ਹੋਇਆ ਸੀ।

ਚਾਣਚੱਕ ਸਾਡੇ ਘਰ ਆਈ ਇੱਕ ਗੁਆਂਢਣ ਮਾਸੀ ਨੂੰ ਵੇਖਦਿਆਂ ਹੀ ਉੱਚੀ ਦੇਣੀ ਬੋਲੀ, ''ਅਵਤਾਰ ਕੌਰੇ! ਅੱਜ ਤੈਨੂੰ ਸਾਡੇ ਪਿੰਡ ਦਾ ਰਾਹ ਕਿਵੇਂ ਲੱਭ ਆਇਆ? ਤੈਨੂੰ ਮਿਲਿਆਂ ਤਾਂ ਮੁੱਦਤਾਂ ਹੀ ਹੋ ਗਈਆਂ ਨੇ। ਮੁੰਡਾ ਤਾਂ ਤੂੰ ਕੀ ਵਿਆਹਿਆ, ਤੂੰ ਤਾਂ ਮਿਲਣੋਂ ਵੀ ਗਈ।''

ਆਪਣੀ ਪੁਰਾਣੀ ਸਹੇਲੀ ਨੂੰ ਵੇਖ ਮਾਸੀ ਦਾ ਮੁਰਝਾਇਆ ਚਿਹਰਾ ਯਕਦਮ ਫੁੱਲ ਵਾਂਗ ਖਿੜ ਗਿਆ। ਮਾਸੀ ਉਸ ਨੂੰ ਮਿਲਣ ਮੰਜੇ ਤੋਂ ਇੰਝ ਉੱਠੀ ਜਿਵੇਂ ਬਿਜਲੀ ਦਾ ਕਰੰਟ ਲੱਗਾ ਹੋਵੇ। ਉਸਦੇ ਦੀਦਿਆਂ ਦੇ ਆਨੇ ਤੇਜ਼ੀ ਨਾਲ ਏਧਰ-ਓਧਰ ਫਰਕਣ ਲੱਗੇ। ਉਹ ਗੁਆਂਢਣ ਨੂੰ

ਆਪਣੀ ਗਲਵੱਕੜੀ ਵਿੱਚ ਘੁੱਟਦੀ ਉੱਚੀ-ਉੱਚੀ ਹੱਸ ਰਹੀ ਸੀ। ਜਿਵੇਂ ਉਸ ਦਾ ਚਾਅ ਡੁੱਲ੍ਹ-ਡੁੱਲ੍ਹ ਪੈ ਰਿਹਾ ਹੋਵੇ। ਮਾਸੀ ਦਾ ਅਪਸੈੱਟ ਹੋਇਆ ਮੂਡ ਖ਼ੁਸ਼ ਵੇਖ, ਸਾਡੇ ਸਾਰੇ ਟੱਬਰ ਦੇ ਚਿਹਰਿਆਂ 'ਤੇ ਵੀ ਇੱਕ ਸੁੰਦਰ ਮੁਸਕਾਨ ਖੇਡ ਰਹੀ ਸੀ।

''ਭੈਣੇਂ! ਹੋਰ ਸੁਣਾ। ਟੱਬਰ ਸਾਰਾ ਸੁੱਖ-ਸਾਂਦ ਆ?'' ਗੁਆਂਢਣ ਨੇ ਮਾਸੀ ਨਾਲ ਗੱਲ ਬਾਤ ਸ਼ੁਰੂ ਕੀਤੀ।

''ਭੈਣ, ਵਾਹਿਗੁਰੂ ਦੀ ਮਿਹਰ ਆ। ਸਭ ਰਾਜ਼ੀ-ਬਾਜ਼ੀ ਆ।'' ਮਾਸੀ ਖੁਸ਼ ਹੋ ਕੇ ਬੋਲੀ।

''ਕੁਲਬੀਰ ਤੇ ਬਹੂੜੀ ਦਾ ਕੀ ਹਾਲ ਆ?''

''ਕੁਲਬੀਰ ਜਲੰਧਰ ਬੈਂਕ 'ਚ ਮਨੇਜਰ ਲੱਗਾ ਹੋਇਆ ਤੇ ਬਹੂੜੀ ਸਕੂਲ 'ਚ ਟੀਚਰ ਆ। ਆਪਣੇ ਪਿੰਡ ਕੋਲ ਹੀ ਪੜ੍ਹਾਉਂਦੀ ਆ। ਬੱਸ ਮੌਜਾਂ ਕਰਦੇ ਐ।''

''ਅਸੀਂ ਤਾਂ ਕੁਲਬੀਰ ਦੇ ਵਿਆਹ ਵਾਲੇ ਦਿਨ ਹੀ ਦੇਖੀ ਸੀ। ਬਹੂ ਤਾਂ ਤੇਰੀ ਸਮਝਦਾਰ ਲੱਗਦੀ ਸੀ ਤੇ ਜ਼ੁਬਾਨ ਦੀ ਵੀ ਬੜੀ ਮਿੱਠੀ ਸੀ।''

''ਮੇਰੀ ਬਹੂ ਵਰਗੀ ਕਿਹੜੀ ਬਹੂ ਹੋਣੀ ਆਂ। ਸੁੱਖ ਨਾਲ ਵਿਆਹ ਨੂੰ ਚਾਰ ਪੰਜ ਸਾਲ ਹੋ ਗਏ ਆ, ਮਜਾਲ ਐ ਕਦੇ ਮੇਰੇ ਮੂਹਰੇ ਜ਼ੁਬਾਨ ਖੋਲ੍ਹੀ ਹੋਵੇ। ਸਾਰੀ ਦਿਹਾੜੀ 'ਮੰਮੀ ਜੀ, ਮੰਮੀ ਜੀ' ਕਰਦੀ ਦਾ ਮੂੰਹ ਨਹੀਂ ਥੱਕਦਾ। ਮੈਂ ਤਾਂ ਕਹਿੰਦੀ ਆਂ, ਇਹੋ ਜਿਹੀਆਂ ਬਹੂਆਂ ਰੱਬ ਘਰ ਘਰ ਦੇਵੇ।'' ਮਾਸੀ ਦਾ ਚਾਅ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ।

''ਭੈਣੇਂ, ਤੂੰ ਤਾਂ ਫੇਰ ਬੜੇ ਕਰਮਾਂ ਵਾਲੀ ਐਂ, ਜਿਹਨੂੰ ਇਹੋ ਜਿਹੀ ਆਖੇ 'ਚ ਰਹਿੰਦੀ ਬਹੂ ਮਿਲੀ ਆ। ਮੈਂ ਤਾਂ ਆਪਣੇ ਮੁੰਡੇ ਨੂੰ ਵਿਆਹ ਕੇ ਹੀ ਫਸ ਗਈ ਆਂ। ਮੇਰੀ ਬਹੂ ਤਾਂ ਕਿਸੇ ਕਾਰੀ ਦੀ ਨਹੀਂ ਐ। ਭੈਣੇਂ, ਸਭ ਕਰਮਾਂ ਦੀ ਖੇਡ ਆ।'' ਗੁਆਂਢਣ ਨੇ ਹਉਕਾ ਜਿਹਾ ਭਰਿਆ। ''ਸੁੱਖ ਨਾਲ ਹੁਣ ਤਾਂ ਤੇਰਾ ਪੋਤਾ ਵੀ ਵੱਡਾ ਹੋ ਗਿਆ ਹੋਣੈਂ?''

''ਪੋਤਾ, ਮੇਰਾ ਸੁੱਖ ਨਾਲ ਤਿੰਨ ਸਾਲਾਂ ਦਾ ਹੋ ਗਿਆ। ਸਾਲ ਦੀ ਤਾਂ ਪੋਤੀ ਵੀ ਹੋ ਗਈ ਆ। ਦੋਵੇਂ ਜਣੇ ਸਾਰੀ ਦਿਹਾੜੀ ਮੇਰੇ ਕੁੱਛੜੋਂ ਨਹੀਂ ਉਤਰਦੇ।'' ਮਾਸੀ ਹੁੱਬ ਹੁੱਬ ਦੱਸ ਰਹੀ ਸੀ।

''ਭੈਣੇਂ, ਤੇਰਾ ਮੁੰਡਾ ਵੀ ਬਥੇਰਾ ਲਾਇਕ ਐ। ਓਦਾਂ ਦੀ ਉਹਨੂੰ ਬਹੂੜੀ ਮਿਲ ਗਈ ਆ! ਹੋਰ ਤੈਨੂੰ ਕੀ ਚਾਹੀਦਾ! ਤੂੰ ਬਹੂੜੀ ਨੂੰ ਵੀ ਨਾਲ ਲਿਆਉਣਾ ਸੀ। ਤੁਸੀਂ ਦੋਵ੍ਹਾਂ ਝੱਟ ਸਕੂਟਰ 'ਤੇ ਪਹੁੰਚ ਜਾਣਾ ਸੀ। ਐਦਾਂ ਦੇ ਗਰਮੀ ਦੇ ਮੌਸਮ 'ਚ ਬੱਸਾਂ 'ਤੇ ਆਉਣਾ ਕਿਹੜਾ ਸੌਖਾ ਆ।''

''ਕੁਲਬੀਰ ਅਜੇ ਸ਼ਹਿਰੋਂ ਨਹੀਂ ਸੀ ਮੁੜਿਆ। ਬਹੂੜੀ ਥੱਕੀ ਟੁੱਟੀ ਸਕੂਲੋਂ ਆਉਂਦੀ ਆ। ਮੈਂ ਸੋਚਿਆ, ਉਹਨੂੰ ਕਾਹਨੂੰ ਤਕਲੀਫ਼ ਦੇਣੀ ਆਂ। 'ਕੱਲੀ ਹੀ ਬੱਸ ਚੜ੍ਹ ਕੇ ਜਾ ਆਉਂਦੀ ਆਂ। ਦਾਦਕਾ ਮੋਹ ਐ, ਰੁੱਸਦਾ ਐ ਭਲਾ?'' ਮਾਸੀ ਗੱਲ ਕਰ ਕੇ ਉਚੀ ਦੇਣੀ ਹੱਸੀ।

ਉੱਚੀ ਉੱਚੀ ਗੜ੍ਹਕਦੇ ਹਾਸੇ ਦੀਆਂ ਫੁਹਾਰਾਂ ਸੁਣ ਮਾਸੀ ਦੀ ਜਾਣੂ ਇੱਕ ਹੋਰ ਗੁਆਂਢਣ ਵੀ ਸਾਡੇ ਘਰ ਆ ਗਈ। ਮਾਸੀ ਉਹਨੂੰ ਵੀ ਇਓਂ ਤਪਾਕ ਨਾਲ ਮਿਲੀ ਜਿਵੇਂ ਮਿਲਣ ਲਈ ਤਰਸੀ ਪਈ ਹੋਵੇ।

ਉਨ੍ਹਾਂ ਤਿੰਨਾਂ ਦੇ ਹਾਸੇ ਠੱਠੇ ਨੇ ਸਾਡੇ ਘਰ ਦੇ ਨੀਰਸ ਮਹੌਲ ਵਿੱਚ ਤਾਜ਼ਗੀ ਭਰ ਦਿੱਤੀ ਸੀ। ਮਾਸੀ ਗੱਲਾਂ ਦੀ ਲੜੀ ਟੁੱਟਣ ਹੀ ਨਹੀਂ ਸੀ ਦੇ ਰਹੀ।

''ਮਾਤਾ ਜੀ, ਮੈਨੂੰ ਲੱਗਦਾ, ਮਾਸੀ ਨੂੰ ਗਰਮੀ ਨਾਲ ਹੋਇਆ ਥਕੇਵਾਂ ਲਹਿ ਗਿਆ, ਤੇ ਇਸੇ ਕਰਕੇ ਹੁਣ ਇਨ੍ਹਾਂ ਨੂੰ ਗੱਲਾਂ ਆ ਰਹੀਆਂ ਨੇ।''

ਮੈਂ ਮਾਤਾ ਜੀ ਨੂੰ ਮਲਕੜੇ ਦੇਣੀ ਆਖਿਆ।

''ਕਾਕਾ, ਮੈਨੂੰ ਵੀ ਇਓਂ ਹੀ ਲੱਗਦਾ ਆ। ਗਰਮੀ ਨੇ ਤੋੜੀ ਪਈ ਸੀ ਵਿਚਾਰੀ। ਹੁਣ ਕੁਝ ਠੀਕ ਹੁੰਦੀ ਲੱਗਦੀ ਆ।'' ਮਾਤਾ ਜੀ ਨੇ ਵੀ ਮੇਰੀ ਹਾਂ ਵਿੱਚ ਹਾਂ ਮਿਲਾਈ।

ਦੋਵ੍ਹਾਂ ਗੁਆਂਢਣਾਂ ਨੂੰ ਬੈਠਿਆਂ ਲੰਮਾ ਸਮਾਂ ਹੋ ਗਿਆ ਸੀ। ਆਥਣ ਦਾ ਸੂਰਜ ਵੀ ਪੱਛਮ ਵਿੱਚ ਕੋਡਾ ਜਿਹਾ ਹੋ ਕੇ ਝਕਾਨੀ ਦੇਣ ਦੇ ਚੱਕਰ ਵਿੱਚ ਸੀ। ਸਹਿਜੇ ਸਹਿਜੇ ਹਨ੍ਹੇਰਾ ਪਸਰ ਰਿਹਾ ਸੀ।

''ਕਾਕਾ, ਲਾਈਟ ਜਗਾਅ ਦੇ। ਬਾਹਰ ਹਨ੍ਹੇਰਾ ਹੋ ਗਿਆ ਐ।'' ਏਨੇ ਨੂੰ ਬਾਹਰ ਚੁੱਲ੍ਹੇ ਮੂਹਰੇ ਰੋਟੀ ਟੁੱਕ ਕਰਦੀ ਮਾਤਾ ਜੀ ਦੀ ਇਹ ਅਵਾਜ਼ ਮੇਰੇ ਕੰਨੀਂ ਪਈ। ਮੈਂ ਝੱਟਪਟ ਲਾਈਟ ਜਗਾਅ ਦਿੱਤੀ। ਘਰ ਵਿੱਚ ਲਾਈਟ ਜਗਦੀ ਵੇਖ ਉਹ ਦੋਵੇਂ ਗੁਆਂਢਣਾਂ ਵੀ ਵਾਹੋ ਦਾਹੀ ਆਪੋ ਆਪਣੇ ਘਰਾਂ ਨੂੰ ਹੋ ਤੁਰੀਆਂ।

ਕੁਝ ਚਿਰ ਬਾਅਦ ਮੈਂ ਕਮਰੇ ਵਿਚ ਨਿਗਾਹ ਮਾਰੀ। ਮਾਸੀ ਫੇਰ ਉਵੇਂ ਹੀ ਨਿਢਾਲ ਜਿਹੀ ਹੋ ਕੇ ਸੁੱਤੀ ਪਈ ਸੀ, ਜਿਵੇਂ ਉਸ ਵਿੱਚ ਸਾਹ ਸੱਤ ਹੀ ਨਾ ਹੋਵੇ।

''ਮਾਤਾ ਜੀ, ਵੇਖੋ ਤਾਂ ਸਹੀ। ਮਾਸੀ ਪਹਿਲਾਂ ਗੁਆਂਢਣਾਂ ਨਾਲ ਕਿਵੇਂ ਹੱਸ ਹੱਸ ਗੱਲਾਂ ਕਰਦੀ ਸੀ, ਤੇ ਹੁਣ ਬਿੰਦ ਵਿੱਚ ਹੀ ਇਨ੍ਹਾਂ ਨੂੰ ਦੁਬਾਰਾ ਫੇਰ ਕੀ ਹੋ ਗਿਆ ਐ?'' ਮੈਂ ਮਾਤਾ ਜੀ ਨਾਲ ਗੱਲ ਕੀਤੀ।

''ਗੁਰਸ਼ਾਨ! ਇਹੋ ਤਾਂ ਮੈਂ ਸੋਚਦੀ ਪਈ ਆਂ। ਪਹਿਲਾਂ ਤਾਂ ਕਦੇ ਇਹਦਾ ਇਵੇਂ ਦਾ ਮੂਡ ਵੇਖਿਆ ਨਹੀਂ।'' ਮਾਤਾ ਨੇ ਝੱਟ ਜਵਾਬ ਦਿੱਤਾ।

''ਮਾਤਾ ਜੀ, ਮਾਸੀ ਕਿਤੇ ਸਾਡੇ ਨਾਲ ਇਸ ਗੱਲੋਂ ਤਾਂ ਨਹੀਂ ਨਰਾਜ਼ ਕਿ ਇਹ ਸਾਨੂੰ ਕਦੇ ਮਿਲਣ ਹੀ ਨਹੀਂ ਆਉਂਦੇ। ਇਨ੍ਹਾਂ ਦੇ ਪਿੰਡ ਗਿਆਂ ਸਾਨੂੰ ਵੀ ਖ਼ਾਸਾ ਲੰਮਾ ਸਮਾਂ ਹੋ ਗਿਆ ਐ।''

''ਗੁਰਸ਼ਾਨ, ਹੋ ਸਕਦੈ ਇਹਦੇ ਮਨ ਵਿੱਚ ਇਹੋ ਜਿਹਾ ਕੋਈ ਮਲਾਲ ਹੋਵੇ।''

''ਮਾਤਾ ਜੀ, ਪਰ ਜੇ ਇਨ੍ਹਾਂ ਦੇ ਮਨ ਵਿੱਚ ਕੋਈ ਇਹੋ ਜਿਹੀ ਗੱਲ ਹੁੰਦੀ ਤਾਂ ਇਹ ਸਾਨੂੰ ਮਿਲਣ ਕਿਉਂ ਆਉਂਦੇ? ਸਾਡੀ ਟੈਲੀਫ਼ੋਨ 'ਤੇ ਕਦੇ ਕਦਾਈਂ ਗੱਲਬਾਤ ਹੋ ਹੀ ਜਾਂਦੀ ਸੀ। ਇਨ੍ਹਾਂ ਕਦੇ ਕੋਈ ਰੰਜ ਵਾਲੀ ਗੱਲ ਤਾਂ ਕੀਤੀ ਨਹੀਂ।''

ਮਾਸੀ ਦੀ ਨਾਰਾਜ਼ਗੀ ਦਾ ਸਾਨੂੰ ਕੋਈ ਕਾਰਨ ਨਹੀਂ ਸੀ ਲੱਭ ਰਿਹਾ। ਅਸੀਂ ਸੋਚ ਸੋਚ ਹੰਭ ਚੁੱਕੇ ਸਾਂ।

''ਮਾਤਾ ਜੀ, ਕਿਤੇ ਮਾਸੀ ਨੂੰ ਡਿਪ੍ਰੈੱਸ਼ਨ ਨਾ ਹੋ ਗਿਆ ਹੋਵੇ। ਡਿਪ੍ਰੈੱਸ਼ਨ ਵਾਲੇ ਮਰੀਜ਼ ਅਕਸਰ ਇਵੇਂ ਹੀ ਕਰਦੇ ਹੁੰਦੇ ਆ। ਜਾਂ ਤਾਂ ਖੁਸ਼ ਹੋ ਕੇ ਉੱਚੀ ਉੱਚੀ ਗੱਲਾਂ ਕਰਦੇ ਨੇ ਜਾਂ ਫਿਰ ਫ਼ਲਾਸਫ਼ਰਾਂ ਵਾਂਗ ਚੁੱਪ ਚਾਪ ਗੰਭੀਰ ਜਿਹੇ ਹੋ ਕੇ ਬੈਠੇ ਰਹਿੰਦੇ ਨੇ। ਇਹ ਬੜੀ ਭੈੜੀ ਬਿਮਾਰੀ ਹੁੰਦੀ ਐ। ਖ਼ੁਦ ਮਰੀਜ਼ ਨੂੰ ਵੀ ਇਸ ਮਰਜ਼ ਦਾ ਪਤਾ ਨਹੀਂ ਲੱਗਦਾ। ਇਸ ਦੀ ਤਾਂ ਪਰਵਾਰਕ ਮੈਂਬਰਾਂ ਨੇ ਹੀ ਜੱਜਮੈਂਟ ਕਰਨੀ ਹੁੰਦੀ ਆ।'' ਮੈਂ ਸ਼ੰਕਾ ਪਰਗਟ ਕੀਤੀ।

''ਜੀ, ਤੁਹਾਡੀ ਗੱਲ ਬਿਲਕੁਲ ਠੀਕ ਐ। ਅੱਜ ਕੱਲ੍ਹ ਇਹ ਬਿਮਾਰੀ ਬੜੀ

ਫੈਲੀ ਹੋਈ ਐ।'' ਮਾਤਾ ਜੀ ਦੇ ਜਵਾਬ ਦੇਣੋਂ ਪਹਿਲਾਂ ਹੀ, ਸੁਮੀਤ, ਵਿਚਾਲਿਓਂ ਬੋਲੀ।

''ਸੁਮੀਤ, ਤੂੰ ਵੀ ਮਾਸੀ ਨੂੰ ਵਾੱਚ ਕਰੀਂ। ਮੈਂ ਵੀ ਧਿਆਨ ਰੱਖਾਂਗਾ। ਮਾਤਾ ਜੀ, ਤੁਸੀਂ ਵੀ ਮਾਸੀ ਦੀਆਂ ਗੱਲਾਂ ਨੂੰ ਨੋਟ ਕਰਿਓ।'' ਮੈਂ ਪਰਵਾਰ ਦੇ ਸਾਰੇ ਮੈਂਬਰਾਂ ਨੂੰ ਚੁਕੰਨੇ ਕਰ ਦਿੱਤਾ।

''ਗੁਰਸ਼ਾਨ! ਡਿਪ੍ਰੈੱਸ਼ਨ ਇਹਨੂੰ ਕਿਉਂ ਹੋਵੇ? ਇਹਨੂੰ ਕਿਹੜਾ ਘਰ 'ਚ ਕੋਈ ਤੰਗੀ ਤੁਰਸ਼ੀ ਆ। ਕੁਲਬੀਰ ਤੇ ਬਹੂ ਸਰਕਾਰੀ ਨੌਕਰੀਆਂ ਕਰਦੇ ਆ। ਮਾਸੜ ਤੇਰਾ ਪੈਨਸ਼ਨ ਲੈਂਦਾ। ਖੇਤੀ ਵੀ ਅੱਛੀ ਆ। ਡਿਪ੍ਰੈੱਸ਼ਨ ਤੇ ਤਾਂ ਹੋਵੇ ਜੇ ਘਰ ਵਿੱਚ ਕੋਈ ਕਮੀ ਹੋਵੇ।'' ਕੁਝ ਦੇਰ ਦੀ ਚੁੱਪ ਬਾਅਦ ਮਾਤਾ ਜੀ ਨੇ ਦਲੀਲ ਦਿੱਤੀ।

''ਮਾਤਾ ਜੀ, ਡਿਪ੍ਰੈੱਸ਼ਨ ਦਾ ਸੰਬੰਧ ਨਿਰਾ ਪੁਰਾ ਘਰੇਲੂ ਤੰਗੀ ਤੁਰਸ਼ੀ ਨਾਲ ਨਹੀਂ ਹੁੰਦਾ। ਇਹ ਜੱਦੀ ਪੁਸ਼ਤੀ ਵੀ ਹੋ ਸਕਦਾ ਐ। ਇਸ ਦਾ ਤਾਂ, ਮਰੀਜ਼ ਦੀਆਂ ਹਰਕਤਾਂ ਵੇਖ ਕੇ ਹੀ ਪਤਾ ਚੱਲਦਾ। ਡਾਕਟਰ ਨੂੰ ਵੀ ਮਰੀਜ਼ ਤੋਂ ਚੋਰੀ ਹੀ ਦੱਸਣਾ ਪੈਂਦਾ। ਤਾਂ ਹੀ ਡਾਕਟਰ ਮਰੀਜ਼ ਨੂੰ ਗਹੁ ਨਾਲ ਵੇਖਦਾ ਐ।''

''ਗੁਰਸ਼ਾਨ, ਸਾਡੇ ਟੱਬਰ ਵਿੱਚ ਇਹ ਬਿਮਾਰੀ ਕਿਸੇ ਨੂੰ ਵੇਖੀ ਸੁਣੀ ਤਾਂ ਹੈ ਨਹੀਂ। ਡਿਪ੍ਰੈੱਸ਼ਨ ਵਾਲੀ ਨਹੀਂ ਕੋਈ ਗੱਲ। ਤੇਰੀ ਮਾਸੀ ਦਾ ਤਾਂ ਅੱਜ ਹੀ ਮੂਡ ਅਪਸੈੱਟ ਆ।''

''ਮਾਤਾ ਜੀ, ਵੇਖੋ ਨਾ! ਮਾਸੀ ਆਪਣਾ ਇੱਕ ਅੱਧਾ ਸੂਟ ਵੀ ਨਾਲ ਨਹੀਂ ਲਿਆਈ। ਤੇ ਆਈ ਵੀ ਸਿਖਰ ਦੁਪਹਿਰੇ ਬੱਸ ਚੜ੍ਹ ਕੇ ਇਕੱਲੀ ਹੀ ਐ। ਉੱਤੋਂ ਇਹ ਦੱਸ ਵੀ ਕੁਝ ਨਹੀਂ ਰਹੀ। ਮੈਨੂੰ ਤਾਂ ਇਹ ਸਾਰੀਆਂ ਅਲਾਮਤਾਂ ਡਿਪ੍ਰੈਸ਼ਨ ਦੀਆਂ ਹੀ ਜਾਪਦੀਆਂ ਨੇ।''

''ਚੁੱਪ ਕਰ, ਗੁਰਸ਼ਾਨ! ਸੁੱਖ ਲੋੜੀਦੀ। ਚੰਗੇ ਭਲੇ ਬੰਦੇ ਨੂੰ ਐਵੇਂ ਨਹੀਂ ਕਿਸੇ ਬਿਮਾਰੀ ਦਾ ਮਰੀਜ਼ ਬਣਾਅ ਦੇਈਦਾ। ਵੇਖ ਤਾਂ, ਮੇਰੀ ਭੈਣ ਦੀ ਸਿਹਤ ਕਿੰਨੀ ਸੋਹਣੀ ਆਂ। ਜੇ ਕੋਈ ਮਰਜ਼...ਹੋਵੇ, ਬੰਦਾ ਤਾਂ ਅੰਦਰੋਂ ਸੁੱਕ ਕੇ ਤੀਲ੍ਹੇ ਵਰਗਾ ਹੋ ਜਾਂਦਾ ਆ।'' ਮਾਤਾ ਜੀ ਨੂੰ ਆਪਣੀ ਭੈਣ ਦਾ ਹੇਜ ਜਾਗਿਆ।

''ਨਹੀਂ, ਮਾਤਾ ਜੀ! ਜਿਹੜੇ ਡਿਪ੍ਰੈਸ਼ਨ ਦੇ ਮਰੀਜ਼ ਹੁੰਦੇ ਨੇ, ਉਹ ਵੇਖਣ ਨੂੰ ਚੰਗੇ ਭਲੇ ਹੀ ਜਾਪਦੇ ਹੁੰਦੇ ਆ। ਉਨ੍ਹਾਂ ਦੀ ਸਿਹਤ ਤੋਂ ਬਿਮਾਰੀ ਬਾਰੇ ਕੁਝ ਨਹੀਂ ਪਤਾ ਲੱਗਦਾ। ਤੁਸੀਂ ਮੇਰੀ ਗੱਲ ਨੂੰ ਅਣਗੌਲੀ ਨਾ ਕਰੋ। ਸਾਨੂੰ ਮਾਸੀ ਦਾ ਛੇਤੀ ਤੋਂ ਛੇਤੀ ਇਲਾਜ ਕਰਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।'' ਮੈਂ ਆਪਣੀ ਦਲੀਲ 'ਤੇ ਅੜਿਆ ਸਾਂ।

ਰਾਤ ਖ਼ਾਸੀ ਦੇਰ ਤੱਕ ਸਾਡੀਆਂ ਇਹ ਗੱਲਾਂ ਚੱਲਦੀਆਂ ਰਹੀਆਂ। ਮਾਸੀ ਚੁੱਪ ਚਾਪ ਆਪਣੇ ਕਮਰੇ ਵਿੱਚ ਸੁੱਤੀ ਰਹੀ।

''ਮਾਸੀ ਜੀ, ਉੱਠੋ! ਚਾਹ ਪੀਓ।'' ਦੂਸਰੇ ਦਿਨ ਸਵੇਰ ਨੂੰ, ਸੁਮੀਤ ਨੇ ਮਾਸੀ ਨੂੰ ਚਾਹ ਪੀਣ ਲਈ ਅਵਾਜ਼ ਮਾਰੀ।

''ਸੁਮੀਤ, ਰੱਖ ਦੇ ਇੱਥੇ। ਮੈਂ ਠਹਿਰ ਕੇ ਪੀ ਲੈਂਦੀ ਆਂ।'' ਮਾਸੀ ਜੀ ਸੁਸਤਾਉਂਦੇ ਜਿਹੇ ਬੋਲੇ।

''ਮਾਸੀ ਜੀ, ਬਾਹਰ ਤਾਂ ਅੱਠ ਵੱਜ ਚੁੱਕੇ ਨੇ। ਅਜੇ ਤੱਕ ਤੁਹਾਡੀ ਨੀਂਦ ਹੀ ਨਹੀਂ ਖੁੱਲ੍ਹੀ?''

''ਸੁਮੀਤ, ਪਤਾ ਨਹੀਂ ਅੱਜ ਮੇਰੀ ਸਿਹਤ ਨੂੰ ਕੀ ਹੋ ਗਿਆ? ਸਾਰੀ ਰਾਤ ਨੀਂਦ ਨਹੀਂ ਆਈ। ਬੱਸ ਐਵੇਂ ਜਾਗਦਿਆਂ ਰਾਤ ਕੱਟੀ। ਹੁਣ ਮਾੜੀ ਜਿਹੀ ਅੱਖ ਲੱਗੀ ਸੀ।''

''ਮਾਸੀ ਜੀ, ਬ੍ਰੇਕਫ਼ਾਸਟ ਕੀ ਕਰੋਗੇ? ਮੂਲੀ ਵਾਲੇ ਪਰੌਂਠੇ ਖਾਓਗੇ ਜਾਂ ਪਿਆਜ਼ ਵਾਲੇ?''

''ਸੁਮੀਤ, ਮੈਂ ਆਪੇ ਖਾ ਲਵਾਂਗੀ ਜੋ ਖਾਣਾ ਹੋਇਆ। ਮੇਰੀ ਸਿਹਤ ਅਜੇ ਪੂਰੀ ਤਰ੍ਹਾਂ ਠੀਕ ਨਹੀਂ।'' ਮਾਸੀ ਨੇ ਰੁੱਖਾ ਜਿਹਾ ਜਵਾਬ ਦਿੱਤਾ।

''ਜੀ, ਮੈਂ ਹੁਣੇ ਮਾਸੀ ਜੀ ਨੂੰ ਚਾਹ ਦੇਣ ਗਈ ਸੀ। ਉਹ ਤਾਂ ਹੁਣ ਵੀ ਕੱਲ੍ਹ ਵਾਂਗ ਹੀ ਕਰੀ ਜਾਂਦੇ ਨੇ। ਕਿਸੇ ਗੱਲ ਦਾ ਸਿੱਧਾ ਜਵਾਬ ਹੀ ਨਹੀਂ ਦਿੰਦੇ।'' ਵਾਪਸ ਮੁੜੀ ਸੁਮੀਤ ਨੇ ਮੇਰੇ ਨਾਲ ਗੱਲ ਕੀਤੀ।

ਮੈਨੂੰ ਹੋਰ ਚਿੰਤਾ ਹੋ ਗਈ। ਮੈਂ ਵਾਹੋਦਾਹੀ ਮਾਸੀ ਦੇ ਕਮਰੇ 'ਚ ਗਿਆ ਤੇ ਉੱਚੀ ਦੇਣੀ ਆਖਿਆ,

''ਮਾਸੀ ਜੀ, ਉੱਠੋ! ਨਹਾ ਧੋਅ ਕੇ ਛੇਤੀ ਤਿਆਰ ਹੋ ਜਾਵੋ। ਅੱਜ ਅਸਾਂ ਸਭ ਨੇ ਸ਼ਹਿਰ ਸ਼ਾੱਪਿੰਗ ਕਰਨ ਜਾਣਾ ਐ।''

''ਗੁਰਸ਼ਾਨ, ਮੈਂ ਨਹੀਂ ਅੱਜ ਕਿਤੇ ਵੀ ਜਾਣਾ। ਮੇਰਾ ਤਾਂ ਕੱਲ੍ਹ ਦੀ ਹੀ ਗਰਮੀ ਨੇ ਬੁਰਾ ਹਾਲ ਕੀਤਾ ਪਿਆ। ਮੈਂ ਤਾਂ ਘਰੇ ਹੀ ਅਰਾਮ ਕਰਨਾ ਹੈ। ਤੁਸੀਂ ਜਾ ਆਓ, ਜਿੱਥੇ ਜਾਣਾ।''

''ਮਾਸੀ ਜੀ, ਤੁਸੀਂ ਸ਼ਾੱਪਿੰਗ ਨਾ ਕਰਿਓ। ਉਵੇਂ ਸਾਡੇ ਨਾਲ ਚੱਲੋ। ਨਾਲੇ ਤੁਹਾਡੇ ਲਈ ਸ਼ਹਿਰੋਂ ਕੋਈ ਦਵਾਈ ਵਗੈਰਾ ਲੈ ਆਵਾਂਗੇ।''

''ਕਾਕਾ, ਦਵਾਈ ਦੀ ਕੀ ਲੋੜ ਆ। ਮੇਰੇ ਲਈ ਚਾਰ ਕੁ ਨਿੰਬੂ ਸ਼ਹਿਰੋਂ ਫੜ ਲਿਆਵੀਂ। ਮੈਂ ਦੋ ਚਾਰ ਵਾਰ ਸ਼ਕੰਜਵੀ ਬਣਾਅ ਕੇ ਪੀ ਲਊਂ। ਆਪੇ ਠੀਕ ਹੋ ਜਾਣਾ ਹੈ। ਅੱਜ ਕੁਝ ਜ਼ਿਆਦਾ ਗਰਮੀ ਪੈਂਦੀ ਹੈ ਨਾ।''

ਮੈਂ ਵਲੇਵਾਂ ਜਿਹਾ ਪਾ ਕੇ ਵਿਚਲੀ ਗੱਲ ਲੱਭਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਮਾਸੀ ਨੇ ਮੈਨੂੰ ਵੀ ਕੋਈ ਲੜ ਪੱਲਾ ਨਾ ਫੜਾਇਆ। ਮੈਂ ਜਿਵੇਂ ਗਿਆ ਸੀ, ਉਵੇਂ ਵਾਪਸ ਮੁੜ ਆਇਆ।

''ਮਾਤਾ ਜੀ, ਪਹਿਲਾਂ ਤਾਂ ਕਦੇ ਮਾਸੀ ਸਾਡੇ ਪਿੰਡ ਦੋ ਚਾਰ ਘੰਟੇ ਤੋਂ ਵੱਧ ਰੁਕਦੇ ਨਹੀਂ ਹੁੰਦੇ ਸੀ, ਪਰ ਹੁਣ ਤਾਂ ਜਾਣ ਦਾ ਨਾਂ ਹੀ ਨਹੀਂ ਲੈਂਦੇ।'' ਮੈਂ ਮਾਤਾ ਜੀ ਨਾਲ ਗੱਲ ਕੀਤੀ।

''ਗੁਰਸ਼ਾਨ! ਇਹੋ ਤਾਂ ਮੈਂ ਸੋਚਦੀ ਆਂ। ਤੇਰੀ ਮਾਸੀ ਦੱਸਦੀ ਵੀ ਕੁਝ ਨਹੀਂ।'' ਮਾਤਾ ਜੀ ਵੀ ਫ਼ਿਕਰ ਨਾਲ ਬੋਲੇ।

ਸਾਡਾ ਸਾਰਾ ਟੱਬਰ ਸ਼ਸ਼ੋਪੰਜ ਵਿੱਚ ਪਿਆ ਹੋਇਆ ਸੀ।

''ਟ੍ਰਿਨ-ਟ੍ਰਿਨ-ਟ੍ਰਿਨ...'' ਏਨੇ ਨੂੰ ਟੈਲੀਫ਼ੋਨ ਦੀ ਘੰਟੀ ਵੱਜੀ।

''ਕੌਣ ਬੋਲਦੈ?'' ਮੈਂ ਪੁੱਛਿਆ।

''ਗੁਰਸ਼ਾਨ, ਮੈਂ ਤੇਰਾ ਮਾਸੜ ਬੋਲਦਾਂ।''

''ਅੱਜ ਕਿਵੇਂ ਯਾਦ ਕੀਤਾ ਮਾਸੜ ਜੀ?''

''ਗੁਰਸ਼ਾਨ, ਤੇਰੇ ਮਾਸੀ ਜੀ ਕੱਲ੍ਹ ਦੇ ਤੁਹਾਡੇ ਪਿੰਡ ਆਏ ਹੋਏ ਨੇ। ਉਨ੍ਹਾਂ ਨੂੰ ਆਖ ਛੇਤੀ ਵਾਪਸ ਮੁੜ ਆਉਣ। ਕਮਲੇਸ਼ ਵੀ ਕੱਲ੍ਹ ਸ਼ਾਮ ਦੀ ਆਪਣੇ ਪੇਕੇ ਪਿੰਡ ਗਈ ਹੋਈ ਆ- ਬੱਚਿਆਂ ਨੂੰ ਤਿੰਨ ਚਾਰ ਛੁੱਟੀਆਂ ਸੀ ਨਾ! ਮੇਰੇ ਤੇ ਕੁਲਬੀਰ ਦੀ ਰੋਟੀ ਦਾ ਬੜਾ ਔਖਾ ਐ। ਜੇ ਤੇਰੇ ਕੋਲ ਟਾਈਮ ਹੈ ਤਾਂ ਤੂੰ ਹੀ ਕਾਰ 'ਚ ਛੱਡ ਜਾਵੀਂ। ਗਰਮੀ ਦਾ ਮੌਸਮ ਐ ਨਾ।'' ਮਾਸੜ ਜੀ ਨੇ ਆਪਣੀ ਵਿਥਿਆ ਸੁਣਾਈ।

''ਗੁਰਸ਼ਾਨ ਪੁੱਤ, ਤੂੰ ਐਂ ਕਰ। ਮੈਨੂੰ ਹੁਣੇ ਹੀ ਛੱਡ ਆ। ਉਹ ਦੋਵੇਂ ਰੋਟੀ-

ਟੁੱਕ ਤੋਂ ਔਖੇ ਹੋਣਗੇ।'' ਮਾਸੜ ਜੀ ਦੀ ਟੈਲੀਫ਼ੋਨ 'ਚੋਂ ਆਉਂਦੀ ਅਵਾਜ਼ ਸੁਣ ਕੇ ਮਾਸੀ ਅਹੁਲ ਕੇ ਬੋਲੀ।

ਪਤਾ ਨਹੀਂ ਹੁਣ ਮਾਸੀ ਵਿੱਚ ਏਨੀ ਚੇਤੰਨਤਾ ਕਿੱਥੋਂ ਆ ਗਈ ਸੀ। ਉਸਦਾ ਸਾਡੇ ਘਰ ਬਹਿਣਾ ਵੀ ਔਖਾ ਹੋ ਗਿਆ ਸੀ! ਉਹ ਆਪਣੇ ਪਿੰਡ ਜਾਣ ਲਈ ਉਤਾਵਲੀ ਹੁੰਦੀ ਪਈ ਸੀ। ਉਹ ਬੈਠੀ ਚਾਹ ਪੀਂਦੀ ਵੀ ਵਾਰ ਵਾਰ ਮੈਨੂੰ ਘਰੋਂ ਤੁਰਨ ਲਈ ਆਖੀ ਜਾ ਰਹੀ ਸੀ।

''ਮਾਤਾ ਜੀ, ਤੁਸੀਂ ਨੋਟ ਕੀਤਾ? ਮਾਸੀ ਨੂੰ ਸੱਚਮੁੱਚ ਹੀ ਕੋਈ ਮਾਨਸਿਕ ਰੋਗ ਐ। ਪਲ ਪਲ 'ਤੇ ਇਨ੍ਹਾਂ ਦਾ ਤੌਰ ਤਰੀਕਾ ਬਦਲ ਰਿਹਾ ਐ। ਕਦੇ ਇਹ ਬਿਲਕੁਲ ਚੁੱਪ ਕਰ ਜਾਂਦੇ ਨੇ ਤੇ ਕਦੇ ਬੜੇ ਕਾਹਲੇ ਦਿਸਦੇ ਨੇ। ਅਸੀਂ ਇਨ੍ਹਾਂ ਦੇ ਪਿੰਡ ਜਾ ਕੇ ਮਾਸੜ ਜੀ ਨਾਲ ਗੱਲ ਕਰਾਂਗੇ ਤਾਂ ਜੋ ਉਹ ਕਿਸੇ ਚੰਗੇ ਜਿਹੇ ਡਾਕਟਰ ਨੂੰ ਵਖਾਅ ਲੈਣ।'' ਮੈਂ ਮਾਤਾ ਜੀ ਨੂੰ ਪਰਦੇ ਨਾਲ ਆਖਿਆ।
ਮਾਤਾ ਜੀ ਵੀ ਮੇਰੀ ਗੱਲ ਨਾਲ ਝੱਟ ਸਹਿਮਤ ਹੋ ਗਏ।

ਮੈਂ ਕਾਰ ਸਟਾੱਰਟ ਕੀਤੀ ਤੇ ਅਸੀਂ ਤਿੰਨੋਂ ਜਣੇ ਮਾਸੀ ਦੇ ਪਿੰਡ ਵੱਲ ਨਿੱਕਲ ਪਏ।

''ਮਾਸੜ ਜੀ, ਮਾਸੀ ਜੀ ਦਾ ਥੋੜ੍ਹਾ ਧਿਆਨ ਰੱਖਿਆ ਕਰੋ। ਮੈਨੂੰ ਇਨ੍ਹਾਂ ਦੀ ਸਿਹਤ ਕੁਝ ਠੀਕ ਨਹੀਂ ਲੱਗ ਰਹੀ।'' ਮੌਕਾ ਵੇਖ ਮੈਂ ਮਾਸੜ ਜੀ ਨਾਲ ਗੱਲ ਕੀਤੀ।
''ਕੀ ਗੱਲ, ਇਹਦੀ ਸਿਹਤ ਵਿੱਚ ਕੋਈ ਨੁਕਸ ਆ?'' ਮਾਸੜ ਜੀ ਘਾਬਰ ਗਏ।
''ਬਲਦੇਵ ਸਿਆਂ, ਉਂਞ ਤਾਂ ਸਿਹਤ ਠੀਕ ਐ। ਕਦੇ ਇਹ ਬਿਲਕੁਲ ਹੀ ਚੁੱਪ ਕਰ ਜਾਂਦੀ ਆ ਤੇ ਕਦੇ ਗੱਲਾਂ ਕਰਦਿਆਂ ਸਾਹ ਵੀ ਨਹੀਂ ਲੈਂਦੀ: ਸਗੋਂ ਗੱਲਾਂ ਕਰ ਕਰ ਉੱਚੀ ਉੱਚੀ ਹੱਸਦੀ ਆ!'' ਮਾਸੜ ਜੀ ਨੂੰ ਘਾਬਰਿਆ ਵੇਖ ਮਾਤਾ ਜੀ ਬੋਲੇ।
''ਸ਼ਮਿੰਦਰ ਕੌਰੇ, ਕੀ ਦੱਸਾਂ ਤੈਨੂੰ। ਜਦੋਂ ਦਾ ਕੁਲਬੀਰ ਵਿਆਹਿਆ, ਇਹ ਉਦੋਂ ਤੋਂ ਹੀ ਬਹੁੜੀ ਨਾਲ ਕੁਝ ਵਿੰਗੀ ਵਿੰਗੀ ਜਿਹਾ ਰਹਿੰਦੀ ਐ। ਇਹਨੂੰ ਕੋਈ ਪੁੱਛੇ, ਵਿਆਹ ਤਾਂ ਮੁੰਡੇ ਕੁੜੀ ਨੇ ਆਪਣੀ ਸਹਿਮਤੀ ਨਾਲ ਕਰਾਇਆ! ਤੂੰ ਕਿਉਂ ਔਖੀ ਭਾਰੀ ਹੁੰਦੀ ਰਹਿੰਦੀ ਐਂ!''
''ਅਵਤਾਰ ਕੌਰ ਨੂੰ ਭਲਾ ਕੀ ਔਖ ਆ?'' ਮਾਤਾ ਜੀ ਨੇ ਪੁੱਛਿਆ।
''ਬੱਸ ਆਹੀ ਕਿ ਇਹਨੇ ਮੇਰੇ ਮੁੰਡੇ ਨਾਲ ਜਾਤੋਂ-ਬਾਹਰਲਾ ਵਿਆਹ ਕਰਾਅ ਲਿਆ!'' ਮਾਸੜ ਜੀ ਨੇ ਵਿਚਲੀ ਗੱਲ ਦੱਸੀ।
''ਦੱਸੋ ਕੁੜੇ! ਜੇ ਤੇਰਾ ਮੁੰਡਾ ਸਹਿਮਤ ਆ, ਤੈਨੂੰ ਕਾਹਦੀ ਤਕਲੀਫ਼ ਆ! ਮੁੰਡੇ ਕੁੜੀ ਦੀ ਆਪਣੀ ਜ਼ਿੰਦਗੀ ਆ, ਤੇਰੀ ਆਪਣੀ। ਨਾਲੇ ਕਮਲੇਸ਼ ਤਾਂ ਹੈ ਹੀ ਬੜੀ ਲਾਇਕ ਕੁੜੀ! ਟੀਚਰ ਲੱਗੀ ਹੋਈ ਆ।'' ਮਾਤਾ ਜੀ ਨੇ ਕਮਲੇਸ਼ ਦੀ ਖੂਬ ਸਿਫ਼ਤ ਕੀਤੀ।
''ਸ਼ਮਿੰਦਰ ਕੌਰੇ, ਤੂੰ ਵੀ ਦੇ ਸਮਝੌਤੀ ਆਪਣੀ ਭੈਣ ਨੂੰ ਕਿ ਹੁਣ ਜ਼ਮਾਨਾ ਬਦਲ ਗਿਆ। ਨਾਲੇ ਸਾਡੀ ਸਿੱਖਿਆ ਵਿੱਚ ਤਾਂ ਜਾਤ ਪਾਤ ਵਾਲੀ ਗੱਲ ਵੀ ਕੋਈ ਨਹੀਂ ਐ। ਸਭ ਰੱਬ ਦੇ ਬਣਾਏ ਹੋਏ ਜੀਵ ਆ।''
''ਬਲਦੇਵ ਸਿਆਂ, ਅੱਜ ਦੇ ਯੁੱਗ 'ਚ ਭਲਾ ਇਨ੍ਹਾਂ ਗੱਲਾਂ ਨੂੰ ਕੌਣ ਸਿਆਣਦਾ ਹੈ? ਇਹ ਤਾਂ ਪੁਰਾਣੇ ਜ਼ਮਾਨੇ ਹੁੰਦੇ ਸੀ। ਹੁਣ ਤਾਂ ਜਿਹੜਾ ਇਹੋ ਜਿਹੀਆਂ ਗੱਲਾਂ ਕਰਦੈ, ਉਹਨੂੰ ਲੋਕ ਅਨਪੜ੍ਹ ਸੱਦਦੇ ਐ। ਹੁਣ ਤਾਂ ਦੁਨੀਆ ਕਿੱਥੇ ਦੀ ਕਿੱਥੇ ਪਹੁੰਚ ਗਈ!'' ਮਾਤਾ ਜੀ ਨੇ ਵੀ ਮਾਸੜ ਜੀ ਦੀ ਗੱਲ ਨਾਲ ਸਹਿਮਤੀ ਪ੍ਰਗਟਾਈ।

ਕੁਝ ਦੇਰ ਬਾਅਦ ਮਾਸੀ ਜੀ ਚਾਹ ਲੈ ਕੇ ਆ ਗਏ। ਮਾਸੀ ਜੀ ਦੇ ਬੈਠਦਿਆਂ ਹੀ ਮਾਤਾ ਜੀ ਨੇ ਗੱਲ ਸ਼ੁਰੂ ਕਰ ਲਈ,
''ਅਵਤਾਰ ਕੌਰੇ, ਤੂੰ ਤਾਂ ਪਹਿਲਾਂ ਸਾਨੂੰ ਮੱਤਾਂ ਦਿੰਦੀ ਹੁੰਦੀ ਸੀ। ਹੁਣ ਤੂੰ ਆਪ ਹੀ ਪੁਰਾਣੇ ਖਿਆਲਾਂ 'ਚ ਫਸੀ ਫਿਰਦੀ ਆਂ। ਮਾੜਾ ਮੋਟਾ ਜ਼ਮਾਨੇ ਵੱਲ ਵੀ ਦੇਖ ਲਈਦਾ!''

ਮਾਸੀ ਨੇ ਮਾਸੜ ਜੀ ਕੰਨੀਂ ਟੇਢਾ ਜਿਹਾ ਝਾਕਿਆ, ਜਿਵੇਂ ਵਿਚਲੀ ਗੱਲ ਤਾੜ ਗਈ ਹੋਵੇ।
ਕੁਝ ਚਿਰ ਦੀ ਚੁੱਪੀ ਬਾਅਦ ਉਹ ਗੁੱਸੇ 'ਚ ਉੱਬਲੀ, ''ਭੈਣ ਜੀ, ਜੇ ਗੁਰਸ਼ਾਨ ਨੇ ਇਓਂ ਕੀਤਾ ਹੁੰਦਾ, ਫਿਰ ਤੈਨੂੰ ਪਤਾ ਲੱਗਦਾ! ਦੂਜਿਆਂ ਨੂੰ ਬਥੇਰੀਆਂ ਮੱਤਾਂ ਦੇ ਹੋ ਜਾਂਦੀਆਂ।''
''ਨਾ, ਤੇਰੇ ਵੱਡੇ ਭਾਣਜੇ ਨੇ ਇੰਗਲੈਂਡ 'ਚ ਗੋਰੀ ਨਾਲ ਵਿਆਹ ਕਰਾਇਆ ਹੀ ਹੋਇਆ! ਮੈਂ ਤਾਂ ਉਹਨੂੰ ਕਦੇ ਕੁਝ ਨਹੀਂ ਆਖਿਆ। ਨਿਆਣਿਆਂ ਦੀ ਆਪਣੀ ਮਰਜ਼ੀ ਐ ਭੈਣੇਂ। ਹੁਣ ਅਸੀਂ ਇਹਦੇ ਵਿੱਚ ਕੀ ਕਰ ਸਕਦੇ ਆਂ।'' ਮਾਤਾ ਜੀ ਨੇ ਜਵਾਬ ਦਿੱਤਾ।
''ਉਹ ਤਾਂ ਗੁਰਜੰਟ ਨੇ ਪੱਕਾ ਹੋਣ ਲਈ ਵਿਆਹ ਕਰਾਇਆ ਸੀ!!'' ਮਾਸੀ ਅੱਗੋਂ ਝੱਟ ਬੋਲੀ।
''ਪੱਕਾ ਹੋਣ ਲਈ ਕਰਾਇਆ ਹੁੰਦਾ ਤਾਂ ਅੱਜ ਤੱਕ ਰੁੱਸ ਰੁਸਾਅ (ਤਲਾਕ) ਨਾ ਹੋ ਜਾਂਦਾ? ਹੁਣ ਤਾਂ ਸੁੱਖ ਨਾਲ ਉਹਦੇ ਬੱਚੇ ਵੀ ਵੱਡੇ ਹੋ ਗਏ ਆ। ਸਾਡੀ ਬਹੂ ਵਰਗੀ ਤਾਂ ਬਹੂ ਵੀ ਕੋਈ ਹੈ? ਪਿਛਲੇ ਸਾਲ ਦੋ ਮਹੀਨੇ ਇੱਥੇ ਸਾਡੇ ਕੋਲ ਇੰਡੀਆ ਰਹਿ ਕੇ ਗਈ ਸੀ। ਤੈਂ ਵੇਖੀ ਵੀ ਸੀ! ਤੂੰ ਵੀ ਕਿੰਨੀਆਂ ਸਿਫ਼ਤਾਂ ਕਰਦੀ ਸੀ ਉਹਦੀਆਂ! ਨਾਲੇ ਹੁਣ ਤਾਂ ਉਹਨੇ ਪੰਜਾਬੀ ਬੋਲਣੀ ਵੀ ਸਿੱਖ ਲਈ ਆ। ਬੱਚਿਆਂ ਨੂੰ ਨਾਲ ਲੈ ਕੇ ਹਰ ਐਤਵਾਰ ਗੁਰਦੁਆਰੇ ਜਾਂਦੀ ਐ!!''

ਮਾਤਾ ਜੀ ਦੀ ਇਹ ਗੱਲ ਸੁਣ ਕੇ ਮਾਸੀ, ਮੱਥੇ 'ਤੇ ਉੱਭਰੀਆਂ ਤਿਉੜੀਆਂ ਨੂੰ ਕੁਝ ਕੁ ਹੋਰ ਵੱਟ ਕੇ, ਖ਼ਮੋਸ਼ ਹੋ ਗਈ। ਜਿਵੇਂ ਰੱਸੀ ਸੜ ਗਈ ਹੋਵੇ ਪਰ ਵੱਟ ਨਾ ਗਿਆ ਹੋਵੇ। ਏਨੇ ਨੂੰ ਬਾਹਰ ਗੇਟ ਖੜਕਣ ਦੀ ਅਵਾਜ਼ ਆਈ।
''ਗੁਰਸ਼ਾਨ, ਵੇਖੀਂ ਤਾਂ ਬਾਹਰ ਕੌਣ ਆਇਐ?'' ਮਾਸੀ ਨੇ ਹੌਲੀ ਦੇਣੀ ਮੈਨੂੰ ਆਖਿਆ।
ਮੈਂ ਝੱਟ ਜਾ ਕੇ ਗੇਟ ਖੋਲ੍ਹਿਆ। ਕੁਲਬੀਰ ਸ਼ਹਿਰੋਂ ਆਇਆ ਸੀ।

ਮਾਤਾ ਜੀ ਨੇ ਸ਼ਹਿਰੋਂ ਮੁੜੇ ਆਪਣੇ ਭਾਣਜੇ ਨੂੰ ਵੱਖਰਾ ਕਰ ਕੇ ਸਲਾਹ ਦਿੱਤੀ- ''ਕੁਲਬੀਰ ਪੁੱਤਰ, ਸਾਨੂੰ ਤਾਂ ਅੱਜ ਹੀ ਤੇਰੇ ਡੈਡੀ ਨੇ ਮਾੜੀ ਜਿਹੀ ਗੱਲ ਦੱਸੀ ਐ। ਅਸੀਂ ਤਾਂ ਤੇਰੀ ਮੰਮੀ ਨੂੰ ਬਥੇਰਾ ਸਮਝਾਇਐ। ਹੁਣ ਤਾਂ ਕੁਝ ਸਮਝ ਗਈ ਲੱਗਦੀ ਐ...। ਫੇਰ ਵੀ, ਮੇਰੀ ਜਾਚੇ, ਤੂੰ ਐਂ ਕਰੀਂ- ਤੇਰਾ ਨਿੱਕਾ ਵੀਰ ਹਰਮਨ ਸਟੱਡੀ ਬੇਸ 'ਤੇ ਕਨੇਡਾ ਗਿਆ ਐ ਨਾ- ਇਹਨੂੰ ਪੰਜ ਛੇ ਮਹੀਨੇ ਦੇ ਵਿਜ਼ਿਟਰ ਵੀਜ਼ੇ 'ਤੇ ਉਹਦੇ ਕੋਲ ਭੇਜ ਦੇ! ਫੇਰ ਇਹਨੇ ਲੋਕਾਂ ਵੱਲ ਵੇਖ ਕੇ ਆਪੇ ਰਾਹ 'ਤੇ ਆ ਜਾਣੈਂ।''
ਕੁਲਬੀਰ ਨੂੰ ਮਾਤਾ ਜੀ ਦੀ ਇਹ

ਸਲਾਹ ਸਹੀ ਜਾਪੀ।
ਉਸ ਨੇ ਵੀ ਝੱਟ ਹਾਮੀ ਭਰ ਦਿੱਤੀ।

ਬੈਠਿਆਂ ਬੈਠਿਆਂ ਖ਼ਾਸਾ ਹਨ੍ਹੇਰਾ ਹੋ ਗਿਆ ਸੀ। ਅਸਾਂ ਵੀ ਕਾਹਲੀ ਕਾਹਲੀ ਮਾਸੜ ਜੀ ਹੁਰਾਂ ਤੋਂ ਇਜਾਜ਼ਤ ਲਈ ਤੇ ਕਾਰ ਆਪਣੇ ਪਿੰਡ ਵਾਲੇ ਰਾਹ ਪਾ ਲਈ।

''ਮਾਤਾ ਜੀ, ਮਾਸੀ ਨੇ ਪਹਿਲਾਂ ਕਦੇ ਸਾਡੇ ਕੋਲ ਇਸ ਗੱਲ ਦਾ ਭੇਤ ਨਹੀਂ ਕੱਢਿਆ!!'' ਘਰ ਵਾਪਸ ਆਉਂਦਿਆਂ ਮੈਂ ਮਾਤਾ ਜੀ ਨਾਲ ਗੱਲ ਤੋਰੀ।
''ਗੁਰਸ਼ਾਨ, ਉਂਝ ਤਾਂ ਤੇਰੀ ਮਾਸੀ ਸਿਆਣੀ ਐ। ਏਨਾ ਤਾਂ ਉਹਨੂੰ ਪਤਾ ਐ, ਬਈ ਆਪਣੇ ਘਰ ਦਾ ਭੇਤ ਬਾਹਰ ਨਹੀਂ ਕੱਢੀਦਾ। ਆਪਣੇ ਹੀ ਟੱਬਰ ਦੀ ਬਦਨਾਮੀ ਹੁੰਦੀ ਐ, ਲੋਕਾਂ ਦਾ ਕੀ ਜਾਣਾ?'' ਮਾਤਾ ਜੀ ਨੇ ਹੁੰਗਾਰਾ ਭਰਿਆ।
ਪਰਿਵਾਰਕ ਗੱਲਾਂ ਚੱਲਦੀਆਂ ਰਹੀਆਂ ਅਤੇ ਪਤਾ ਹੀ ਨਾ ਲੱਗਾ ਕਦੋਂ ਪਿੰਡ ਆ ਗਿਆ ਸੀ।

ਸਮਾਂ ਆਪਣੀ ਤੋਰੇ ਤੁਰਦਾ ਗਿਆ। ਮਾਤਾ ਜੀ ਕਦੇ ਕਦਾਈਂ ਫ਼ੋਨ 'ਤੇ ਮਾਸੀ ਜੀ ਦਾ ਹਾਲ ਚਾਲ ਪੁੱਛ ਲੈਂਦੇ। ਪਰ ਮਾਸੀ ਕਦੇ ਵੀ ਖੁੱਲ੍ਹ ਕੇ ਗੱਲ ਨਾ ਕਰਦੀ।

''ਮਾਤਾ ਜੀ, ਅੱਜ ਮੈਨੂੰ ਕੁਲਬੀਰ ਦਾ ਫ਼ੋਨ ਆਇਆ ਸੀ।'' ਇੱਕ ਦਿਨ ਸਕੂਲੋਂ ਪੜ੍ਹਾਅ ਕੇ ਆਉਂਦਿਆਂ ਹੀ ਮੈਂ ਮਾਤਾ ਜੀ ਨੂੰ ਦੱਸਿਆ।
''ਗੁਰਸ਼ਾਨ, ਕੀ ਆਖਦਾ ਸੀ?''
''ਕਹਿੰਦਾ- 'ਮੈਂ ਤੇ ਮੰਮੀ ਨੇ ਅੱਜ ਤੁਹਾਨੂੰ ਮਿਲਣ ਪਿੰਡ ਆਉਣੈਂ।''
''ਪੁੱਤ, ਸੁੱਖ-ਸਾਂਦ ਤਾਂ ਹੈ?'' ਮਾਤਾ ਜੀ ਨੇ ਅਹੁਲ ਕੇ ਪੁੱਛਿਆ, ਜਿਵੇਂ ਡਰ ਗਏ ਹੋਣ।
''ਮਾਤਾ ਜੀ, ਉਂਝ ਤਾਂ ਸੁੱਖ ਸਾਂਦ ਐ। ਉਹ ਦੱਸਦਾ ਸੀ ਕਿ ਮਾਸੀ ਦਾ ਕੈਨੇਡਾ ਦਾ ਵੀਜ਼ਾ ਲੱਗ ਗਿਐ। ਪਰਸੋਂ ਮਾਸੀ ਨੇ ਕੈਨੇਡਾ ਜਾਣ ਲਈ ਜਹਾਜ਼ ਚੜ੍ਹਨੈਂ। ਏਸੇ ਕਰਕੇ ਉਨ੍ਹਾਂ ਮਿਲਣ ਆਉਣੈਂ।'' ਮੈਂ ਖ਼ਬਰ ਦਿੱਤੀ।
''ਹੈਂ! ਇਹ ਤਾਂ ਵਧੀਆ ਹੋ ਗਿਆ, ਗੁਰਸ਼ਾਨ! ਨਾਲੇ ਤੇਰੀ ਮਾਸੀ ਆਪਣੇ ਛੋਟੇ ਮੁੰਡੇ ਨੂੰ ਮਿਲ ਆਊ ਤੇ ਨਾਲੇ ਕਨੇਡਾ ਘੁੰਮ ਫਿਰ ਆਊ।'' ਮਾਤਾ ਜੀ ਦੇ ਮਸਾਂ ਸਾਹ ਵਿੱਚ ਸਾਹ ਆਇਆ।

ਮਾਸੀ ਨੂੰ ਕੈਨੇਡਾ ਗਈ ਨੂੰ ਮਹੀਨਾ ਕੁ ਹੋ ਗਿਆ ਸੀ। ਉਸਦਾ ਕੋਈ ਫ਼ੋਨ ਨਾ ਆਇਆ, ਜਿਵੇਂ ਓਥੇ ਜਾ ਕੇ ਸਾਨੂੰ ਭੁੱਲ ਹੀ ਗਈ ਹੋਵੇ। ਆਖ਼ਿਰ ਲੰਮੀ ਉਡੀਕ ਤੋਂ ਬਾਅਦ ਮਾਤਾ ਜੀ ਨੇ ਹੀ ਉਸਨੂੰ ਫ਼ੋਨ ਕੀਤਾ।
''ਆਹੋ ਭੈਣ ਜੀ, ਠੀਕ ਠਾਕ ਆਂ ਇੱਥੇ। ਬੱਸ ਫ਼ੋਨ ਕਰਨ ਦਾ ਟੈਮ ਹੀ ਨਹੀਂ ਮਿਲਿਆ! ਸੋਚਦੀ ਤਾਂ ਰਹੀ ਕਿ ਕਦੇ ਭੈਣ ਜੀ ਨੂੰ ਫ਼ੋਨ ਕਰਾਂ। ਪਰ ਜਿੱਦਣ ਹਰਮਨ ਨੂੰ ਛੁੱਟੀ ਹੁੰਦੀ, ਓਦਣ ਉਹ ਮੈਨੂੰ ਬਾਹਰ ਘੁਮਾਉਣ ਫਿਰਾਉਣ ਲੈ ਜਾਂਦਾ! ਇਹਦਾ ਵੀ ਕਿਹੜਾ ਟਾਈਮ ਲੱਗਦਾ- ਬੱਸ ਕੰਮ 'ਤੇ ਐ ਜਾਂ ਪੜ੍ਹਨ ਗਿਆ ਹੈ।''
ਰਾਜ਼ੀ-ਖੁਸ਼ੀ ਤੋਂ ਬਾਅਦ ਮਾਸੀ ਗੱਲ ਕਰਦੀ ਸਾਹ ਹੀ ਨਹੀਂ ਸੀ ਲੈ ਰਹੀ।
''ਹਰਮਨ ਨੇ ਅਜੇ ਕਦੋਂ ਕੁ ਤੱਕ ਪੱਕਾ ਹੋਣਾਂ? ਸੁੱਖ ਨਾਲ ਇਹਨੂੰ ਗਏ ਨੂੰ ਚਾਰ ਪੰਜ ਸਾਲ ਤਾਂ ਹੋ ਗਏ ਹੋਣੇ ਆਂ।'' ਮਾਤਾ ਜੀ ਨੇ ਬਹਾਨੇ ਨਾਲ ਗੱਲ ਅੱਗੇ ਤੋਰੀ।
''ਭੈਣ ਜੀ, ਹੋ ਜਾਣਾ ਸਾਲ ਡੇਢ ਕੁ 'ਚ ਹੀ ਪੱਕਾ! ਉਂਝ ...ਹਰਮਨ ਨੇ ਇੱਕ ਕੁੜੀ ਨਾਲ ਕਾਗਜ਼ਾਂ 'ਚ ਵਿਆਹ ਕਰਾਇਆ ਹੋਇਐ....। ਵੇਖੋ, ਦੋਹਾਂ 'ਚੋਂ ਕਿਹੜਾ ਪਹਿਲਾਂ ਪੱਕਾ ਹੁੰਦਾ। ...ਦੋਵੇਂ 'ਕੱਠੇ ਰਹਿੰਦੇ ਆ...।'' ਮਾਸੀ ਨੇ ਦੱਸਿਆ।
''ਕੁੜੀ ਕਿੱਥੋਂ ਦੀ ਆ?''
''ਭੈਣ ਜੀ, ਇਹ ਤਾਂ ਮੈਨੂੰ ਪਤਾ ਨਹੀਂ, ਪਰ ਕੁੜੀ ਹੈ ਬੜੀ ਸਿਆਣੀ। ਉਹ ਵੀ ਬੜੀ ਪੜ੍ਹੀ ਲਿਖੀ ਆ। ਮੇਰੇ ਨਾਲ ਵੀ ਬੜਾ ਤੇਹ ਕਰਦੀ ਆ।''
''ਅਵਤਾਰ ਕੌਰੇ, ਤੇਰੇ ਪਸੰਦ ਆ?''
''ਭੈਣ ਜੀ, ਜਦੋਂ ਮੁੰਡੇ ਨੂੰ ਪਸੰਦ ਐ, ਫੇਰ ਮੈਨੂੰ ਕੀ? ਨਾਲੇ ਐਧਰ ਨਹੀਂ ਕੋਈ ਇਨ੍ਹਾਂ ਗੱਲਾਂ ਨੂੰ ਪੁੱਛਦਾ। ਜ਼ਿੰਦਗੀ ਤਾਂ ਮੁੰਡੇ ਕੁੜੀ ਨੇ ਹੀ ਬਿਤਾਉਣੀ ਆਂ। ਹੁਣ ਸਾਡਾ ਕੀ ਭਰੋਸਾ ਐ, ਭੈਣੇਂ?'' ਮਾਸੀ ਖ਼ੂਬ ਦੱਸ ਰਹੀ ਸੀ।
ਪੰਜ ਛੇ ਮਹੀਨੇ ਬਾਅਦ ਮਾਸੀ ਵਾਪਸ ਇੰਡੀਆ, ਪਿੰਡ, ਆ ਗਈ ਸੀ। ਪਿੰਡ ਵਾਪਸ ਆ ਕੇ ਹੁਣ ਮਾਸੀ ਨੇ ਕਦੇ ਵੀ ਕਮਲੇਸ਼ 'ਤੇ ਕੋਈ ਉਜਰ ਨਹੀਂ ਸੀ ਕੀਤਾ। ਇਓਂ ਸੀ ਜਿਵੇਂ ਕੋਈ ਯਾਤਰੀ, ਜਹਾਜ਼ ਦੇ ਉਡਾਨ ਭਰਨੋਂ ਪਹਿਲਾਂ ਆਪਣੇ ਨਾਲ ਬੈਠੇ ਸਭ ਯਾਤਰੀਆਂ ਦੀ ਸੁੱਖ ਲੋੜਦਾ ਹੋਵੇ....

(ਅਸਟ੍ਰੇਲੀਆ

# ਦੋ ਗੀਤ

## ਰੂਪ ਕਿਰਨ

**ਰੂਪ** ਕਿਰਨ ਇੱਕ ਲੰਘ ਆਈ ਹੈ
ਖੋਲ੍ਹ ਕੇ ਦਿਲ ਦੀ ਬਾਰੀ
ਫੁੱਲ ਗੁਲਾਬੀ ਆਸ ਦਾ ਖਿੜਿਆ
ਤੁਰ ਪਈ ਪੌਣ ਬਹਾਰੀ

ਰੂਪ ਦੀ ਚਿੱਟੀ ਚਾਨਣੀ ਅੰਦਰ
ਭਖ ਪਈ ਜਿੰਦ ਅੰਗਿਆੜੀ
ਇੰਝ ਲੱਗਦਾ ਜਿਵੇਂ ਫਿਰੇ ਮੁਹੱਬਤ
ਲੈ ਸੂਹੀ ਫੁਲਕਾਰੀ

ਅੱਖੀਆਂ ਅੰਦਰ ਅੰਬਰ ਦਿਸਦਾ
ਰੂਹ ਵਿਚ ਧਰਤੀ ਸਾਰੀ!

## ਜਦ ਸੁਣਿਆ

**ਜਦ** ਸੁਣਿਆ ਤੁਸੀਂ ਆਵਣ ਵਾਲੇ
ਸਾਡੀ ਨੀਂਦ ਗਵਾਚੀ
ਸਾਡੀ ਨੀਂਦ ਗਵਾਚੀ

ਆਸ ਗਈ ਮੀਲਾਂ ਤੱਕ ਉੱਡ ਕੇ
ਚੜ੍ਹ ਸਮਿਆਂ ਦੀ ਡਾਚੀ
ਚੜ੍ਹ ਸਮਿਆਂ ਦੀ ਡਾਚੀ

ਫਿਰ ਸੁਣਿਆ ਤੁਸੀਂ ਨਹੀਂਓਂ ਆਉਣਾ
ਰੋ ਪਈ ਜਿੰਦ ਨਿਰਾਸੀ
ਰੋ ਪਈ ਜਿੰਦ ਨਿਰਾਸੀ

ਦੋ ਬੋਲਾਂ ਨੂੰ ਤਰਸ ਰਹੀ ਸੀ
ਰੂਹ ਉਮਰਾਂ ਦੀ ਪਿਆਸੀ
ਰੂਹ ਉਮਰਾਂ ਦੀ ਪਿਆਸੀ

ਜਲ ਥਲ ਦਿਲ ਦਾ ਵਿਹੜਾ ਹੋਇਆ
ਬੋਲ ਜਦੋਂ ਸੁਣਿਆ ਸੀ
ਬੋਲ ਜਦੋਂ ਸੁਣਿਆ ਸੀ



# ਕਾਹਨ ਸਿੰਘ ਨੇ ਜਦੋਂ ਮੈਨੂੰ ਮਰਨੋਂ ਬਚਾਅ ਲਿਆ!
## ਵਰਿਆਮ ਸਿੰਘ ਸੰਧੂ



*(ਕਾਹਨ ਸਿੰਘ ਬਾਰੇ ਜਾਣਨਾ ਹੈ ਤਾਂ ਮੇਰੀ ਸਵੈ-ਜੀਵਨੀ 'ਗੁਫ਼ਾ ਵਿਚਲੀ ਉਡਾਣ' ਵਿਚਲੇ ਆਰਟੀਕਲ 'ਹੀਰੇ ਬੰਦਿਆਂ ਨੂੰ ਨਮਸਕਾਰ' ਨੂੰ ਪੂਰਾ ਪੜ੍ਹਨਾ ਪੈਣਾ ਹੈ। ਮੈਨੂੰ ਪਤੈ ਕਿ ਤੁਹਾਡੇ ਕੋਲ ਸਮਾਂ ਨਹੀਂ, ਮੇਰੇ ਕੋਲ ਵੀ ਹੋਰਨਾਂ ਦੀਆਂ ਲੰਮੀਆਂ ਲਿਖਤਾਂ ਪੜ੍ਹਨ ਦੀ ਵਿਹਲ ਨਹੀਂ ਹੁੰਦੀ। ਪਰ ਜੇ ਕੋਈ ਵਿਹਲ ਕੱਢ ਕੇ ਇਹ ਲਿਖਤ ਪੜ੍ਹ ਲਵੇਗਾ ਤਾਂ ਪਤਾ ਲੱਗੇਗਾ ਕਿ 'ਹੀਰੇ ਬੰਦੇ' ਕਿਹੋ ਜਿਹੇ ਹੁੰਦੇ ਨੇ!)--*

## ਰੰਗੀਨ ਯਾਦਾਂ ਦੀ ਭੀੜ

"ਭਾ ਜੀ! ਕਦੀ ਸਰਬਜੀਤ ਨਾਲ ਤੁਹਾਡੀ ਗਰਮਾ ਗਰਮੀ ਵੀ ਹੋਈ ਸੀ।" ਕਾਹਨ ਸਿੰਘ ਨੇ ਪੁੱਛਿਆ।

ਮੈਂ ਆਪਣੇ ਚੇਤੇ 'ਤੇ ਜ਼ੋਰ ਪਾਇਆ। ਕੁਝ ਵੀ ਯਾਦ ਨਾ ਆਇਆ। ਸਰਬਜੀਤ ਦੇ ਥੋੜ੍ਹੇ ਜਿਹੇ ਉੱਚੇ ਪ੍ਰੀੜ ਵਾਲੇ ਹੱਸਦੇ ਦੰਦ ਹੀ ਮੇਰੇ ਚੇਤੇ ਵਿੱਚ ਲਿਸ਼ਕੇ। ਉਹ ਵਾਲੀਬਾਲ ਖੇਡਦਾ ਅਤੇ ਮੇਰੇ ਨਾਲ ਜ਼ਿਦ ਕੇ ਗੋਲਾ ਸੁੱਟਦਾ ਦਿਸ ਰਿਹਾ ਸੀ। ਮੁੱਛਾਂ ਦੇ ਵੱਟ ਤਿੱਖੇ ਕਰਨ ਲਈ ਉਹਨਾਂ 'ਤੇ ਉਸਦੀਆਂ ਉਂਗਲਾਂ ਫਿਰ ਰਹੀਆਂ ਸਨ ਅਤੇ ਹੋਠ ਮੰਦ ਮੰਦ ਮੁਸਕਰਾ ਰਹੇ ਸਨ। ਕੋਈ 'ਗਰਮਾ ਗਰਮੀ' ਤਾਂ ਮੈਨੂੰ ਮਹਿਸੂਸ ਨਹੀਂ ਸੀ ਹੋ ਰਹੀ।

"ਜ਼ਰਾ ਸੋਚੋ! ਕਿਤੇ ਕੋਈ ਮਾੜੀ ਮੋਟੀ ਗੱਲ-ਬਾਤ ਹੋਈ ਜ਼ਰੂਰ ਸੀ।" ਉਹ ਬੁਝਾਰਤ ਬੁੱਝਣ 'ਤੇ ਜ਼ੋਰ ਦੇ ਰਿਹਾ ਸੀ।

ਮੈਂ ਨਾਂਹ ਵਿੱਚ ਸਿਰ ਫੇਰਿਆ।

ਸਰਬਜੀਤ ਦਾ ਛੇ ਫੁੱਟ ਭਰਵਾਂ ਜੁੱਸਾ ਉਸਦੇ 'ਦੁੱਘ ਦੁੱਘ' ਕਰਦੇ ਰਾਇਲ-ਇਨ-ਫ਼ੀਲਡ ਮੋਟਰ ਸਾਈਕਲ 'ਤੇ ਸੱਜਿਆ ਬੈਠਾ ਨਜ਼ਰ ਆਇਆ। ਅੱਖਾਂ 'ਤੇ ਧੁੱਪ ਵਾਲੀਆਂ 'ਰੇਬੈਨ' ਦੀਆਂ ਮਹਿੰਗੀਆਂ ਕਾਲੀਆਂ ਐਨਕਾਂ। ਉਹ ਸਕੂਲ ਵਿੱਚ ਧੂੜਾਂ ਉਡਾਉਂਦਾ ਦਾਖ਼ਲ ਹੁੰਦਾ। ਮੋਟਰ ਸਾਈਕਲ ਖਲੋਂਦਿਆਂ ਹੀ ਨੌਵੀਂ-ਦਸਵੀਂ ਦੇ ਉਸਦੇ ਚਹੇਤੇ ਵਿਦਿਆਰਥੀ ਮੋਟਰ ਸਾਈਕਲ ਸਾਂਭ ਲੈਂਦੇ ਅਤੇ ਖੜ੍ਹਾ ਕਰ ਕੇ ਮਿੱਟੀ ਪੂੰਝਦੇ ਉਸਦਾ 'ਅੰਗ ਅੰਗ' ਲਿਸ਼ਕਾਉਣਾ ਸ਼ੁਰੂ ਕਰ ਦਿੰਦੇ।

ਉਹ ਆਪ ਪੱਬਾਂ ਭਾਰ ਮੜਕ ਨਾਲ ਤੁਰਦਾ ਹੋਇਆ, ਮੁੰਡਿਆਂ ਦੀ 'ਸਤਿ ਸ੍ਰੀ ਅਕਾਲ' ਦਾ ਜਵਾਬ ਦਿੰਦਾ ਦਫ਼ਤਰ ਵਿੱਚ ਬੈਠੇ ਸਾਥੀ ਅਧਿਆਪਕਾਂ ਨਾਲ ਹੱਸ ਹੱਸ ਕੇ ਹੱਥ ਮਿਲਾਉਂਦਾ। ਲਗਭਗ ਤੀਜੇ ਪੀਰੀਅਡ ਦੇ ਵੇਲੇ, ਪਿੰਡ ਵਿੱਚ ਹੀ ਉਸਦੇ ਸਰਦੇ-ਪੁੱਜਦੇ ਰਿਸ਼ਤੇਦਾਰਾਂ ਦੇ ਘਰੋਂ, ਮੁੰਡੇ ਗਰਮਾ-ਗਰਮ ਤਿਆਰ ਕੀਤਾ ਖਾਣਾ ਲਿਆਉਂਦੇ। ਮੇਰਾ ਇਹ ਪੀਰੀਅਡ ਵਿਹਲਾ ਸੀ ਅਤੇ ਉਸਦਾ ਵੀ। ਉਹ ਥਾਲ 'ਤੇ ਪਿਆ ਕਰੋਸ਼ੀਏ ਨਾਲ ਬੁਣਿਆ ਵੱਡਾ ਸਾਰਾ ਚਿੱਟਾ ਰੁਮਾਲ ਉਤਾਰਦਾ ਅਤੇ ਸਟਾਫ਼-ਰੂਮ ਵਿੱਚ ਬੈਠੇ ਸਾਥੀ ਅਧਿਆਪਕਾਂ ਨੂੰ ਰੋਟੀ ਖਾਣ ਵਾਸਤੇ ਆਪਣਾ ਸਾਥ ਦੇਣ ਲਈ ਅਵਾਜ਼ਾਂ ਦਿੰਦਾ।

"ਭਾ ਜੀ! ਭਾਵੇਂ ਕੁਝ ਵੀ ਹੋਵੇ, ਦੋ ਬੁਰਕੀਆਂ ਤਾਂ ਤੁਹਾਨੂੰ ਵੀ ਖਾਣੀਆਂ ਹੀ ਪੈਣੀਆਂ ਨੇ।" ਸਰਬਜੀਤ ਮੈਨੂੰ ਪਿਆਰ ਨਾਲ ਆਖਦਾ। ਮੈਂ ਉਸਦੀ ਮੁਹੱਬਤੀ ਪੇਸ਼ਕਸ਼ ਨੂੰ ਨਿਮਰਤਾ ਨਾਲ ਇਨਕਾਰਦਾ ਕਿਉਂਕਿ ਦੋ ਪੀਰੀਅਡਾਂ ਬਾਅਦ, ਅੱਧੀ ਛੁੱਟੀ ਵੇਲੇ, ਮੈਂ ਆਪਣੇ ਘਰ ਜਾ ਕੇ ਰੋਟੀ ਖਾਣੀ ਹੁੰਦੀ ਸੀ।

ਉਹ ਕਿਸੇ ਮੁੰਡੇ ਨੂੰ ਕਹਿੰਦਾ, "ਜਾਹ ਉਏ! ਭੱਜ ਕੇ ਜਾਹ, ਦਰਸ਼ਨ ਸੁੰਹ ਨੂੰ ਬੁਲਾ ਕੇ ਲਿਆ। ਜਿਹੜੀ ਜਮਾਤ ਵਿੱਚ ਵੀ ਹੋਵੇ। ਉਹਨੂੰ ਆਖ ਕਿਤੇ ਨਹੀਂ ਪੜ੍ਹਾਈ ਪਛੜ ਚੱਲੀ।" ਫਿਰ ਮੇਰੇ ਵੱਲ ਮੂੰਹ ਕਰ ਕੇ ਆਖਦਾ, "ਭਾ ਜੀ! ਦਰਸ਼ਨ ਸਿੰਘ ਹੀਰਾ ਬੰਦਾ ਹੈ।"

ਦਰਸ਼ਨ ਮੇਰਾ ਬੀ ਐੱਡ ਦਾ ਜਮਾਤੀ ਸੀ ਪਰ ਉਂਝ ਸਰਬਜੀਤ ਨਾਲ ਉਸਦੀ



ਚੰਗੀ ਬਣੀ ਹੋਈ ਸੀ। ਉਹ ਆਪਣੇ ਪਿੰਡ ਇੱਬਣ ਤੋਂ ਬੱਸ ਵਿੱਚ ਬੈਠਦਾ ਅਤੇ ਝਬਾਲ ਆ ਕੇ ਉੱਤਰ ਜਾਂਦਾ। ਇੱਥੇ ਸਰਬਜੀਤ ਆਪਣੇ ਪਿੰਡ ਨੌਸ਼ਹਿਰੇ ਵਾਲੇ ਤੋਂ ਆਪਣੇ ਮੋਟਰ ਸਾਈਕਲ 'ਤੇ ਪਹੁੰਚਦਾ। ਦੋਵੇਂ ਇੱਕੋ ਮੋਟਰ ਸਾਈਕਲ 'ਤੇ ਇਕੱਠੇ ਸਕੂਲ ਆਉਂਦੇ।

ਅੱਧੀ ਛੁੱਟੀ ਹੁੰਦੀ ਤਾਂ ਸਰਬਜੀਤ ਵਾਲੀਬਾਲ ਮੰਗਵਾ ਲੈਂਦਾ। ਮੁੰਡੇ ਅਤੇ ਮਾਸਟਰ ਮਿਲ ਕੇ ਵਾਲੀਬਾਲ ਖੇਡਦੇ। ਕਦੀ ਕਦੀ ਦੁੱਧ-ਸੋਢੇ ਦੀ ਸ਼ਰਤ ਲੱਗਦੀ। ਉਹ ਆਪਣੀ ਮਰਜ਼ੀ ਨਾਲ ਟੀਮਾਂ ਬਣਾਉਂਦਾ। ਮੈਂ ਸਦਾ ਵਿਰੋਧੀ ਟੀਮ ਵਿੱਚ ਹੁੰਦਾ। ਪਰ ਚੰਗਾ ਖੇਡਣ ਦੇ ਬਾਵਜੂਦ ਉਹ ਅਕਸਰ ਹੀ ਮੈਨੂੰ ਜਿੱਤ ਨਾ ਸਕਦਾ। ਉੱਤੋਂ ਉੱਤੋਂ ਹਾਰ ਮੰਨ ਤਾਂ ਲੈਂਦਾ ਪਰ ਉਸਦਾ ਅੰਦਰ ਹਾਰ ਮੰਨਣ ਨੂੰ ਤਿਆਰ ਨਾ ਹੁੰਦਾ।

"ਕੋਈ ਨਹੀਂ ਭਾ ਜੀ, ਕੱਲ੍ਹ ਸਹੀ।"

ਕਦੀ ਕਦੀ ਉਹ ਮੇਰੇ ਨਾਲ ਜ਼ਿਦ ਕੇ ਗੋਲਾ ਸੁੱਟਣ ਲੱਗਦਾ। ਉਮਰੋਂ ਵੀ ਛੋਟਾ ਸੀ ਤੇ ਸਰੀਰੋਂ ਵੀ ਉਹ ਮੇਰੇ ਨਾਲੋਂ ਕਿਤੇ ਮਜ਼ਬੂਤ ਤੇ ਤਕੜਾ ਦਿਖਾਈ ਦਿੰਦਾ ਸੀ ਪਰ ਗੋਲਾ ਉਸਦਾ ਸਦਾ ਮੇਰੇ ਨਾਲੋਂ ਪੰਜ-ਸੱਤ ਇੰਚ ਪਿੱਛੇ ਹੀ ਡਿੱਗਦਾ। ਉਹਨੂੰ ਇਹ ਮਨਜ਼ੂਰ ਨਹੀਂ ਸੀ। ਉਹ ਮੁੰਡਿਆਂ ਤੇ ਮਾਸਟਰਾਂ ਸਾਹਮਣੇ ਜੇਤੂ ਨਾਇਕ ਵਜੋਂ ਹੀ ਦਿਸਣਾ ਚਾਹੁੰਦਾ ਸੀ। ਉਹ ਪੰਜ ਛੇ ਇੰਚ ਦੀ ਵਿੱਥ ਮਿਟਾਉਣ ਲਈ ਲਗਾਤਾਰ ਗੋਲਾ ਸੁੱਟੀ ਜਾਂਦਾ। ਮੈਨੂੰ ਵੀ ਵੰਗਾਰਦਾ। ਉਸਦੇ ਮਨ ਵਿੱਚ ਹੁੰਦੀ ਕਿ ਮੈਨੂੰ ਦਮੋਂ ਕੱਢ ਲਵੇਗਾ। ਪਰ ਮੈਂ ਉਸਦੀ ਵਿੱਥ ਨਿਕਲਣ ਨਾ ਦਿੰਦਾ ਤੇ ਨਾ ਹੀ ਦਮੋਂ ਨਿਕਲਦਾ।

"ਭਾ ਜੀ, ਪਤਾ ਨਹੀਂ ਇਸ ਸੁੱਕੇ ਜਿਹੇ ਸਰੀਰ ਨਾਲ ਇਹ ਕੌਤਕ ਕਰ ਕਿਵੇਂ ਲੈਂਦੇ ਓ।" ਉਹ ਹੱਸਣ ਲੱਗਦਾ,

''ਤੁਹਾਡਾ ਬੇਲੀ ਕਾਹਨ ਸੁੰਹ ਵੀ ਤੁਹਾਡੇ ਵਰਗਾ ਈ ਏ। ਵੇਖਣ ਨੂੰ ਕੁਝ ਲੱਗਦਾ ਈ ਨਹੀਂ ਪਰ ਜਦੋਂ ਬਾਲ ਮਾਰਦੈ ਤਾਂ ਧਰਤੀ 'ਚ ਟੋਆ ਪਾਉਣ ਤੱਕ ਜਾਂਦੈ।''
ਅਧਿਆਪਕਾਂ ਤੇ ਮੁੰਡਿਆਂ ਸਾਹਮਣੇ ਹੋਈ ਹਾਰ ਨੂੰ ਉਹ ਹੱਸ ਕੇ ਗਵਾ ਦਿੰਦਾ ਅਤੇ ਅਗਲੇ ਦਿਨ 'ਵੇਖਦੇ ਆਂ' ਦੀ ਵੰਗਾਰ ਦੇ ਕੇ ਜ਼ਾਹਰਾ ਤੌਰ 'ਤੇ ਸੰਤੁਸ਼ਟ ਹੋ ਜਾਂਦਾ। ਪਰ ਅੰਦਰੇ ਅੰਦਰ ਸਾਨੂੰ ਦੋਵ੍ਹਾਂ ਨੂੰ ਹਾਰਨਾ ਚੰਗਾ ਨਹੀਂ ਸੀ ਲੱਗਦਾ।
ਸਭ ਨੂੰ ਪਤਾ ਸੀ ਕਿ ਉਹ ਕਦੀ ਘੱਟ-ਵੱਧ ਹੀ ਜਮਾਤ ਵਿੱਚ ਜਾਂਦਾ ਸੀ। ਪੀਟੀਆਈ ਮਾਸਟਰ ਹੋਣ ਕਰਕੇ ਉਹ ਅਕਸਰ ਆਖਦਾ ਕਿ ਉਸਦਾ ਕੰਮ ਤਾਂ ਖੇਡ ਦੇ ਮੈਦਾਨ ਵਿੱਚ ਹੈ; ਕਮਰਿਆਂ ਵਿੱਚ ਨਹੀਂ।
ਕਦੀ ਗਰਮਾ-ਗਰਮ ਪਕੌੜਿਆਂ ਅਤੇ ਪੂਦਨੇ ਦੀ ਚਟਨੀ ਦਾ ਸਵਾਦ ਵੇਖਿਆ ਜਾਂਦਾ। ਕਦੀ ਖ਼ਰਬੂਜ਼ਿਆਂ ਦੀਆਂ ਫਾੜੀਆਂ ਹੋ ਰਹੀਆਂ ਹੁੰਦੀਆਂ। ਕਦੇ ਹਰੀਆਂ ਤਰਾਂ ਤੇ ਨਿੰਬੂ ਨਿਚੋੜ ਕੇ ਕਾਲਾ ਲੂਣ ਲੱਗਦਾ। ਬਹੁਤੀ ਵਾਰ ਖ਼ਰਚਾ ਅਧਿਆਪਕਾਂ ਦਾ ਸਾਂਝਾ ਹੀ ਹੁੰਦਾ ਸੀ ਪਰ ਕਈ ਵਾਰ ਇਹ ਖ਼ਰਚਾ ਸਰਬਜੀਤ ਆਪਣੀ ਜੇਬ ਵਿਚੋਂ ਹੀ ਕਰ ਦਿੰਦਾ। ਉਂਝ ਮਿਲ-ਜੁਲ ਕੇ ਖਾਣ-ਪੀਣ ਦਾ ਇਹ ਸਿਲਸਿਲਾ ਸਰਬਜੀਤ ਦੀ ਪਹਿਲਕਦਮੀ 'ਤੇ ਹੀ ਸ਼ੁਰੂ ਹੋਇਆ ਸੀ।
ਕਿਸੇ ਦਿਨ ਆਖਦਾ, ''ਭਾ ਜੀ! ਸੁਣਿਐਂ ਇੱਕ ਫ਼ਿਲਮ ਨਵੀਂ ਆਈ ਹੈ। ਆਪਾਂ ਸ਼ਨਿੱਚਰਵਾਰ ਵੇਖਣ ਜਾਣਾ ਹੈ ਸਾਰਿਆਂ, ਅੰਬਰਸਰ।''
ਜਿਨ੍ਹਾਂ ਦਾ ਕਰੂਰਾ ਮਿਲਦਾ, ਅਸੀਂ ਫ਼ਿਲਮ ਵੇਖਣ ਜਾਂਦੇ।
ਇਸਤਰ੍ਹਾਂ ਸਰਬਜੀਤ ਦਾ 'ਦਰਬਾਰ' ਸਜਿਆ ਰਹਿੰਦਾ। ਉਹ ਹਰ ਸਮੇਂ ਰੌਣਕ ਲਾਈ ਰੱਖਦਾ।
ਇਹੋ ਜਿਹੇ ਰੌਣਕੀਲੇ ਬੰਦੇ ਦੀਆਂ ਰੰਗੀਨ ਯਾਦਾਂ ਦੀ ਭੀੜ ਵਿਚੋਂ ਮੈਨੂੰ ਕਿਸੇ 'ਗਰਮਾ-ਗਰਮੀ ਵਾਲੀ ਯਾਦ' ਦਾ ਚਿਹਰਾ ਨਜ਼ਰ ਨਹੀਂ ਸੀ ਆ ਰਿਹਾ।
''ਕੋਈ ਗੱਲ ਹੋਈ ਜ਼ਰੂਰ ਸੀ।''
ਜਾਪਦਾ ਸੀ ਕਿ ਕਾਹਨ ਸਿੰਘ ਨੂੰ ਕਿਸੇ 'ਨਿੱਕੀ-ਮੋਟੀ' ਗੱਲ ਦਾ ਪਤਾ ਤਾਂ ਸੀ! ਉਹ ਗੱਲ ਦੱਸਣ ਦਾ ਮਨ ਵੀ ਬਣਾਈ ਬੈਠਾ ਜਾਪਦਾ ਸੀ! ਪਰ ਪਹਿਲਾਂ ਉਹ ਸ਼ਾਇਦ ਮੈਨੂੰ ਟੋਹਣਾ ਤੇ 'ਉਸ ਘਟਨਾ' ਬਾਰੇ ਮੇਰਾ ਪ੍ਰਤੀਕਰਮ ਜਾਨਣਾ ਚਾਹੁੰਦਾ ਸੀ!
ਪਰ ਮੈਨੂੰ ਕੁਝ ਯਾਦ ਹੋਵੇ ਤਾਂ ਦੱਸਾਂ! ਵੱਧ ਤੋਂ ਵੱਧ ਮੈਂ ਸਾਡੀ 'ਜਿੱਤਣ-ਹਾਰਨ' ਦੀ ਰੋਮਾਂਟਿਕ ਜ਼ਿਦ ਦੀ ਉਦਾਹਰਣ ਹੀ ਦੇ ਸਕਿਆ।
...
ਕਾਹਨ ਸਿੰਘ ਤੇ ਸਰਬਜੀਤ ਦੋਵ੍ਹਾਂ ਦਾ ਪਿੰਡ ਇੱਕੋ ਹੀ ਸੀ। ਕਾਹਨ ਸਿੰਘ ਆਪਣੇ ਪਿੰਡ ਦੇ ਸਕੂਲ ਵਿੱਚ ਕਈ ਸਾਲਾਂ ਤੋਂ ਅਧਿਆਪਕ ਸੀ ਅਤੇ ਸਰਬਜੀਤ ਉਸ ਕੋਲੋਂ ਪੜ੍ਹਦਾ ਹੀ ਨਹੀਂ ਸੀ ਰਿਹਾ ਸਗੋਂ ਉਸਦਾ ਬੜਾ ਚਹੇਤਾ ਵਿਦਿਆਰਥੀ ਵੀ ਰਿਹਾ ਸੀ। ਉਸਦੀ ਆਪਣੇ ਪਿਤਾ ਵਾਂਗ ਇੱਜ਼ਤ ਕਰਦਾ ਸੀ।
ਮੈਂ ਆਪਣੇ ਪਿੰਡ ਸੁਰ ਸਿੰਘ ਦੇ ਹਾਈ ਸਕੂਲ ਵਿਚ ਪੜ੍ਹਾਉਂਦਾ ਸਾਂ। 1981 ਵਿਚ ਸੋਹਲਾਂ ਵਾਲੇ ਹਰਬੰਸ ਪੀਟੀ ਦੀ ਬਦਲੀ ਹੋ ਚੁੱਕੀ ਸੀ। ਸਰਬਜੀਤ ਉਸਦੀ ਥਾਂ ਨਵਾਂ ਨਵਾਂ ਨਿਯੁਕਤ ਹੋ ਕੇ ਆਇਆ ਸੀ। ਉਹ ਮੈਨੂੰ ਬੜੇ ਸਤਿਕਾਰ ਨਾਲ ਮਿਲਿਆ ਅਤੇ ਕਿਹਾ, ''ਮੈਂ ਕਾਹਨ ਸਿੰਘ ਹੁਰਾਂ ਦਾ ਵਿਦਿਆਰਥੀ ਹਾਂ ਅਤੇ ਉਹਨਾਂ ਦਾ ਗੁਰੂਆਂ ਵਾਂਗ ਸਤਿਕਾਰ ਕਰਦਾ ਹਾਂ। ਉਹ ਤੁਹਾਡੇ ਮਿੱਤਰ ਨੇ ਇਸ ਲਈ ਤੁਸੀਂ ਵੀ ਅੱਜ ਤੋਂ ਮੇਰੇ ਗੁਰੂਆਂ ਵਰਗੇ ਜੇ।''
ਉਸਦੀ ਮਿਠਾਸ ਨੇ ਮੇਰਾ ਮਨ ਮੋਹ ਲਿਆ ਸੀ।
ਕਾਹਨ ਸਿੰਘ ਮੇਰੇ ਪਿੰਡ ਤੋਂ ਪੰਜ ਸੱਤ ਮੀਲ ਦੀ ਵਿੱਥ ਤੇ ਐਨ ਹਿੰਦ-ਪਾਕਿ ਸਰਹੱਦ 'ਤੇ ਸਥਿਤ ਪਿੰਡ ਨੌਸ਼ਹਿਰੇ-ਢਾਲੇ ਦਾ ਰਹਿਣ ਵਾਲਾ ਹੈ। ਕਾਲੇ ਸਮਿਆਂ ਨੇ ਉਹਨੂੰ ਅੰਮ੍ਰਿਤਸਰ ਅਤੇ ਮੈਨੂੰ ਜਲੰਧਰ ਰਿਹਾਇਸ਼ ਤਬਦੀਲ ਕਰਨ ਲਈ ਮਜਬੂਰ ਕਰ ਦਿੱਤਾ। ਫਿਰ ਅਸੀਂ ਕਈ ਸਾਲ ਨਾ ਮਿਲ ਸਕੇ। ਪਰ ਪਿੰਡ ਰਹਿੰਦਿਆਂ ਸਾਡੀ ਸਾਂਝ ਸਦਾ ਹੀ ਬਣੀ ਰਹੀ।
ਅਸੀਂ ਦੋਵ੍ਹੇਂ ਸਭ ਤੋਂ ਪਹਿਲਾਂ 1963 ਵਿੱਚ ਜੇਬੀਟੀ ਸਕੂਲਾਂ ਦੇ ਜ਼ਿਲ੍ਹਾ ਟੂਰਨਾਮੈਂਟ ਵਿੱਚ ਮਿਲੇ ਸਾਂ। ਉਹ ਖਾਲੜੇ ਅਤੇ ਮੈਂ ਸਰਹਾਲੀ ਦੀ ਵਾਲੀਬਾਲ ਟੀਮ ਵੱਲੋਂ ਬਤੌਰ ਸਮੈਸ਼ਰ ਖੇਡੇ ਸਾਂ। ਜੇਬੀਟੀ ਕਰਨ ਪਿੱਛੋਂ ਸਾਡੀ ਐਡਹਾਕ ਨਿਯੁਕਤੀ ਵੀ ਇੱਕੋ ਸਕੂਲ ਵਿੱਚ ਹੋ ਗਈ ਸੀ ਜਿਸ ਸਦਕਾ ਸਾਡੀ ਸਾਂਝ ਹੋਰ ਗੂੜ੍ਹੀ ਹੋ ਗਈ। ਫਿਰ ਅਸੀਂ ਪੱਕੇ ਟੀਚਰ ਬਣ ਕੇ ਆਪਣੇ ਆਪਣੇ ਪਿੰਡਾਂ ਦੇ ਨੇੜੇ ਚਲੇ ਗਏ। ਕਦੀ ਕਦੀ ਮਿਲਣ-ਗਿਲਣ ਬਣਿਆ ਹੀ ਰਹਿੰਦਾ। ਅਸਾਂ ਦੋਵ੍ਹਾਂ ਅੱਗੇ ਪੜ੍ਹਾਈ ਕਰ ਕੇ ਬੀ ਏ, ਐਮ ਏ ਅਤੇ ਬੀ ਐੱਡ ਵਗੈਰਾ ਕਰ ਲਈਆਂ ਤੇ ਆਪਣੇ ਆਪਣੇ ਪਿੰਡ ਦੇ ਹਾਈ ਸਕੂਲ ਵਿੱਚ ਅਧਿਆਪਕ ਜਾ ਲੱਗੇ।
ਮੈਂ ਜਿੰਨਾ ਚਿਰ ਪਿੰਡ ਰਿਹਾ, ਹਰ ਰੋਜ਼ ਸ਼ਾਮ ਨੂੰ ਗਰਾਊਂਡ ਵਿੱਚ ਜਾਣਾ ਅਤੇ ਦੋ-ਤਿੰਨ ਘੰਟੇ ਵਾਲੀਬਾਲ ਖੇਡਣਾ ਅਤੇ ਖਿਡਵਾਉਣਾ ਮੇਰਾ ਨਿੱਤ-ਨੇਮ ਸੀ। ਇੰਝ ਮੈਂ ਲਗਾਤਾਰ ਢਾਈ ਦਹਾਕਿਆਂ ਤੋਂ ਉੱਤੇ ਰੋਜ਼ ਵਾਲੀਬਾਲ ਖੇਡਦਾ/ਖਿਡਾਉਂਦਾ ਰਿਹਾ। ਸਮੇਂ ਸਮੇਂ ਤਿਆਰ ਕੀਤੇ ਮੇਰੇ ਨਵੇਂ ਖਿਡਾਰੀਆਂ ਦੀ ਟੀਮ ਮੈਚ ਖੇਡਣ ਲਈ ਤਿਆਰ-ਬਰ-ਤਿਆਰ ਰਹਿੰਦੀ। ਅਸੀਂ ਆਸੇ ਪਾਸੇ ਦੇ ਪਿੰਡਾਂ ਦੀਆਂ ਟੀਮਾਂ ਅਤੇ ਕਲੱਬਾਂ ਨਾਲ ਮੈਚ ਖੇਡਦੇ। ਆਪਣੇ ਪਿੰਡ ਵਿੱਚ ਕਾਹਨ ਸਿੰਘ ਮੇਰੇ ਵਾਲਾ ਹੀ ਰੋਲ ਨਿਭਾ ਰਿਹਾ ਸੀ। ਉਸਦੀ ਅਗਵਾਈ ਵਿੱਚ ਉਸਦੇ ਪਿੰਡ ਦੀ ਵਾਲੀਬਾਲ ਦੀ ਵੀ ਬੜੀ ਮਜ਼ਬੂਤ ਟੀਮ ਸੀ। ਅਸਾਂ ਦੋਵ੍ਹਾਂ ਨੇ ਵਾਲੀਬਾਲ ਦੇ ਕਈ ਖਿਡਾਰੀ ਤਿਆਰ ਕੀਤੇ ਸਨ। ਕਈ ਵਾਰ ਅਸੀਂ ਦੋਵੇਂ ਧਿਰਾਂ ਇੱਕ-ਦੂਜੇ ਨਾਲ, ਇੱਕ-ਦੂਜੇ ਦੇ ਪਿੰਡ ਜਾ ਕੇ ਦੋਸਤਾਨਾਂ ਮੈਚ ਖੇਡਦੇ। ਆਪਸ ਵਿੱਚ ਜਿੱਤਦੇ-ਹਾਰਦੇ। ਭਾਵੇਂ ਅਸੀਂ ਦੋਵ੍ਹੇਂ ਇੱਕ ਦੂਜੇ ਦੇ ਖ਼ਿਲਾਫ਼ ਮੁੱਖ ਖਿਡਾਰੀ ਹੁੰਦੇ ਪਰ ਸਾਡੇ ਵਿੱਚ ਦੋਸਤੀ ਦੀ ਮੁਹੱਬਤੀ ਤੰਦ ਸਦਾ ਜੁੜੀ ਰਹੀ।

ਸਰਬਜੀਤ ਵੀ ਉਸਦਾ ਸ਼ਗਿਰਦ ਅਤੇ ਤਿਆਰ ਕੀਤਾ ਖਿਡਾਰੀ ਸੀ।
ਮੈਨੂੰ ਪਿੰਡ ਛੱਡ ਕੇ ਜਲੰਧਰ ਦੇ ਲਾਇਲਪੁਰ ਖ਼ਾਲਸਾ ਕਾਲਜ ਵਿੱਚ ਆਇਆਂ ਲਗ-ਭਗ ਡੇਢ ਦਹਾਕਾ ਹੋ ਗਿਆ ਸੀ ਜਦੋਂ ਕਾਹਨ ਸਿੰਘ ਸਾਡੀ ਕਿਸੇ ਸਾਂਝੀ ਜਾਣ-ਪਛਾਣ ਵਾਲੇ

ਪਰਿਵਾਰ ਦੇ ਵਿਆਹ-ਸਮਾਗਮ ਵਿੱਚ ਜਲੰਧਰ ਆਇਆ। ਅਸੀਂ ਕਈ ਸਾਲਾਂ ਬਾਅਦ ਮਿਲੇ ਸਾਂ। ਖਾਣਾ ਖਾਣ ਤੋਂ ਪਿੱਛੋਂ ਉਸਨੇ ਮੈਨੂੰ ਕਿਹਾ ਕਿ ਮੈਂ ਉਹਨੂੰ ਬੱਸ ਅੱਡੇ ਉੱਤੇ ਉਤਾਰ ਦਿਆਂ।

ਕਾਰ ਵਿੱਚ ਬੈਠੇ ਤਾਂ ਪੁਰਾਣਿਆਂ ਦਿਨਾਂ ਨੂੰ ਯਾਦ ਕਰਨ ਲੱਗੇ। ਪੁਰਾਣੀਆਂ ਯਾਦਾਂ ਦੇ ਰੁਮਾਂਚਕ ਧੁੰਦਲਕੇ ਵਿੱਚ ਗਵਾਚਣਾ ਕਿਸ ਨੂੰ ਚੰਗਾ ਨਹੀਂ ਲੱਗਦਾ!

"ਕਾਹਨ ਸਿੰਹਾਂ! ਤੂੰ ਮੇਰੇ ਨਾਲ ਘਰ ਚੱਲ। ਬੈਠ ਕੇ ਕੁਝ ਚਿਰ ਗੱਲਾਂ-ਬਾਤਾਂ ਕਰਾਂਗੇ। ਗਰਮਾ ਗਰਮ ਭਾਫਾਂ ਛੱਡਦੀ ਚਾਹ ਦਾ ਪਿਆਲਾ ਪਿਆਲਾ ਪੀਆਂਗੇ। ਉਥੋਂ ਹੀ ਮੈਂ ਤੈਨੂੰ ਬੱਸ ਅੱਡੇ 'ਤੇ ਛੱਡ ਆਊਂ। ਦਿਨ ਤਾਂ ਅਜੇ ਬੜਾ ਪਿਐ ਤੇ ਤੂੰ ਕਿਹੜਾ ਵਲੈਤ ਜਾਣੈਂ। ਆਹ ਪਿਐ ਅੰਮ੍ਰਿਤਸਰ।"

ਉਹ ਪਹਿਲਾਂ ਹੀ ਤਿਆਰ ਸੀ।

ਘਰ ਬੈਠੇ ਗੱਲਾਂ ਕਰਦਿਆਂ ਹੀ ਉਸਨੇ ਅਚਨਚੇਤ ਸਰਬਜੀਤ ਨਾਲ ਹੋਈ ਮੇਰੀ 'ਗਰਮਾ ਗਰਮੀ' ਬਾਰੇ ਸਵਾਲ ਪੁੱਛ ਲਿਆ ਸੀ। ਉਸਦੇ ਦੋਬਾਰਾ ਜ਼ੋਰ ਪਾਉਣ ਅਤੇ ਬੜਾ ਸੋਚਣ 'ਤੇ ਵੀ ਕੋਈ ਗੱਲ ਯਾਦ ਨਾ ਆਈ। ਮੈਨੂੰ ਤਾਂ ਯਾਦ ਆਇਆ ਉਸਦਾ ਹੱਸਦਾ ਹੋਇਆ ਸਾਂਵਲਾ ਚਿਹਰਾ। ਕੀਮਤੀ ਕੱਪੜੇ। ਗੁੱਟ ਤੇ ਬੱਧੀ ਮਹਿੰਗੀ ਘੜੀ। ਪੈਰੀਂ ਤਿੱਲੇਦਾਰ ਕਸੂਰੀ ਖੁੱਸਾ।

ਸਰਬਜੀਤ ਦੇ ਖੁੱਸੇ ਦੀ ਤਾਰੀਫ਼ ਕੀਤੀ ਤਾਂ ਉਸਨੇ ਕਿਹਾ, "ਬੰਦਾ ਪਰਸੋਂ 'ਫੇਰਾ ਲਾਉਣ' ਲਹੌਰ ਗਿਆ ਸੀ। ਚਾਰ ਖੁੱਸੇ ਮੰਗਵਾਏ ਸੀ। ਤੁਸੀਂ ਮੰਗਵਾਉਣਾਂ ਤਾਂ ਦੱਸੋ। ਅਗਲੇ ਹਫ਼ਤੇ ਬੰਦੇ ਨੇ ਫਿਰ ਲਹੌਰ ਜਾਣੈਂ। ਆਖਦਾ ਸੀ ਲਹੌਰ ਵਿੱਚ ਬੜੀ ਵਧੀਆ ਪੰਜਾਬੀ ਫ਼ਿਲਮ ਲੱਗੀ ਹੈ। ਇਸ ਫੇਰੇ ਵੇਖੀ ਨਹੀਂ ਗਈ, ਹੁਣ ਸਿਰਫ਼ ਫ਼ਿਲਮ ਵੇਖਣ ਲਹੌਰ ਜਾਣਾ।"

ਉਹ ਖਿੜਖਿੜਾ ਕੇ ਹੱਸਿਆ।

ਲਹੌਰ ਜਾਣਾ ਉਹਨਾਂ ਲਈ ਇੰਝ ਸੀ ਜਿਵੇਂ ਪਿੰਡੋਂ ਉੱਠ ਕੇ ਅੰਮ੍ਰਿਤਸਰ ਜਾਣਾ ਹੋਵੇ!

ਉਸਦੀ ਤੜਕ-ਭੜਕ ਤੇ 'ਸ਼ਾਨ-ਸ਼ੌਕਤ' ਪਿੱਛੇ ਉਸਦੇ ਪਰਿਵਾਰ ਦੀ ਚੰਗੀ ਆਰਥਿਕ-ਸਥਿਤੀ ਸੀ। ਉਹਨਾਂ ਦਾ ਪਿੰਡ ਐਨ ਹਿੰਦ-ਪਾਕਿ ਸਰਹੱਦ ਉੱਤੇ ਸੀ ਅਤੇ ਇਹ ਸਭ ਇਸੇ ਸਰਹੱਦ ਦੀਆਂ 'ਬਖ਼ਸ਼ਿਸ਼ਾਂ ਤੇ ਬਰਕਤਾਂ' ਸਨ। ਉਦੋਂ ਅਜੇ ਸਰਹੱਦ 'ਤੇ ਵਾੜ ਨਹੀਂ ਸੀ ਲੱਗੀ। ਦੋਵ੍ਹਾਂ ਮੁਲਕਾਂ ਦੇ ਖੇਤਾਂ ਦੀਆਂ ਵੱਟਾਂ ਨਾਲ ਵੱਟਾਂ ਲੱਗਦੀਆਂ ਸਨ। ਬੀਐੱਸਐੱਫ਼ ਦੀਆਂ ਨਜ਼ਰਾਂ ਬਚਾ ਕੇ ਆਪਣੇ ਆਪਣੇ ਖੇਤਾਂ ਵਿੱਚ ਕੰਮ ਕਰਦੇ ਲੋਕ ਉਰਾਰ-ਪਾਰ ਗੱਲਾਂ ਵੀ ਕਰ ਲੈਂਦੇ ਤੇ ਸੌਦੇ ਵੀ।

ਸਰਬਜੀਤ ਹੁਰੀਂ ਇਲਾਕੇ ਦੀ ਪੈਸੇ ਵੱਲੋਂ ਚੰਗੀ ਮੋਟੀ ਸਾਮੀ ਸਨ। ਨੌਕਰੀ ਤਾਂ ਸਰਬਜੀਤ ਸ਼ੁਗਲ ਵਜੋਂ ਕਰਦਾ ਸੀ। ਮਿਲਦੀ ਤਨਖ਼ਾਹ ਤੋਂ ਵੱਧ ਪੈਸੇ ਤਾਂ ਉਹ ਹਰ ਮਹੀਨੇ ਖ਼ਰਚ ਕਰ ਦਿੰਦਾ ਸੀ। ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਉੱਤੇ ਉਸਦੀ 'ਸਰਦਾਰੀ' ਦੀ ਪੈਂਠ ਬਣੀ ਹੋਈ ਸੀ। ਪਰ ਉਸਦੇ ਮਿਲਾਪੜੇ ਅਤੇ ਖ਼ੁਸ਼ਦਿਲ ਸੁਭਾ ਕਰਕੇ ਇਹ 'ਸਰਦਾਰੀ' ਕਿਸੇ ਨੂੰ ਏਨੀ ਚੁਭਦੀ ਨਹੀਂ ਸੀ। ਉਹ ਇਸ ਹਉਮੈਂ ਵਿੱਚ ਉੱਡਿਆ ਫਿਰਦਾ।

ਇਸ ਤੋਂ ਇਲਾਵਾ ਅੱਜ-ਕੱਲ੍ਹ ਉਹਨਾਂ ਦੇ ਟੱਬਰ ਦੀਆਂ ਨਵੀਆਂ ਬਣੀਆਂ 'ਸਾਂਝਾਂ' ਵੀ ਉਸ ਦੇ ਲੁਕਵੇਂ ਅਭਿਮਾਨ ਦਾ ਕਾਰਨ ਬਣ ਗਈਆਂ ਸਨ।

ਇਹ ਲਾਲਾ ਜਗਤ ਨਰਾਇਣ ਦੇ ਕਤਲ ਤੋਂ ਬਾਅਦ ਅਤੇ 'ਬਲੂ ਸਟਾਰ ਅਪ੍ਰੇਸ਼ਨ' ਤੋਂ ਪਹਿਲਾਂ ਦੇ ਦਿਨ ਸਨ। ਸੰਤ ਭਿੰਡਰਾਂ ਵਾਲੇ ਅਤੇ ਉਸਦੇ ਚੇਲਿਆਂ ਦੀ ਚੜ੍ਹ ਮਚੀ ਹੋਈ ਸੀ।

"ਸੰਤਾਂ ਦਾ ਆਪਣੇ 'ਤੇ ਮਿਹਰ ਦਾ ਹੱਥ ਹੈ।" ਸਰਬਜੀਤ ਸੰਤਾਂ ਨਾਲ ਆਪਣੇ ਪਰਿਵਾਰ ਦੇ ਨੇੜ ਦੀਆਂ ਗੱਲਾਂ ਕਰਦਾ। ਉਸਦੀਆਂ ਇਹੋ ਜਿਹੀਆਂ ਗੱਲਾਂ ਸੁਣ ਕੇ ਹੀ ਹੈਡਮਾਸਟਰ ਉਹਨੂੰ ਕੁਝ ਨਹੀਂ ਸੀ ਕਹਿੰਦਾ। ਉਹ ਜਦੋਂ ਮਰਜ਼ੀ ਸਕੂਲ ਆਵੇ, ਜਦੋਂ ਮਰਜ਼ੀ ਜਾਵੇ।

ਇਕ ਦਿਨ ਅਖਬਾਰ ਵਿੱਚ ਇੱਕ ਪੁਲਸੀਏ 'ਤੇ ਹੋਏ ਹਮਲੇ ਦੀ ਖ਼ਬਰ ਪੜ੍ਹ ਕੇ ਉਹ ਖ਼ੁਸ਼ੀ ਵਿੱਚ ਉੱਛਲ ਪਿਆ। "ਆਹ ਰੇੜ੍ਹ 'ਤਾ ਈ।"

'ਖ਼ੁਸ਼ੀ' ਸਾਂਝੀ ਕਰ ਕੇ ਉਹ ਦੱਸਣ ਲੱਗਾ, "ਪਰਸੋਂ ਸੰਤਾਂ ਦੇ ਦਰਸ਼ਨ ਕਰਨ ਗਏ ਸਾਂ। ਸੰਤਾਂ ਨੂੰ ਸੁਣ ਕੇ ਸਵਾਦ ਆ ਗਿਆ। ਏਸੇ ਪੁਲਸੀਏ ਦੀ ਘਰਵਾਲੀ ਆਈ ਸਾਡੇ ਵਿੰਹਦਿਆਂ। ਹੱਥ ਜੋੜ ਜੋੜ ਤਰਲੇ ਲਵੇ। ਆਖੇ, 'ਮੇਰੇ ਘਰਵਾਲੇ ਦੀ ਜਾਨ ਬਖ਼ਸ਼ੀ ਕਰ ਦਿਓ। ਉਸਦਾ ਕੋਈ ਕਸੂਰ ਨਹੀਂ। ਸਾਡਾ ਨਿੱਕਾ ਨਿੱਕਾ ਜੀਆ ਜੰਤ ਕੀ ਕਰੂ!' ਉਸਨੇ ਆਪਣਾ ਛੇ-ਸੱਤ ਸਾਲ ਦਾ ਨਿਆਣਾ ਅੱਗੇ ਕੀਤਾ ਅਤੇ ਉਹ ਕੰਬਦਾ ਹੋਇਆ ਸੰਤਾਂ ਅੱਗੇ ਹੱਥ ਜੋੜ ਕੇ ਆਖੇ, 'ਮੇਰੇ ਡੈਡੀ ਨੂੰ ਨਾ ਮਾਰਿਓ।' ਸੰਤ ਕਹਿੰਦੇ, 'ਬੀਬੀ, ਤੇਰੇ ਘਰਵਾਲੇ ਨੇ ਘੱਟ ਨਹੀਂ ਕੀਤੀ। ਜਿਨ੍ਹਾਂ ਨਾਲ ਹੋਈ, ਉਹਨਾਂ ਦੇ ਵੀ ਤਾਂ ਏਡੇ ਏਡੇ ਨਿਆਣੇਂ ਸਨ। ਨਾਲੇ ਬੀਬੀ ਮੈਂ ਕੀ ਕਰਨਾ ਹੈ! ਕਰਨ ਕਰਾਉਣ ਵਾਲੀ ਤਾਂ ਸੰਗਤ ਹੈ ਜਾਂ ਉਹ ਗੁਰੂ ਮਹਾਂਰਾਜ!"

ਮੈਨੂੰ ਉਸਦਾ ਖ਼ੁਸ਼ ਹੋਣਾ ਚੰਗਾ ਨਾ ਲੱਗਾ।

"ਇਸ ਵਿੱਚ ਖ਼ੁਸ਼ ਹੋਣ ਵਾਲੀ ਕੋਈ ਗੱਲ ਨਹੀਂ। ਇੱਕ ਬੰਦੇ ਦੀ ਜਾਨ ਗਈ ਹੈ। ਸੰਤ ਅਤੇ ਗੁਰੂ ਤਾਂ ਬਖ਼ਸ਼ਣ-ਹਾਰ ਹੁੰਦਾ ਹੈ। ਤੈਨੂੰ ਹੱਥ ਜੋੜੀ ਖਲੋਤੇ ਉਸ ਛੋਟੇ ਮੁੰਡੇ 'ਤੇ ਤਰਸ ਨਾ ਆਇਆ?" ਮੈਂ ਆਖਿਆ ਤਾਂ ਉਹ ਗੰਭੀਰ ਹੋ ਗਿਆ।

"ਤਰਸ ਤਾਂ ਆਇਆ ਸੀ ਭਾ ਜੀ! ਪਰ ਜਦੋਂ ਉਹ ਜਨਾਨੀ ਚਲੀ ਗਈ ਤਾਂ ਸੰਤਾਂ ਕੋਲ ਬੈਠੇ ਬੰਦੇ ਉਸ 'ਤੇ ਹੱਸਣ ਲੱਗੇ। ਉਹਨਾਂ ਦੇ ਹਾਸੇ ਵਿੱਚ ਉਹ ਮੁੰਡਾ ਮੈਨੂੰ ਭੁੱਲ ਹੀ ਗਿਆ ਸੀ!"

"ਰਤਾ ਸੋਚ ਕੇ ਵੇਖ! ਉਸ ਮੁੰਡੇ ਦੀ ਥਾਂ ਜੇ ਕਿਤੇ ਤੂੰ ਹੁੰਦੋਂ!"

ਉਸ ਨੇ ਉੱਚੀ ਸਾਰੀ ਆਖਿਆ, "ਓ ਛੱਡੋ ਭਾ ਜੀ! ਐਵੇਂ ਉਸ ਮੁੰਡੇ ਦਾ ਚੇਤਾ ਨਾ ਕਰਾਓ।"

ਉੱਚੀ ਅਵਾਜ਼ ਵਿੱਚ ਉਹ ਆਪਣੇ ਪਛਤਾਵੇ ਨੂੰ ਲੁਕਾਉਣਾ ਚਾਹੁੰਦਾ ਸੀ।

ਸਰਬਜੀਤ ਮੈਨੂੰ ਵੱਖ ਵੱਖ ਸ਼ਕਲਾਂ ਵਿੱਚ ਦਿਸ ਰਿਹਾ ਸੀ।

ਕਾਹਨ ਸਿੰਘ ਦੀ ਪੁੱਛ ਦੇ ਉੱਤਰ ਵਿੱਚ ਮੈਂ ਵਾਰ ਵਾਰ ਜ਼ਿਹਨ 'ਤੇ ਜ਼ੋਰ ਪਾ ਰਿਹਾ ਸਾਂ ਤਾਂ 'ਰਮੇਸ਼ ਦੇ ਹੱਥਾਂ ਵਿੱਚ ਨੀਲੇ ਰੰਗ ਦਾ ਅੰਤਰ-ਦੇਸ਼ੀ ਲਿਫ਼ਾਫ਼ਾ ਕੰਬਦਾ' ਨਜ਼ਰ ਆਇਆ।

ਸਰਬਜੀਤ ਪਿਛਲੇ ਤਿੰਨ ਕੁ ਦਿਨਾਂ ਤੋਂ ਸਕੂਲ ਨਹੀਂ ਸੀ ਆਇਆ। ਉਹ ਕਈ ਵਾਰ ਸਕੂਲੋਂ ਅਜਿਹੀ ਘੁਸਾਈ ਮਾਰ ਜਾਂਦਾ ਸੀ। ਇਸ ਨੀਲੇ ਲਿਫ਼ਾਫ਼ੇ ਵਿਚਲੀ ਇਬਾਰਤ ਪੜ੍ਹ ਕੇ ਰਮੇਸ਼ ਨੂੰ ਇਸਦੀ ਪੂਰੀ ਸਮਝ ਨਹੀਂ ਸੀ ਪਈ ਤੇ ਉਹ ਹੈਰਾਨੀ ਤੇ ਜਗਿਆਸਾ ਵੱਸ ਸਟਾਫ਼-ਰੂਮ ਵਿੱਚ ਸਾਡੇ ਨਾਲ ਇਸਦਾ ਵੇਰਵਾ ਸਾਂਝਾ ਕਰ ਰਿਹਾ ਸੀ।

ਚਿੱਠੀ ਉੱਤੇ ਲੁਧਿਆਣੇ ਦੀ ਮੋਹਰ ਸੀ। 'ਸਾਰੇ ਭਰਾਵਾਂ ਨੂੰ ਫ਼ਤਹਿ ਬੁਲਾ ਕੇ' ਉਸਨੇ ਰਮੇਸ਼ ਦੀ ਡਿਊਟੀ ਲਾਈ ਸੀ ਕਿ ਧਨਵੰਤ ਕੋਲੋਂ ਜਿਹੜੇ ਦਸ ਹਜ਼ਾਰ ਰੁਪਏ ਸਰਬਜੀਤ ਨੇ ਲੈਣੇ ਨੇ ਉਹ ਧਨਵੰਤ ਆਪੇ ਹੀ ਠੀਕ ਸਮਝ ਕੇ ਕਿਸੇ ਪੁੰਨ-ਖ਼ਾਤੇ ਖ਼ਰਚ ਕਰ ਦੇਵੇ! ਕੁਝ ਹੋਰਨਾਂ ਕੋਲੋਂ ਲੈਣ ਵਾਲੇ ਪੈਸੇ ਵੀ ਕਿਸੇ

ਗ਼ਰੀਬ ਦੀ ਸਹਾਇਤਾ ਹਿਤ ਖ਼ਰਚ ਕਰ ਦੇਣ ਬਾਰੇ ਲਿਖਿਆ ਸੀ। ਸਕੂਲ ਦਾ ਨਿੱਕਾ-ਮੋਟਾ ਲੈਣ ਦੇਣ ਮੁਕਾਉਣ ਬਾਰੇ ਵੀ ਵੇਰਵੇ ਦਰਜ ਸਨ। ਅੰਤ 'ਤੇ ਇਹ ਲਿਖਿਆ ਸੀ ਕਿ 'ਚਿੱਠੀ' ਮਿਲਣ ਤੱਕ ਉਹ ਕਿਉਂਕਿ ਸਾਰਿਆਂ ਤੋਂ 'ਬਹੁਤ ਦੂਰ ਜਾ ਚੁੱਕਾ ਹੋਵੇਗਾ, ਇਸ ਲਈ ਉਸਦੀ ਭੁੱਲ ਚੁੱਕ ਮਾਫ਼ ਕਰ ਦਿੱਤੀ ਜਾਵੇ!'

ਇਸ ਚਿੱਠੀ ਵਿੱਚ ਲੁਕਿਆ ਰਹੱਸ ਛੇਤੀ ਹੀ ਉਜਾਗਰ ਹੋ ਗਿਆ ਜਦੋਂ ਸਾਡੇ ਓਥੇ ਬੈਠਿਆਂ ਹੀ ਕਿਸੇ ਨੇ ਇਹ ਮਨਹੂਸ ਖ਼ਬਰ ਆਣ ਸੁਣਾਈ ਸੀ ਕਿ ਸਰਬਜੀਤ ਸਰਹੰਦ ਨਹਿਰ ਵਿੱਚ ਡੁੱਬ ਕੇ ਖ਼ੁਦਕੁਸ਼ੀ ਕਰ ਗਿਆ ਸੀ। ਉਹਦੇ ਘਰ ਦੇ ਅੱਜ ਉਸਦੀ ਲਾਸ਼ ਲੱਭਣ ਗਏ ਸਨ। ਰਮੇਸ਼ ਦੇ ਹੱਥਾਂ ਵਿੱਚ ਫੜਿਆ ਲਿਫ਼ਾਫ਼ਾ ਸ਼ਾਇਦ ਸਿਮਟ ਕੇ ਉਹ ਬਾਹਵਾਂ ਬਣ ਗਿਆ ਸੀ ਜਿਨ੍ਹਾਂ ਵਿੱਚ ਮਰਨ ਸਮੇਂ ਸਰਬਜੀਤ ਨੇ ਰਮੇਸ਼ ਨੂੰ ਘੁੱਟਿਆ ਹੋਇਆ ਸੀ! ਮਰਨ ਦਾ ਫ਼ੈਸਲਾ ਕਰੀ ਬੈਠੇ ਸਰਬਜੀਤ ਨੇ 'ਜਮਨਾ ਪਾਰ' ਭੇਜੇ ਜਾਣ ਵਾਲੀ ਬਾਹਰੀ ਪਛਾਣ ਵਾਲੇ ਮਿੱਤਰ ਨੂੰ ਹੀ ਸਭ ਤੋਂ ਭਰੋਸੇ ਯੋਗ ਜਾਣ ਕੇ 'ਵਸੀਅਤ ਨੁਮਾ' ਚਿੱਠੀ ਲਿਖੀ ਸੀ!

ਬੜੀ ਦੁਖਦਾਈ ਝਾਕੀ ਮੇਰੇ ਮਨ-ਮਸਤਕ 'ਤੇ ਛਾ ਗਈ। ਮੇਰੇ ਸਾਹਮਣੇ ਸਰਹੰਦ ਨਹਿਰ ਵਿਚੋਂ ਕੱਢ ਕੇ ਲਿਆਂਦੀ ਉਸਦੀ ਫੁੱਲੀ ਹੋਈ ਲਾਸ਼ ਪਈ ਸੀ। ਉਹ ਘਰਦਿਆਂ ਨਾਲ ਕਿਸੇ ਗੱਲੋਂ ਖਫ਼ਾ ਹੋ ਗਿਆ ਸੀ। ਉਸਦੇ ਸਹੁਰੇ ਪਰਿਵਾਰ ਵਿਚੋ ਆਏ ਕਿਸੇ ਮਹਿਮਾਨ ਦੇ ਸਾਹਮਣੇ ਉਸਦੇ ਕਿਸੇ ਵਡੇਰੇ ਨੇ ਉਹਨੂੰ ਕੁਝ ਅਜਿਹਾ ਆਖ ਦਿੱਤਾ ਸੀ ਜਿਸ ਨਾਲ ਉਸਦੀ ਹਉਮੈਂ ਜ਼ਖ਼ਮੀ ਹੋ ਗਈ ਸੀ। ਉਸਦੀ ਰੂਹ 'ਰੁੱਖੇ ਬੋਲਾਂ' ਦਾ ਭਾਰ ਚੁਕਣੋਂ ਇਨਕਾਰੀ ਹੋ ਗਈ ਸੀ! ਉਂਝ ਇਹੋ ਵਡੇਰਾ ਉਹਨਾਂ ਦੇ ਪਰਿਵਾਰ ਨੂੰ 'ਬੁਲੰਦੀਆਂ' 'ਤੇ ਲੈ ਕੇ ਜਾਣ ਵਾਲਾ ਸੀ।

ਗੱਲ ਤਾਂ ਠੀਕ ਹੀ ਸੀ। ਹੁਣ ਵੀ ਉਹ ਵਡੇਰਾ ਨਰਾਜ਼ ਹੋ ਕੇ ਸਰਬਜੀਤ ਹੁਰਾਂ ਨੂੰ ਪਿਤਰੀ ਮਾਣ ਵਿੱਚ ਗਾਲ੍ਹ-ਮੰਦਾ ਕਰ ਲੈਂਦਾ ਸੀ। ਉਹ ਉਸਦਾ ਗੁੱਸਾ ਨਹੀਂ ਸਨ ਕਰਦੇ। ਹੱਸ ਕੇ ਟਾਲ ਦਿੰਦੇ। ਪਰ ਸਰਬਜੀਤ ਅੱਜ ਹੱਸ ਕੇ ਟਾਲ ਨਾ ਸਕਿਆ। ਉਹ ਰਿੱਝਦਾ ਹੋਇਆ ਕਿਸੇ ਰਿਸ਼ਤੇਦਾਰੀ 'ਤੇ ਜਾਣ ਦਾ ਬਹਾਨਾ ਲਾ ਕੇ ਘਰੋਂ ਚਲਾ ਗਿਆ ਸੀ। ਉਸਦੀ ਨਵ-ਵਿਆਹੀ ਪਤਨੀ ਵੀ ਉਸਦੇ ਨਾਲ ਹੀ ਸੀ। ਰਾਤ ਨੂੰ ਉਹ ਲੁਧਿਆਣੇ ਕਿਸੇ ਹੋਟਲ ਵਿੱਚ ਠਹਿਰੇ ਅਤੇ ਅਗਲੇ ਦਿਨ ਉਸਨੇ ਸਰਹੰਦ ਨਹਿਰ ਵਿੱਚ ਜਾ ਛਾਲ ਮਾਰੀ ਸੀ। ਉਸਦੇ ਡੁੱਬ ਜਾਣ ਦੀ ਖ਼ਬਰ ਉਸਦੀ ਨਵ-ਵਿਆਹੀ ਪਤਨੀ ਨੇ ਆਣ ਕੇ ਦਿੱਤੀ ਸੀ ਜਿਸਨੂੰ ਉਹ ਪਿਛਲੇ ਦੋ ਦਿਨ ਤੋਂ ਆਪਣੇ ਨਾਲ ਹੀ ਖ਼ੁਦਕਸ਼ੀ ਕਰਨ ਲਈ ਪ੍ਰੇਰਦਾ ਰਿਹਾ ਸੀ। ਪਰ ਉਹ ਉਹਨੂੰ ਮਰਨ ਨਾਲੋਂ ਜਿਊਣ ਵਾਲੇ ਪਾਸੇ ਮੋੜਨ ਦੀ ਕੋਸ਼ਿਸ਼ ਕਰਦੀ ਰਹੀ ਸੀ। ਸਰਹੰਦ ਨਹਿਰ ਉੱਤੇ ਬਣੇ ਰੈਸਟੋਰੈਂਟ 'ਤੇ ਬੈਠਿਆਂ ਉਸਨੇ ਪਤਨੀ ਨੂੰ 'ਮਨਾਉਣ' ਦੀ ਆਖ਼ਰੀ ਕੋਸ਼ਿਸ਼ ਕੀਤੀ। ਪਰ ਉਸਦੇ ਇਨਕਾਰ ਕਰਨ ਅਤੇ ਉਸ ਵੱਲੋਂ ਸਮਝਾਉਣ ਦੇ ਲੱਖ ਯਤਨਾਂ ਦੇ ਬਾਵਜੂਦ ਸਰਬਜੀਤ ਨੇ ਉਸਤੋਂ ਆਪਣੀ ਬਾਂਹ ਛੁਡਾ ਕੇ ਨਹਿਰ ਵਿੱਚ ਛਾਲ ਮਾਰ ਦਿੱਤੀ ਸੀ।

ਤੀਸਰੇ ਦਿਨ ਹਰੇ ਜਾਲ਼ੇ ਨਾਲ ਲਿੱਬੜੀ ਉਸਦੀ ਗਲ਼ ਚੁੱਕੀ ਲਾਸ਼ ਲੱਭੀ ਸੀ। ਇਲਾਕੇ ਵਿੱਚ ਹਾਹਾਕਾਰ ਮੱਚ ਗਈ ਸੀ।

ਮੈਂ ਕਾਹਨ ਸਿੰਘ ਨੂੰ ਕਿਹਾ, "ਕਮਲਾ ਭੰਗ ਦੇ ਭਾੜੇ ਜਾਨ ਗਵਾ ਬੈਠਾ। ਘਰਾਂ ਵਿੱਚ ਸੌ ਉੱਨੀ ਇੱਕੀ ਹੋ ਜਾਂਦੀ ਹੈ।"

ਮੈਨੂੰ ਉਸਦੀ ਕਹਿਰੀ ਮੌਤ ਦਾ ਡੂੰਘਾ ਅਫ਼ਸੋਸ ਸੀ।

## 'ਵਿਚਲੀ ਗੱਲ'

ਅਫ਼ਸੋਸ ਸਾਂਝਾ ਕਰਨ ਤੋਂ ਬਾਅਦ ਕਾਹਨ ਸਿੰਘ ਨੇ ਸ਼ਾਇਦ 'ਵਿਚਲੀ ਗੱਲ' ਦੱਸਣ ਦਾ ਮਨ ਬਣਾ ਹੀ ਲਿਆ ਸੀ।

"ਤੁਹਾਡੇ ਨਾਲ ਉਹਦੀ ਮੁੰਡਿਆਂ ਨੂੰ ਕਬੱਡੀ ਖਿਡਵਾਉਣ ਤੋਂ ਝੜਪ ਹੋਈ ਸੀ ਨਾ ਇੱਕ ਵਾਰ?"

"ਅੱਛਾ! ਲੈ ਉਹ ਗੱਲ? ਉਹ ਤਾਂ ਮਮੂਲੀ ਗੱਲ ਸੀ। ਝੜਪ ਵੀ ਕੋਈ ਨਹੀਂ ਸੀ ਹੋਈ। ਬੱਸ ਗੁੱਸਾ ਆਇਆ ਸੀ ਮੈਨੂੰ ਵੀ ਅਤੇ ਉਹਨੂੰ ਵੀ। ਪਰ ਅਸੀਂ ਇੱਕ ਦੂਜੇ ਨੂੰ ਮੂੰਹੋਂ ਬੁਰਾ ਭਲਾ ਕਿਹਾ ਕੁਝ ਨਹੀਂ ਸੀ।"

ਮੇਰੇ ਚੇਤੇ ਵਿੱਚ ਇੱਕ ਦ੍ਰਿਸ਼ ਉੱਭਰਿਆ।

"ਉਹ ਤਾਂ ਬੜੀ ਵੱਡੀ ਗੱਲ ਹੋ ਚੱਲੀ ਸੀ। ਮੈਂ ਜਾਣ ਬੁੱਝ ਕੇ ਕਦੀ ਤੁਹਾਨੂੰ ਦੱਸੀ ਨਹੀਂ ਸੀ।"

ਕਾਹਨ ਸਿੰਘ ਨੇ ਰਹੱਸ ਹੋਰ ਡੂੰਘਾ ਕਰ ਦਿੱਤਾ।

### ਹੋਇਆ ਇਹ ਸੀ:

ਸਕੂਲਾਂ ਦੇ ਸਲਾਨਾ ਟੂਰਨਾਮੈਂਟ ਆਉਣ ਵਾਲੇ ਸਨ। ਸਰਬਜੀਤ ਸਕੂਲ ਲੱਗਦਿਆਂ ਹੀ ਨੌਵੀਂ-ਦਸਵੀਂ ਦੇ ਮੁੰਡਿਆਂ ਨੂੰ ਸਕੂਲ ਪਿਛਲੇ ਖੇਡ ਦੇ ਮੈਦਾਨ ਵਿੱਚ ਲੈ ਜਾਂਦਾ ਅਤੇ ਕਬੱਡੀ ਖਿਡਾਉਣੀ ਸ਼ੁਰੂ ਕਰ ਦਿੰਦਾ। ਹੋਰ ਤਮਾਸ਼ਬੀਨ ਮੁੰਡੇ ਵੀ ਗਰਾਊਂਡ ਦੇ ਆਸੇ ਪਾਸੇ ਜਾ ਬੈਠਦੇ। ਵੱਡੀਆਂ ਜਮਾਤਾਂ ਵਿਹਲੀਆਂ ਵਰਗੀਆਂ ਹੋ ਜਾਂਦੀਆਂ। ਉਹ ਅੱਧੀ ਛੁੱਟੀ ਤੱਕ ਕਬੱਡੀ ਖਿਡਾਉਂਦਾ ਰਹਿੰਦਾ।

ਦਸਵੀਂ ਜਮਾਤ ਵਿੱਚ ਮੇਰਾ ਪੰਜਵਾਂ ਪੀਰੀਅਡ ਲੱਗਦਾ ਸੀ। ਜਦੋਂ ਮੈਂ ਜਮਾਤ ਵਿੱਚ ਜਾਂਦਾ, ਅੱਧੀ ਜਮਾਤ ਖਾਲੀ ਹੁੰਦੀ। ਪੁੱਛਣਾ ਤਾਂ ਪਤਾ ਲੱਗਣਾ ਕਿ ਕੁਝ ਮੁੰਡੇ ਕਬੱਡੀ ਖੇਡਣ ਅਤੇ ਕੁਝ ਉਹਨਾਂ ਨਾਲ ਰੌਣਕ-ਮੇਲਾ ਵੇਖਣ ਗਏ ਹੋਏ ਹਨ। ਮੈਨੂੰ ਇਸ ਤਰ੍ਹਾਂ ਬੱਚਿਆਂ ਦੀ ਪੜ੍ਹਾਈ ਖ਼ਰਾਬ ਕਰਨਾ ਚੰਗਾ ਨਹੀਂ ਸੀ ਲੱਗਦਾ। ਕੁਝ ਦਿਨ ਇਹ ਸਿਲਸਿਲਾ ਚੱਲਦਾ ਰਿਹਾ। ਮੈਂ ਕਬੱਡੀ ਵਾਲਿਆਂ ਮੁੰਡਿਆਂ ਨੂੰ ਕਿਹਾ ਕਿ ਕਬੱਡੀ ਖੇਡਣ ਵਾਲੇ ਤਾਂ ਭਾਵੇਂ ਖੇਡਦੇ ਰਹਿਣ ਪਰ ਸਰਬਜੀਤ ਨੂੰ ਆਖਿਓ ਤਮਾਸ਼ਬੀਨਾਂ ਨੂੰ ਤਾਂ ਕਲਾਸ ਵਿੱਚ ਭੇਜ ਦਿਆ ਕਰੇ।

ਅਗਲੇ ਦਿਨ ਮੇਰੀ ਕਲਾਸ ਫਿਰ ਵਿਹਲੀ ਸੀ। ਮੇਰੇ ਆਖੇ ਦਾ ਕੋਈ ਅਸਰ ਨਹੀਂ ਸੀ ਹੋਇਆ। ਪੁੱਛਣ 'ਤੇ ਪਤਾ ਲੱਗਾ ਕਿ ਸਰਬਜੀਤ ਨੂੰ ਜਦੋਂ ਮੁੰਡਿਆਂ ਨੇ ਮੇਰਾ ਸੁਨੇਹਾ ਦਿੱਤਾ ਤਾਂ ਉਸ ਆਖਿਆ ਸੀ, 'ਓਏ ਬੈਠੋ ਤੁਸੀਂ। ਮੇਰੇ ਹੁੰਦਿਆਂ ਤੁਹਾਨੂੰ ਕੋਈ ਕੁਝ ਨਹੀਂ ਆਖਦਾ।'

ਮੈਨੂੰ ਉਸਦੇ ਬੋਲਾਂ ਵਿਚੋਂ 'ਤੁਹਾਨੂੰ ਕੋਈ ਕੁਝ ਨਹੀਂ ਆਖਦਾ' ਦੀ ਥਾਂ 'ਤੁਹਾਨੂੰ ਕੋਈ ਕੁਝ ਨਹੀਂ ਆਖ ਸਕਦਾ!' ਦੀ ਗੰਧ ਆਈ। ਇਹਨਾਂ ਸ਼ਬਦਾਂ ਵਿੱਚ ਤਾਂ ਇੱਕ ਵੰਗਾਰ ਸੀ!

ਮੈਨੂੰ ਸਰਬਜੀਤ ਦੀ ਇਹ ਵੰਗਾਰ ਚੰਗੀ ਨਾ ਲੱਗੀ। ਪਰ ਮੈਂ ਉਹਨੂੰ ਕੁਝ ਨਾ ਆਖਿਆ।

ਮੇਰੀ ਜੱਟ-ਹਉਮੈਂ ਵੀ ਜਾਗ ਪਈ ਸੀ। ਪਹਿਲੇ ਦਿਨ ਤਾਂ ਮੈਂ ਸਿਰਫ਼ ਤਮਾਸ਼ਬੀਨਾਂ ਨੂੰ ਹੀ ਕਲਾਸ ਵਿੱਚ ਆਉਣ ਲਈ ਸੁਨੇਹਾ ਭੇਜਿਆ ਸੀ ਪਰ ਅਗਲੇ ਦਿਨ ਸਵੇਰੇ ਹੀ ਮੈਂ ਆਪਣੀ ਜਮਾਤ ਦੇ ਕਬੱਡੀ ਖੇਡਣ ਵਾਲੇ ਮੁੰਡਿਆਂ ਨੂੰ ਕਹਿ ਦਿੱਤਾ ਕਿ ਕਬੱਡੀ ਖੇਡਣ ਲਈ ਚਾਰ ਪੀਰੀਅਡ ਬਹੁਤ ਹੁੰਦੇ ਹਨ, ਇਸ ਲਈ ਉਹ ਅੱਜ ਮੇਰੇ ਪੀਰੀਅਡ ਸਮੇਂ ਕਲਾਸ ਵਿੱਚ ਹਰ ਹਾਲਤ ਵਿੱਚ ਹਾਜ਼ਰ

ਹੋਣੇ ਚਾਹੀਦੇ ਹਨ।
ਪਰ ਅੱਜ ਫਿਰ ਹਾਲਤ ਪਹਿਲਾਂ ਵਾਲੀ ਹੀ ਸੀ। ਮੁੰਡਿਆਂ ਨੇ ਮੇਰਾ ਸੁਨੇਹਾਂ ਸਰਬਜੀਤ ਤੱਕ ਪਹੁੰਚਾ ਦਿੱਤਾ ਸੀ। ਪਰ ਉਸਨੇ ਫਿਰ ਕਿਹਾ ਸੀ, ''ਉਏ ਜਦੋਂ ਮੈਂ ਆਖਦਾਂ, ਕੁਝ ਨਹੀਂ ਹੁੰਦਾ। ਤੁਸੀਂ ਕਿਹੜੀ ਗੱਲੋਂ ਡਰਦੇ ਓ। ਘਬਰਾਓ ਨਾ, ਖੇਡੋ ਤੁਸੀਂ।''
ਪਤਾ ਮੈਨੂੰ ਵੀ ਲੱਗ ਗਿਆ। ਅਸੀਂ ਅੰਦਰੋਂ ਅੰਦਰ ਤਣ ਗਏ ਸਾਂ। ਅਗਲੇ ਦਿਨ ਜਦੋਂ ਮੇਰੇ ਪੀਰੀਅਡ ਦੀ ਘੰਟੀ ਖੜਕੀ, ਮੈਂ ਕਲਾਸ ਵਿੱਚ ਗਿਆ ਤਾਂ ਪਹਿਲਾਂ ਵਾਲਾ ਹਾਲ। ਕੁਝ ਭਲੇਮਾਣਸ ਅਤੇ ਡਰਾਕਲ ਮੁੰਡੇ ਹੀ ਕਲਾਸ ਵਿੱਚ ਹਾਜ਼ਰ ਸਨ। ਬਾਕੀ ਸਾਰੀ ਜਮਾਤ ਗਰਾਊਂਡ ਵਿੱਚ ਹੀ ਸੀ। ਮੈਂ ਉਸੇ ਵੇਲੇ ਗਰਾਊਂਡ ਵੱਲ ਤੁਰ ਪਿਆ। ਸਾਰੇ ਮੇਰੇ ਵੱਲ ਵੇਖਣ ਲੱਗੇ।
''ਤੁਹਾਨੂੰ ਮੈਂ ਕੀ ਆਖਿਆ ਸੀ ਉਏ! ਤੁਸੀਂ ਕਲਾਸ ਵਿੱਚ ਕਿਉਂ ਨਹੀਂ ਆਏ?''
ਮੇਰੀ ਉੱਚੀ ਅਤੇ ਗੁਸੈਲ ਅਵਾਜ਼ ਸੁਣ ਕੇ ਮੁੰਡੇ ਖੇਡਣਾ ਛੱਡ ਕੇ ਖਲੋ ਗਏ। ਮਹੌਲ ਵਿੱਚ ਖ਼ਮੋਸ਼ ਤਣਾਅ ਪਸਰ ਗਿਆ।
ਕਬੱਡੀ ਵੇਖ ਰਹੇ ਤਮਾਸ਼ਬੀਨ ਮੁੰਡਿਆਂ ਨੂੰ ਮੈਂ ਦਬਕਾਇਆ ਕਿ ਉਹ ਆਪੋ ਆਪਣੀ ਕਲਾਸ ਵਿੱਚ ਜਾਣ, ਓਥੇ ਬੈਠਣ ਦਾ ਉਹਨਾਂ ਦਾ ਕੋਈ ਕੰਮ ਨਹੀਂ। ਸਰਬਜੀਤ ਦਸ ਗਜ਼ ਦੀ ਵਿੱਥ 'ਤੇ ਗਰਾਊਂਡ ਦੇ ਦੂਜੇ ਸਿਰੇ 'ਤੇ ਖਲੋਤਾ ਸੀ।
ਮੈਂ ਪੂਰੀ ਕਰੜਾਈ ਨਾਲ ਆਖਿਆ, ''ਜਿਹੜੇ ਦਸਵੀਂ ਦੇ ਮੁੰਡੇ ਨੇ, ਚੁੱਪ ਚਾਪ ਬੰਦੇ ਦੇ ਪੁੱਤ ਬਣ ਕੇ ਬਾਹਰ ਆ ਜਾਓ ਅਤੇ ਮੂੰਹ ਹੱਥ ਧੋ ਕੇ ਕਲਾਸ ਵਿੱਚ ਚੱਲੋ। ਮੈਂ ਤੁਹਾਨੂੰ ਕੱਲ੍ਹ ਹੀ ਕਹਿ ਦਿੱਤਾ ਸੀ ਕਿ ਇਸ ਵੇਲੇ ਤੁਹਾਨੂੰ ਕਲਾਸ ਵਿੱਚ ਹੋਣਾ ਚਾਹੀਦਾ ਹੈ।''
ਮੁੰਡੇ ਕਦੀ ਮੇਰੇ ਵੱਲ ਵੇਖਣ, ਕਦੀ ਸਰਬਜੀਤ ਵੱਲ।
''ਬਿਟਰ ਬਿਟਰ ਕੀ ਵਿੰਹਦੇ ਓ। ਮੇਰੀ ਗੱਲ ਨਹੀਂ ਸੁਣੀ? ਚੱਲ ਉਏ ਪੱਗਿਆ ਤੂੰ। ਤੂੰ ਵੀ ਪਾ ਕੱਪੜੇ ਉਏ ਸੀਂਢੀ।''
ਮੈਂ ਵਾਰੀ ਵਾਰੀ ਨਾਂ ਲੈ ਕੇ ਬੁਲਾਉਣਾ ਸ਼ੁਰੂ ਕੀਤਾ ਤਾਂ ਮੇਰੇ ਬੋਲਾਂ ਵਿਚਲੀ ਕਰੜਾਈ ਵੇਖ ਕੇ ਉਹਨਾਂ ਕੱਪੜੇ ਚੁੱਕੇ ਅਤੇ ਨਲਕੇ ਵੱਲ ਤੁਰ ਪਏ।
ਸਰਬਜੀਤ ਖਲੋਤਾ ਮੁੱਛਾਂ 'ਤੇ ਹੱਥ ਫੇਰ ਰਿਹਾ ਸੀ। ਸਾਂਵਲੇ ਮੱਥੇ ਉੱਤੇ ਉੱਭਰੀਆਂ ਪਸੀਨੇ ਦੀਆਂ ਬੂੰਦਾਂ ਉਹਦੀਆਂ ਤਿਊੜੀਆਂ ਵਿੱਚ ਘੁਲ ਗਈਆਂ ਸਨ। ਪਰ ਨਾ ਉਸਨੇ ਕੋਈ ਬੋਲ ਮੇਰੇ ਨਾਲ ਸਾਂਝਾ ਕੀਤਾ ਤੇ ਨਾ ਮੈਂ। ਮੁੰਡਿਆਂ ਨੂੰ ਅੱਗੇ ਹਿੱਕ ਕੇ ਮੈਂ ਕਲਾਸ ਵਿੱਚ ਲੈ ਆਇਆ।
ਅਗਲੇ ਦਿਨ ਦਰਸ਼ਨ ਹੁਰਾਂ ਨੇ ਸਾਨੂੰ ਦੋਵ੍ਹਾਂ ਨੂੰ ਸਮਝਾ-ਬੁਝਾ ਕੇ ਸਾਡੇ ਹੱਥ ਮਿਲਵਾ ਦਿੱਤੇ।
ਉਹਨੂੰ ਕਿਹਾ, ''ਸੰਧੂ ਸਾਹਿਬ ਤੇਰੇ ਵੱਡੇ ਭਰਾ ਸਨ। ਤੂੰ ਰਿਕੁਐਸਟ ਕਰਨੀ ਸੀ, ਇਹਨਾਂ ਤੈਨੂੰ ਕੀ ਆਖਣਾ ਸੀ ਮੁੰਡਿਆਂ ਤੋਂ। ਅੱਗੇ ਕਿਹੜੀਆਂ ਰੋਜ਼ ਸਾਰੀਆਂ ਕਲਾਸਾਂ ਲੱਗਦੀਆਂ ਨੇ! ਟੂਰਨਾਮੈਂਟ ਤੱਕ ਇਹਨਾਂ ਦੀ ਵੀ ਕਲਾਸ ਨਾ ਲੱਗਦੀ ਤਾਂ ਕੀ ਫ਼ਰਕ ਪੈਣਾ ਸੀ!''
ਮੈਨੂੰ ਕਿਹਾ, ''ਤੁਹਾਡਾ ਛੋਟਾ ਵੀਰ ਸੀ। ਤੁਸੀਂ ਆਪ ਇਸਨੂੰ ਸਮਝਾ ਬੁਝਾ ਲੈਣਾ ਸੀ। ਇਹਨੇ ਕਿਹੜਾ ਤੁਹਾਡਾ ਕਿਹਾ ਕਦੀ ਮੋੜਿਆ ਹੈ। ਏਨੀ ਇੱਜ਼ਤ ਕਰਦਾ ਹੈ ਤੁਹਾਡੀ। ਮੁੰਡਿਆਂ 'ਚ ਜਾ ਕੇ ਕਹਿਣ ਨਾਲ ਇਹ ਆਪਣੀ ਬੇਇਜ਼ਤੀ ਮੰਨ ਗਿਆ ਹੈ।''
''ਤੁਹਾਡੇ ਕਹਿਣ ਮੁਜਬ ਅਸੀਂ ਕਿਵੇਂ ਕਰਦੇ? ਅਕਸਰ ਦੋਵੇਂ ਸੰਧੂ ਜੱਟ ਜੂ ਹੋਏ। ਮੁੱਛ ਤਾਂ ਸਿੱਧੀ ਰੱਖਣੀ ਹੋਈ ਨਾ? ਕਿਉਂ ਸਰਬਜੀਤ?'' ਮੈਂ ਸਦਾ ਵਾਂਗ ਮੁੱਛਾਂ 'ਤੇ ਹੱਥ ਫੇਰ ਰਹੇ ਸਰਬਜੀਤ ਨੂੰ ਕਿਹਾ।
ਉਹ ਖਿੜਖਿੜਾ ਕੇ ਹੱਸਿਆ।
''ਭਾ ਜੀ! ਗੱਲ ਤੁਹਾਡੀ ਠੀਕ ਹੈ। ਮਸਲਾ ਸਿਰਫ਼ ਮੁੱਛ ਦਾ ਹੀ ਸੀ।''
ਕਿਸੇ ਨੇ ਮੇਰੀ ਬਾਂਹ ਫੜ ਕੇ ਖੜ੍ਹਾ ਕਰਦਿਆਂ ਹਾਸੇ ਨਾਲ ਕਿਹਾ, ''ਹੁਣ ਦੋਵੇਂ ਜਣੇ ਆਪੋ ਆਪਣੀਆਂ ਮੁੱਛਾਂ ਨੀਵੀਂਆਂ ਕਰ ਲਵੋ।''
ਮੈਨੂੰ ਖਲੋਤਾ ਵੇਖ ਸਰਬਜੀਤ ਕੁਰਸੀ ਤੋਂ ਉੱਠਿਆ ਅਤੇ ਆ ਕੇ ਮੈਨੂੰ ਜੱਫੀ ਪਾ ਲਈ। ਮੈਂ ਉਹਨੂੰ ਛੋਟੇ ਭਰਾ ਵਾਂਗ ਗਲ ਨੂੰ ਲਾ ਲਿਆ।

ਕਾਹਨ ਸਿੰਘ ਨੇ ਮੇਰੀ ਗੱਲ ਸੁਣਨ ਤੋਂ ਬਾਅਦ ਜੋ ਦੱਸਿਆ ਉਹ ਸੁਣ ਕੇ ਤਾਂ ਮੇਰੇ ਲੂੰਈਂ ਕੰਡੇ ਖੜ੍ਹੇ ਹੋ ਗਏ। ਉਸ ਵੱਲੋਂ ਦੱਸੀ ਗੱਲ ਦਾ ਸਾਰ ਸੰਖੇਪ ਇਸ ਪ੍ਰਕਾਰ ਹੈ:
ਜਿਸ ਦਿਨ ਸਰਬਜੀਤ ਦਾ ਮੇਰੇ ਨਾਲ ਇਹ ਖ਼ਮੋਸ਼ ਝਗੜਾ ਹੋਇਆ, ਉਹ ਬੜੇ ਗੁੱਸੇ ਵਿੱਚ ਸੀ। ਸਾਰੇ ਮੁੰਡਿਆਂ ਤੇ ਮਾਸਟਰਾਂ ਵਿੱਚ ਉਸਦੀ 'ਬੱਲੇ! ਬੱਲੇ!' ਸੀ। ਪਰ ਅੱਜ ਉਹਨੂੰ ਲੱਗਦਾ ਸੀ ਜਿਵੇਂ ਮੁੰਡੇ ਉਸਦੀ ਬਹਾਦਰੀ, ਸਰਦਾਰੀ ਅਤੇ ਖੜ੍ਹੀ ਮੁੱਛ ਉੱਤੇ ਹੱਸ ਰਹੇ ਹੋਣ। ਉਸਨੇ ਤਾਂ ਇਹ ਪ੍ਰਭਾਵ ਬਣਾਇਆ ਹੋਇਆ ਸੀ ਕਿ ਕੋਈ ਉਸ ਅੱਗੇ 'ਖੰਘ' ਨਹੀਂ ਸਕਦਾ। ਪਰ ਇਹ ਕੀ ਹੋ ਗਿਆ ਸੀ! ਉਸਦਾ ਅੰਦਰ ਮੱਚ ਮੱਚ ਜਾਂਦਾ।

ਉਸੇ ਰਾਤ ਕੁਦਰਤੀ ਉਹਨਾਂ ਦੇ ਘਰ 'ਖਾੜਕੂ' ਆ ਗਏ। ਆਉਂਦੇ ਹੀ ਰਹਿੰਦੇ ਸਨ। ਇਹ ਉਹਨਾਂ ਦੀ ਪੈਸੇ-ਧੇਲੇ ਅਤੇ ਰੋਟੀ-ਪਾਣੀ ਵੱਲੋਂ 'ਸੇਵਾ' ਕਰਦੇ ਸਨ; ਉਹਨਾਂ ਦੀ ਇਸ ਇਲਾਕੇ ਵਿੱਚ ਵੱਡੀ ਧਿਰ ਸਨ। ਉਸ ਰਾਤ ਰੋਟੀ-ਪਾਣੀ ਖਵਾਉਣ ਤੋਂ ਬਾਅਦ ਜਦੋਂ ਸਰਬਜੀਤ ਉਹਨਾਂ ਵਾਸਤੇ ਦੁੱਧ ਦਾ ਜੱਗ ਲੈ ਕੇ ਆਇਆ ਤਾਂ ਉਹਨਾਂ ਨੇ ਐਵੇਂ ਗੱਲਾਂ ਗੱਲਾਂ ਵਿੱਚ ਆਖਿਆ, ''ਮਾਸਟਰ ਜੀ, ਕਿਤੇ ਕੋਈ ਮਾਸਟਰ-ਮੂਸਟਰ ਜਾਂ ਹੋਰ ਬੰਦਾ-ਕੁਬੰਦਾ ਤੁਹਾਨੂੰ ਜਾਪਦਾ ਹੋਵੇ ਕਿ ਅੜਦਾ ਹੈ ਤਾਂ ਆਪਾਂ ਨੂੰ ਦੱਸੋ, ਝਾੜ ਦਿਆਂਗੇ।''
ਸਰਬਜੀਤ ਦੇ ਅੰਦਰ ਬਲਦੀਆਂ ਸਵੇਰ ਵਾਲੀਆਂ ਲਾਟਾਂ ਮੱਧਮ ਨਹੀਂ ਸਨ ਹੋਈਆਂ। ਉਸਨੇ ਕਿਹਾ, ''ਹੈ ਸਾਡੇ ਇੱਕ ਮਾਸਟਰ। ਕਾਮਰੇਡ ਐ। ਲੇਖਕ ਵੀ ਐ। ਸੰਤਾਂ ਦੇ ਖਿਲਾਫ਼ ਬੜਾ ਬੋਲਦਾ ਰਹਿੰਦਾ। ਸਿੰਘਾਂ ਨੂੰ ਵੀ ਕਾਤਲਾਂ ਅਤੇ ਡਾਕੂਆਂ ਦੇ ਟੋਲੇ ਆਖਦਾ ਐ। ਮੈਂ ਤਾਂ ਬੜਾ ਸਮਝਾਇਆ ਪਰ ਉਹ ਬਾਜ਼ ਨਹੀਂ ਆਉਂਦਾ। ਅੱਜ ਏਸੇ ਗੱਲੋਂ ਮੇਰੇ ਨਾਲ ਖਹਿਬੜ ਪਿਆ। ਮੈਂ ਆਖਿਆ ਕਿ ਮੈਂ ਆਪਣੇ ਸਾਹਮਣੇ ਤੈਨੂੰ ਸੰਤਾਂ ਮਹਾਂਪੁਰਖਾਂ ਨੂੰ ਦੁਰਬਚਨ ਨਹੀਂ ਬੋਲਣ ਦੇਣਾ। ਹਟੇ ਈ ਨਾ। ਮੈਂ ਤਾਂ ਪਾ ਲੈਣ ਲੱਗਾ ਸਾਂ ਗਲਮੇਂ ਨੂੰ ਹੱਥ। ਪੂਰਾ ਪੰਥ ਦੋਖੀ ਹੈ।''
ਉਹਨਾਂ ਨੇ ਨਾਂ-ਪਤਾ ਅਤੇ ਸਾਰਾ ਵੇਰਵਾ ਪੁੱਛਿਆ। ਉਸਨੇ ਦੱਸ ਦਿੱਤਾ। ਉਹਨਾਂ ਦੇ ਆਗੂ ਨੇ ਕਿਹਾ, ''ਮਾਸਟਰ ਜੀ, ਚਿੰਤਾ ਨਾ ਕਰੋ। ਦੋ ਦਿਨਾਂ 'ਚ ਸਾਰਾ ਟੱਬਰ ਗੱਡੀ ਚਾੜ੍ਹ ਕੇ ਫੇਰ ਆਵਾਂਗੇ ਤੁਹਾਡੇ ਕੋਲ ਦੁੱਧ ਦੇ ਗੱਫੇ ਲਾਉਣ ਲਈ।''
ਅਗਲੇ ਦਿਨ ਸਵੇਰੇ ਆਉਂਦਿਆਂ ਹੀ ਸਰਬਜੀਤ ਨੇ ਦਰਸ਼ਨ ਨੂੰ ਅੱਡ ਕਰਕੇ ਸਾਰੀ ਗੱਲ ਦੱਸ ਦਿੱਤੀ।
''ਇਹ ਬਹੁਤਾ ਖੱਬੀ-ਖਾਨ ਬਣਦੈ ਨਾ! ਪੁੱਤ ਨੂੰ ਲੱਗ ਜੂ ਪਤਾ, ਇੱਕ ਅੱਧੇ ਦਿਨ 'ਚ।'' ਉਸਦਾ ਗੁੱਸਾ ਅਜੇ ਵੀ ਹਲਕਾ

ਨਹੀਂ ਸੀ ਹੋਇਆ।

ਦਰਸ਼ਨ ਨੇ ਕਿਹਾ, "ਸਰਬਜੀਤ, ਇਹ ਤੂੰ ਬਹੁਤ ਮਾੜੀ ਕੀਤੀ। ਤੈਨੂੰ ਇੰਝ ਨਹੀਂ ਸੀ ਕਰਨਾ ਚਾਹੀਦਾ।"

ਕਾਹਨ ਸਿੰਘ ਦੱਸ ਰਿਹਾ ਸੀ, "ਓਸੇ ਦਿਨ ਪਹਿਲਾਂ ਤੁਹਾਡੀ ਸੁਲਹ ਸਫ਼ਾਈ ਕਰਵਾਈ; ਫਿਰ ਬਿਨਾਂ ਕਿਸੇ ਨੂੰ ਦੱਸਿਆਂ ਦਰਸ਼ਨ ਨੇ ਓਸੇ ਵੇਲੇ ਕਿਸੇ ਅਧਿਆਪਕ ਦਾ ਸਕੂਟਰ ਮੰਗਿਆ ਅਤੇ ਸਿੱਧਾ ਮੇਰੇ ਕੋਲ ਮੇਰੇ ਸਕੂਲੇ ਆ ਵੱਜਾ। ਉਹਨੂੰ ਤੁਹਾਡੇ ਅਤੇ ਮੇਰੇ ਰਿਸ਼ਤੇ ਦਾ ਇਲਮ ਸੀ। ਮੈਨੂੰ ਕਹਿੰਦਾ, 'ਸਰਬਜੀਤ ਨੇ ਆਹ ਲੋਹੜਾ ਮਾਰਿਐ! ਤੁਹਾਡੀ ਉਹ ਬੜੀ ਇੱਜ਼ਤ ਕਰਦੈ। ਉਹਨੂੰ ਆਖੋ ਕਿ ਸਿੰਘਾਂ ਨੂੰ ਛੇਤੀ ਤੋਂ ਛੇਤੀ ਲੱਭ ਕੇ ਭਾਣਾ ਵਰਤਣੋਂ ਰੋਕ ਲਵੇ।' ਗੱਲ ਸੁਣ ਕੇ ਤਾਂ ਮੇਰੇ ਵੀ ਪਸੀਨੇ ਛੁੱਟ ਗਏ। ਮੈਂ ਵੀ ਘਬਰਾ ਗਿਆ।

"ਅਸੀਂ ਸਰਬਜੀਤ ਨੂੰ ਸਕੂਲੋਂ ਆਉਂਦੇ ਨੂੰ ਰਾਹ ਵਿੱਚ ਝਬਾਲ ਦੇ ਬੱਸ ਅੱਡੇ 'ਤੇ ਹੀ ਜਾ ਘੇਰਿਆ। ਉਹ ਡਾਢਾ ਸ਼ਰਮਿੰਦਾ ਸੀ। ਕਹਿੰਦਾ, 'ਸਾਡੀ ਤਾਂ ਸੁਲਹ ਸਫਾਈ ਵੀ ਹੋ ਗਈ ਆ। ਪਰ ਹੁਣ ਛੁੱਟੇ ਤੀਰ ਦਾ ਕੀ ਬਣੇ!' ਹੁਣ ਉਹ ਵੀ ਸਾਡੇ ਜਿੰਨਾਂ ਹੀ ਚਿੰਤਾਤੁਰ ਸੀ; ਸਗੋਂ ਸਾਡੇ ਤੋਂ ਵੀ ਵੱਧ।

"ਲਓ ਜੀ, ਅਸੀਂ 'ਸਿੰਘਾਂ' ਦੇ ਇੱਕ ਤੋਂ ਦੂਜੇ ਅੱਡੇ ਦਾ ਪਤਾ ਕਰਦੇ ਲਗਾਤਾਰ ਤਿੰਨ ਦਿਨ ਸਾਹ ਨਾ ਲਿਆ। ਸ਼ਾਇਦ ਤੁਹਾਨੂੰ ਚੇਤੇ ਹੋਵੇ, ਤੁਹਾਡੇ ਨਾਲ ਸੁਲਹ-ਸਫ਼ਾਈ ਵਾਲੇ ਦਿਨ ਤੋਂ ਪਿੱਛੋਂ ਤਿੰਨ ਦਿਨ ਸਰਬਜੀਤ ਅਤੇ ਦਰਸ਼ਨ ਸਕੂਲ ਨਹੀਂ ਸਨ ਗਏ। ਤੀਸਰੀ ਰਾਤ ਅਸੀਂ ਸਿੰਘਾਂ ਨੂੰ ਗੱਗੋਬੂਹੇ ਪਿੰਡ ਵਿੱਚ ਇੱਕ ਬਹਿਕ 'ਤੇ ਜਾ ਲੱਭਿਆ।

"ਅਸੀਂ ਸੋਚ ਹੀ ਰਹੇ ਸਾਂ ਕਿ ਸਿੰਘਾਂ ਨਾਲ ਗੱਲ-ਬਾਤ ਕਿਵੇਂ ਸ਼ੁਰੂ ਕਰੀਏ। ਮੈਂ ਦੋਵੇਂ ਹੱਥ ਜੋੜ ਕੇ ਕਿਹਾ, 'ਜੀ , ਜੀ ਬੇਨਤੀ ਹੈ।' ਉਹਨਾਂ ਦਾ ਜਥੇਦਾਰ ਵਿਚੋਂ ਹੀ ਟੋਕ ਕੇ ਕਹਿੰਦਾ, 'ਮਾਸਟਰ ਸਰਬਜੀਤ ਸੁੰਹ ਨੂੰ ਸਾਡੇ 'ਤੇ ਯਕੀਨ ਨਹੀਂ ਲੱਗਦਾ!" ਫਿਰ ਉਹ ਪੂਰੇ ਭਰੋਸੇ ਨਾਲ ਕਹਿਣ ਲੱਗਾ, "ਮਾਸਟਰ ਜੀ! ਕੱਲ੍ਹ ਹਰ ਹਾਲਤ ਵਿੱਚ ਰਾਤ ਨੂੰ ਤੁਹਾਡੇ ਮਨ ਦੀ ਮੁਰਾਦ ਪੂਰੀ ਹੋ ਜਾਊ ਅਤੇ ਉਹ ਪੰਥ-ਦੋਖੀ ਸਮੇਤ-ਪਰਿਵਾਰ ਨਰਕਾਂ ਵਿੱਚ ਪਹੁੰਚ ਜਾਊ। ਇਹ ਦੋ ਦਿਨ ਵੀ ਤਾਂ ਲੱਗ ਗਏ ਨੇ ਕਿ ਅਸੀਂ ਉਹਦੇ ਟਿਕਾਣੇ ਦਾ ਪੂਰਾ ਪਤਾ ਲਾਉਂਦੇ ਰਹੇ ਆਂ। ਨਹੀਂ ਇਤਬਾਰ ਤਾਂ ਸੁਣੋਂ: ਅਸਲ ਵਿੱਚ ਉਹਨਾਂ ਦਾ ਘਰ ਬਜ਼ਾਰ ਵਿੱਚ ਹੋਣ ਕਰਕੇ ਸਵੇਰੇ ਤਾਂ ਓਥੇ ਸੀਆਰਪੀ ਫਿਰਦੀ ਰਹਿੰਦੀ ਹੈ। ਦਿਨੇ ਨਹੀਂ; ਇਹ ਕੰਮ ਰਾਤ ਨੂੰ ਹੋਣ ਵਾਲਾ ਹੈ। ਇਕੱਲੇ ਦੀ ਗੱਲ ਹੁੰਦੀ ਤਾਂ ਅਸੀਂ ਸਕੂਲੇ ਜਾ ਕੇ ਹੀ ਸੋਧ ਦੇਣਾ ਸੀ ਪਰ ਸਣੇ ਟੱਬਰ ਕੱਲ੍ਹ ਰਾਤ ਨੂੰ ਘਰੇ ਹੀ 'ਗੜ ਗੜ' ਹੋਊ ਹੁਣ। ਜੇ ਸਾਡੇ 'ਤੇ ਨਹੀਂ ਯਕੀਨ ਤਾਂ ਅੱਗੇ ਸੁਣੋਂ; ਉਹਨਾਂ ਦੇ ਘਰ ਦੀ ਸਾਹਮਣੀ ਅਤੇ ਪਾਸੇ ਦੀ ਬਜ਼ਾਰ ਵਾਲੀ ਬਾਹੀ ਤੋਂ ਕੰਧ ਟੱਪ ਕੇ ਘਰ ਅੰਦਰ ਜਾਇਆ ਜਾ ਸਕਦਾ ਹੈ। ਇਹ ਕੰਧਾਂ ਮਸਾਂ ਦਸ ਦਸ ਫੁੱਟ ਹੀ ਉੱਚੀਆਂ ਨੇ। ਉਹ ਸਾਰਾ ਟੱਬਰ ਬਾਹਰ ਵਿਹੜੇ ਵਿੱਚ ਪੱਖਾ ਲਾ ਕੇ ਸੌਂਦੇ ਨੇ। ਹੁਣ ਹੈ ਕੋਈ ਬੇਇਤਬਾਰੀ? ਕੱਲ੍ਹ ਨੂੰ ਇਹ ਕੰਮ ਹੋਇਆ ਲਓ। ਹੁਣ ਹੋਰ ਸੇਵਾ ਦੱਸੋ।' ਉਹ ਖ਼ੌਫ਼ਨਾਕ ਹਾਸਾ ਹੱਸਿਆ।

"ਅਸੀਂ ਸੇਵਾ ਕੀ ਦੱਸਣੀ ਸੀ। ਤਰਲਾ ਪਾਇਆ- ਸਾਰਿਆਂ ਨੇ ਦੋਵੇਂ ਹੱਥ ਜੋੜ ਕੇ ਕਿ ਬਾਬਾ ਜੀ ਇਸ ਕੋਲੋਂ ਗ਼ਲਤੀ ਹੋ ਗਈ। ਮਾੜੇ ਜਿਹੇ ਆਪਸੀ ਝਗੜੇ ਕਰਕੇ ਇਹਨੂੰ ਗੁੱਸਾ ਸੀ। ਓਸੇ ਗੁੱਸੇ 'ਚ ਤੁਹਾਨੂੰ ਆਖ ਬੈਠਾ। ਤੁਸੀਂ ਬਖ਼ਸ਼ ਦਿਓ ਹੁਣ। ਉਸ ਮਾਸਟਰ ਵਿਚਾਰੇ ਦਾ ਕੋਈ ਕਸੂਰ ਨਹੀਂ। ਅੱਗੋਂ ਉਹ ਕਹਿੰਦਾ, 'ਉਹ ਸੰਤਾਂ ਨੂੰ ਅਬਾ ਤਬਾ ਬੋਲਦਾ ਹੈ। ਕਾਮਰੇਡ ਆ। ਕਾਮਰੇਡ ਨੂੰ ਤਾਂ ਅਸਾਂ ਹੁਣ ਨਹੀਂ ਛੱਡਣਾ।' ਅਸੀਂ ਹੱਥ ਜੋੜੇ। ਸਰਬਜੀਤ ਨੇ ਕਿਹਾ, 'ਬਾਬਾ ਜੀ ਮੈਥੋਂ ਹੀ ਗੁੱਸੇ ਵਿੱਚ ਭੁੱਲ ਹੋ ਗਈ। 'ਕਾਮਰੇਡ-ਕੂਮਰੇਡ' ਕੋਈ ਨਹੀਂ ਵਿਚਾਰਾ! ਉਹ ਤਾਂ ਹੀਰਾ ਬੰਦਾ ਹੈ। ਹੱਥ ਬੰਨ੍ਹ ਕੇ ਬੇਨਤੀ ਹੈ ਕਿ ਭਾਣਾ ਨਾ ਵਰਤਾਇਓ।' ਉਹਨੂੰ ਏਨਾ ਨਿਮਰ ਅਤੇ ਨਿੰਮੋਝੂਣਾ ਵੇਖ ਕੇ 'ਬਾਬਾ' ਹੱਸ ਪਿਆ। ਕਹਿੰਦਾ, 'ਸਿੰਘ ਅਰਦਾਸ ਕਰ ਕੇ ਮੁੜਦੇ ਤਾਂ ਨਹੀਂ ਹੁੰਦੇ ਪਰ ਜੇ ਇਹ ਸੰਗਤ ਦਾ ਹੁਕਮ ਹੈ ਤਾਂ ਮੰਨ ਲੈਂਦੇ ਆਂ। ਪਰ ਇੱਕ ਗੱਲ ਹੈ ਉਸ ਬੰਦੇ 'ਚ ਕਸਰ ਜ਼ਰੂਰ ਹੋਵੇਗੀ ਕੋਈ ਨਾ ਕੋਈ; ਤੁਹਾਡਾ ਮਨ ਹੀ ਪਿਘਲ ਗਿਆ ਲੱਗਦੈ। ਮੋਮ ਬਣਿਆਂ ਨਹੀਂ ਸਰਨਾ ਹੁਣ। ਦੁਸ਼ਮਣਾਂ ਨੂੰ ਸੋਧਣ ਲਈ ਸਟੀਲ ਬਣਨਾ ਪਊ। ਹੁਣ ਤੁਸੀਂ ਉਹਨੂੰ ਬਚਾਉਣ ਲਈ ਉਸਦੀ ਸ਼ਾਹਦੀ ਭਰਦੇ ਓ ਤਾਂ ਕੁਝ ਨਹੀਂ ਆਖਦੇ।' "

ਕਾਹਨ ਸਿੰਘ ਬਿਰਤਾਂਤ ਖ਼ਤਮ ਕਰਕੇ ਚੁੱਪ ਕਰ ਗਿਆ ਪਰ ਮੇਰੇ ਅੰਦਰ ਕਿੰਨਾਂ ਚਿਰ ਡਿੱਗਦੇ ਪਹਾੜਾਂ ਦਾ ਖੜਾਕ ਆਉਂਦਾ ਰਿਹਾ।

ਜੇ ਭਲਾ 'ਉਹ' ਅਗਲੀ ਰਾਤ ਤੱਕ ਵੀ ਉਹਨਾਂ ਨੂੰ ਨਾ ਲੱਭਦੇ!

ਜ਼ਿੰਦਗੀ ਅਤੇ ਮੌਤ ਵਿੱਚ ਕਿੰਨਾਂ ਮਮੂਲੀ ਫ਼ਰਕ ਹੈ! ਸਿਰਫ਼ ਇੱਕ ਰਾਤ ਦੇ ਫ਼ਾਸਲੇ 'ਤੇ ਮੇਰੀ ਜ਼ਿੰਦਗੀ ਅਤੇ ਮੌਤ ਲਾਗੇ ਲਾਗੇ ਖਲੋਤੀਆਂ ਸਨ। ਉਹਨਾਂ ਵਿਚੋਂ ਕੋਈ ਵੀ ਮੈਨੂੰ ਮਿਲ ਸਕਦੀ ਸੀ। ਮੈਂ ਅਜੇ ਹੋਰ ਜਿਊਣਾ ਸੀ ਇਸ ਲਈ ਮੈਨੂੰ ਜ਼ਿੰਦਗੀ ਮਿਲ ਗਈ।

**ਫਿਰ ਮੈਨੂੰ ਖ਼ਿਆਲ ਆਇਆ ਕਿ ਉਸ ਦੌਰ ਵਿੱਚ 'ਇਸ ਤਰ੍ਹਾਂ' ਦੇ ਕਿੰਨੇ ਕੁ 'ਪੰਥ ਦੋਖੀ' ਆਪਸੀ-ਦੁਸ਼ਮਣੀਆਂ ਵਾਲਿਆਂ ਨੇ ਮਰਵਾਏ ਹੋਣਗੇ!**

ਮੈਂ ਉਦਾਸ ਹੋ ਗਿਆ। ਮੇਰੇ ਮੂੰਹੋਂ ਸਹਿਜ ਸੁਭਾਵਕ ਨਿਕਲਿਆ, "ਹੀਰਾ ਬੰਦਾ ਤਾਂ ਕਾਹਨ ਸਿਹਾਂ ਤੂੰ ਵੀ ਏਂ, ਜਿਸਨੇ ਮੇਰੇ ਲਈ ਏਨਾ ਕੁਝ ਕਰ ਕੇ ਕਈ ਸਾਲਾਂ ਤੱਕ ਜਤਾਇਆ ਤੱਕ ਨਹੀਂ! ਪਰ ਸੋਚੀਏ ਤਾਂ ਅਸਲੀ ਹੀਰਾ ਬੰਦਾ ਤਾਂ ਦਰਸ਼ਨ ਸਿੰਘ ਸੀ, ਜਿਹੜਾ ਤੇਰੇ ਵੱਲ ਨਾ ਤੁਰਦਾ ਤਾਂ ਅੱਜ ਮੈਂ ਤੇਰੇ ਸਾਹਮਣੇ ਨਹੀਂ ਸੀ ਬੈਠਾ ਹੋਣਾ। ਉਸਦੀ ਇਹ ਵੀ ਵਡਿਆਈ ਵੇਖ ਕਿ ਸਰਬਜੀਤ ਦੀ ਮੌਤ ਤੋਂ ਬਾਅਦ, ਮੇਰੇ ਜਲੰਧਰ ਆਉਣ ਤੱਕ ਉਹ ਕਈ ਸਾਲ ਮੇਰੇ ਨਾਲ ਪੜ੍ਹਾਉਂਦਾ ਰਿਹਾ ਪਰ ਉਸਨੇ ਮੈਨੂੰ ਕਦੀ ਵੀ ਨਹੀਂ ਦੱਸਿਆ ਅਤੇ ਜਤਾਇਆ ਕਿ ਉਸਦੀ ਅਤੇ ਫਿਰ ਤੇਰੀ ਪਹਿਲਕਦਮੀ ਨਾਲ ਕਿਵੇਂ ਮੇਰੀ ਜਾਨ ਬਚੀ ਸੀ।"

ਕਾਹਨ ਸਿੰਘ ਨੇ ਹਾਮੀ ਭਰੀ। ਫਿਰ ਅਸੀਂ ਦਰਸ਼ਨ ਸਿੰਘ ਦੇ ਦਰਦ ਵਿੱਚ ਭਿੱਜ ਗਏ, ਜਿਹੜਾ ਕੁਝ ਸਾਲ ਹੋਏ, ਕਿਸੇ ਸੜਕ ਦੁਰਘਟਨਾ ਵਿੱਚ ਮਾਰਿਆ ਗਿਆ ਸੀ, ਪਿੱਛੇ ਨਿੱਕਾ-ਨਿੱਕਾ ਜੀਆ ਜੰਤ ਕੁਰਲਾਉਂਦਾ ਛੱਡ ਕੇ।

ਕਾਹਨ ਸਿੰਘ ਮੇਰੇ ਸਾਹਮਣੇ ਬੈਠਾ ਸੀ ਅਤੇ ਮੈਂ ਅੰਤਰ ਧਿਆਨ ਹੋ ਕੇ ਇਹਨਾਂ ਹੀਰੇ ਬੰਦਿਆਂ ਨੂੰ ਨਮਸਕਾਰ ਕਰ ਰਿਹਾ ਸਾਂ।

- *'ਗੁਫ਼ਾ ਵਿਚਲੀ ਉਡਾਣ'* ਵਿਚੋਂ- ਕੁਝ ਸਾਲ ਹੋਏ ਕਾਹਨ ਸਿੰਘ ਇਸ ਜਹਾਨ ਨੂੰ ਅਲਵਿਦਾ ਆਖ ਗਿਆ ਹੈ।

# ਅੱਜ ਮੈਨੂੰ ਅਹਿਸਾਸ ਹੋਇਆ- ਧੀ ਦਾ ਘਰ ਨਹੀਂ, ਧੀ ਜ਼ਰੂਰੀ ਹੈ

## ਡਾ. ਵਿਜੈ ਗਰਗ

ਪਿਤਾ ਨੂੰ ਅੱਧੀ ਰਾਤ ਖ਼ਬਰ ਮਿਲੀ ਕਿ ਉਸਦੀ ਧੀ ਨੂੰ ਉਸਦੇ ਪਤੀ ਨੇ ਫੇਰ ਕੁੱਟਿਆ ਹੈ।
"ਫੇਰ" ਸ਼ਬਦ ਪਿਤਾ ਦੇ ਦਿਲ ਵਿੱਚ ਤੀਰ ਵਾਂਗ ਵੱਜਾ।
ਇਹ ਪਹਿਲੀ ਵਾਰ ਨਹੀਂ ਸੀ।
ਵਿਆਹ ਨੂੰ ਬਹੁਤ ਸਮਾਂ ਨਹੀਂ ਹੋਇਆ ਸੀ, ਪਰ ਧੀ ਦੇ ਚਿਹਰੇ 'ਤੇ ਮੁਸਕਰਾਹਟ ਦਿਨੋ-ਦਿਨ ਘਟਦੀ ਜਾਪਦੀ ਸੀ। ਕਦੇ ਬਾਂਹ 'ਤੇ ਨੀਲਾ ਨਿਸ਼ਾਨ, ਕਦੇ ਅੱਖ ਹੇਠਾਂ ਸੋਜ, ਕਦੇ ਬੁੱਲ੍ਹਾਂ 'ਤੇ ਜ਼ਖ਼ਮ...
ਮਾਂ ਹਮੇਸ਼ਾ ਆਪਣੀ ਧੀ ਨੂੰ ਆਪਣੀ ਛਾਤੀ ਨਾਲ ਲਾ ਕੇ ਸਮਝਾਉਂਦੀ:
"ਪੁੱਤ, ਇਹ ਨਵਾਂ ਵਿਆਹ ਹੈ... ਸਮੇਂ ਨਾਲ ਸਭ ਕੁਝ ਠੀਕ ਹੋ ਜਾਵੇਗਾ। ਮਰਦ ਗੁੱਸੇ 'ਚ ਆਪਣਾ ਹੱਥ ਚੁੱਕਦੇ ਹਨ, ਤੁਸੀਂ ਚੁੱਪ ਰਹੋ, ਘਰ ਠੀਕ ਹੋ ਜਾਵੇਗਾ।"
ਧੀ ਹਮੇਸ਼ਾ ਆਪਣੇ ਹੰਝੂ ਪੂੰਝਦੀ, ਬਸ ਕਹਿੰਦੀ: "ਮੰਮੀ... ਮੈਂ ਕੋਸ਼ਿਸ਼ ਕਰ ਰਹੀ ਹਾਂ।"
ਅਤੇ ਪਿਤਾ? ਉਹ ਚੁੱਪ ਰਹਿੰਦਾ।
ਉਸਨੇ ਸੋਚਿਆ ਕਿ ਸ਼ਾਇਦ ਪਿਤਾ ਨੂੰ ਵੀ ਆਪਣੀ ਧੀ ਦਾ ਘਰ ਬਨਾਉਣ ਲਈ ਆਪਣੀ ਛਾਤੀ ਵਿੱਚ ਕੁਝ ਦਰਦ ਦਫ਼ਨਾਉਣਾ ਪਵੇਗਾ।
ਪਰ ਉਸ ਰਾਤ, ਜਦੋਂ ਫ਼ੋਨ ਦੀ ਘੰਟੀ ਫਿਰ ਵੱਜੀ ਅਤੇ ਧੀ ਦੇ ਸਹੁਰਿਆਂ ਦੇ ਗੁਆਂਢੀ ਨੇ ਧੀਮੀ ਅਵਾਜ਼ 'ਚ ਕਿਹਾ ..
"ਤੁਹਾਡੀ ਧੀ ਠੀਕ ਨਹੀਂ ਹੈ... ਉਸਨੂੰ ਫਿਰ ਕੁੱਟਿਆ ਹੈ," ਤਾਂ ਪਿਤਾ ਨੇ ਫ਼ੋਨ ਕੱਟ ਦਿੱਤਾ। ਉਹ ਕੁਝ ਚਿਰ ਹਨੇਰੇ 'ਚ ਚੁੱਪ-ਚਾਪ ਬੈਠਾ ਰਿਹਾ, ਫੇਰ ਉਸਦੀਆਂ ਅੱਖਾਂ ਵਿੱਚੋਂ ਹੰਝੂ ਨਿਕਲ ਆਏ।
ਉਸਨੇ ਆਪਣੀ ਧੀ ਦੀ ਬਚਪਨ ਦੀ ਫ਼ੋਟੋ ਚੁੱਕੀ। ਫ਼ੋਟੋ ਵਿੱਚ, ਛੋਟੀ ਕੁੜੀ ਨੇ ਮੁਸਕਰਾਉਂਦੀ ਹੋਈ ਨੇ ਉਸਦੀ ਉਂਗਲ ਫੜੀ ਹੋਈ ਸੀ। ਪਿਤਾ ਨੇ ਫ਼ੋਟੋ ਵੱਲ ਦੇਖਿਆ ਅਤੇ ਧੀਮੀ ਅਵਾਜ਼ ਵਿੱਚ ਕਿਹਾ:
"ਮੈਂ ਤੈਨੂੰ ਇਸ ਲਈ ਨਹੀਂ ਪਾਲਿਆ ਕਿ ਕੋਈ ਤੇਰਾ ਦਿਲ ਤੋੜ ਦੇਵੇ... ਤੇ ਮੈਂ ਚੁੱਪਚਾਪ ਦੇਖਦਾ ਰਹਾਂਗਾ।"

ਰਾਤ ਡੂੰਘੀ ਸੀ।
ਘਰ ਵਿੱਚ ਸਾਰੇ ਸੌਂ ਰਹੇ ਸਨ। ਪਿਤਾ ਉੱਠੇ, ਕਿਸੇ ਨੂੰ ਕੁਝ ਨਹੀਂ ਦੱਸਿਆ।
ਉਸ ਸਿਰਫ਼ ਆਪਣਾ ਚੋਗਾ ਆਪਣੇ ਮੋਢੇ 'ਤੇ ਰੱਖਿਆ ਅਤੇ ਬਾਹਰ ਚਲਾ ਗਿਆ।
ਰਾਹ ਵਿੱਚ, ਉਸਨੇ ਇੱਕ ਬੈਂਡ ਵਾਲੇ ਨੂੰ ਜਗਾਇਆ।
ਬੈਂਡ ਵਾਲੇ ਨੇ ਹੈਰਾਨੀ ਨਾਲ ਪੁੱਛਿਆ:
"ਚੌਧਰੀ ਸਾਹਿਬ, ਇਸ ਸਮੇਂ? ਕੋਈ ਵਿਆਹ ਹੈ?"
ਪਿਤਾ ਨੇ ਸਿਰਫ਼ ਕਿਹਾ: "ਹਾਂ... ਪਰ ਅੱਜ ਮੈਂ ਆਪਣੀ ਧੀ ਦੀ ਜ਼ਿੰਦਗੀ ਦਾ ਵਿਆਹ ਬਚਾਉਣ ਜਾ ਰਿਹਾ ਹਾਂ।"
ਉਹ ਬੈਂਡ ਪਾਰਟੀ ਨੂੰ ਆਪਣੇ ਨਾਲ ਲੈ ਸਿੱਧਾ ਜਵਾਈ ਦੇ ਘਰ ਪਹੁੰਚ ਗਿਆ।
ਰਾਤ ਦੇ ਹਨੇਰੇ ਵਿੱਚ ਦਰਵਾਜ਼ 'ਤੇ ਦਸਤਕ ਹੋਈ।
ਜਦੋਂ ਦਰਵਾਜ਼ਾ ਖੁੱਲ੍ਹਾ, ਤਾਂ ਸਹੁਰੇ ਹੈਰਾਨ ਰਹਿ ਗਏ। "ਬਾਊ ਜੀ? ਤੁਸੀਂ ਇਸ ਵੇਲੇ ਕਿਵੇਂ? ਠੀਕ ਹੋ?"
ਪਿਤਾ ਨੇ ਕੋਈ ਜਵਾਬ ਨਹੀਂ ਦਿੱਤਾ।
ਉਸੇ ਪਲ, ਉੱਪਰਲੀ ਖਿੜਕੀ ਦੇ ਪਰਦੇ ਪਿੱਛੋਂ ਇੱਕ ਡਰੀ ਹੋਈ ਅੱਖ ਦਿਸੀ।
ਇਹ ਉਸਦੀ ਧੀ ਸੀ।
ਪਿਤਾ ਨੇ ਆਪਣੀ ਧੀ ਵੱਲ ਦੇਖਿਆ।
ਧੀ ਨੇ ਆਪਣੇ ਪਿਤਾ ਵੱਲ ਦੇਖਿਆ।
ਦੋਹਾਂ ਦੀਆਂ ਅੱਖਾਂ ਵਿੱਚ ਹੰਝੂ ਸਨ।
ਧੀ ਦਾ ਚਿਹਰਾ ਜ਼ਖ਼ਮੀ ਸੀ...ਪਰ ਪਿਤਾ ਆਪਣੀ ਧੀ ਦੀ ਚੁੱਪੀ ਤੋਂ, ਇਸ ਜ਼ਖ਼ਮ ਨਾਲੋਂ ਵੀ ਜ਼ਿਆਦਾ ਟੁੱਟਾ ਹੋਇਆ ਸੀ।
ਉਸਨੇ ਦੂਰੋਂ ਸਿਰਫ਼ ਇੱਕ ਇਸ਼ਾਰੇ ਨਾਲ ਕਿਹਾ:
"ਚਲੋ... ਘਰ ਚੱਲੀਏ।"
ਧੀ ਕੁਝ ਪਲਾਂ ਲਈ ਉਥੇ ਖੜ੍ਹੀ ਰਹੀ।
ਸ਼ਾਇਦ ਉਸਨੂੰ ਵਿਸ਼ਵਾਸ ਨਹੀਂ ਹੋ ਰਿਹਾ ਸੀ ਕਿ ਅੱਜ ਕੋਈ ਸੱਚਮੁੱਚ ਉਸਨੂੰ ਲੈਣ ਆਇਆ ਹੈ।
ਫਿਰ ਉਸ ਆਪਣੇ ਹੰਝੂ ਪੂੰਝੇ ਅਤੇ ਹੌਲੀ-ਹੌਲੀ ਹੇਠਾਂ ਆ ਗਈ।
ਜਵਾਈ ਨੇ ਗੁੱਸੇ ਨਾਲ ਕਿਹਾ:
"ਇਹ ਮੇਰੀ ਪਤਨੀ ਹੈ, ਤੁਸੀਂ ਇਸਨੂੰ ਇਸ ਤਰ੍ਹਾਂ ਨਹੀਂ ਲੈ ਜਾ ਸਕਦੇ!"
ਪਿਤਾ ਨੇ ਪਹਿਲੀ ਵਾਰ ਉਸ ਵੱਲ ਦੇਖਿਆ ਅਤੇ ਕਿਹਾ:
"ਇਹ ਮੇਰੀ ਧੀ ਹੈ, ਤੁਹਾਡੀ ਜਾਇਦਾਦ ਨਹੀਂ।"
ਫਿਰ ਉਹ ਬੈਂਡ ਦੇ ਮੈਂਬਰਾਂ ਵੱਲ ਮੁੜਿਆ ਅਤੇ ਆਪਣਾ ਹੱਥ ਉੱਚਾ ਕੀਤਾ ਅਤੇ ਕਿਹਾ:
"ਵਜਾਓ!"
ਰਾਤ ਦੀ ਚੁੱਪ ਅਚਾਨਕ ਬੈਂਡ ਦੀ ਆਵਾਜ਼ ਨਾਲ ਗੂੰਜ ਉੱਠੀ।
ਗਲੀ ਦੇ ਲੋਕ ਆਪਣੇ ਘਰਾਂ ਤੋਂ ਬਾਹਰ ਆ ਗਏ।
ਹਰ ਕੋਈ ਹੈਰਾਨ ਸੀ ਕਿ ਬੈਂਡ ਅੱਧੀ ਰਾਤ ਕਿਉਂ ਵਜਾ ਰਿਹਾ ਹੈ?

ਪਿਤਾ ਆਪਣੀ ਧੀ ਕੋਲ ਗਿਆ,
ਉਸਦਾ ਹੱਥ ਫੜਿਆ ਅਤੇ ਕਿਹਾ:
"ਅੱਜ ਮੈਂ ਤੈਨੂੰ ਲੈਣ ਆਇਆ ਹਾਂ... ਵਿਆਹ ਦਾ ਜਲੂਸ ਕੱਢਣ ਲਈ ਨਹੀਂ।"
ਉਸਦੀ ਅਵਾਜ਼ ਉਸਦੇ ਅੰਦਰਲੀਆਂ ਭਾਵਨਾਵਾਂ ਨਾਲ ਗਹਿ ਗੱਚ ਸੀ।
"ਮੈਂ ਤੈਨੂੰ ਇਸ ਘਰੋਂ ਛੁਡਾਉਣ ਆਇਆ ਹਾਂ ਜਿੱਥੇ ਤੇਰੇ ਹੰਝੂਆਂ ਨੂੰ ਵਿਆਹ ਦੀ ਕੀਮਤ ਮੰਨਿਆ ਜਾਂਦਾ ਸੀ।"
ਧੀ ਆਪਣੇ ਪਿਤਾ ਦੀ ਛਾਤੀ ਨਾਲ ਝੁਕ ਗਈ।
ਕਦੋਂ ਦੇ ਦੱਬੇ ਹੋਏ ਹੰਝੂ ਵਹਿ ਤੁਰੇ।
ਉਹ ਰੋਂਦੀ ਹੋਈ ਸਿਰਫ਼ ਇਹੀ ਕਹਿ ਸਕੀ:
"ਪਿਤਾ ਜੀ... ਤੁਸੀਂ ਏਨਾ ਚਿਰ ਕਿਉਂ ਲਾਇਆ?"
ਇਹ ਸੁਣ ਕੇ, ਉਸਦੇ ਪਿਤਾ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ।

ਉਸ ਆਪਣੀ ਧੀ ਦੇ ਸਿਰ 'ਤੇ ਹੱਥ ਰੱਖਿਆ ਅਤੇ ਕਿਹਾ: "ਪੁੱਤਰੀ... ਮੈਨੂੰ ਮਾਫ਼ ਕਰ। ਮੈਂ ਸੋਚਦਾ ਰਿਹਾ ਕਿ ਘਰ ਨੂੰ ਬਚਾਉਣਾ ਜ਼ਰੂਰੀ ਹੈ... ਅੱਜ ਮੈਨੂੰ ਅਹਿਸਾਸ ਹੋਇਆ ਕਿ ਘਰ ਨਹੀਂ, ਸਗੋਂ ਧੀ ਜ਼ਰੂਰੀ ਹੁੰਦੀ ਹੈ।"

ਅਤੇ ਫਿਰ ਉਹ ਆਪਣੀ ਧੀ ਦਾ ਹੱਥ ਫੜ ਕੇ ਤੁਰ ਪਏ। ਬੈਂਡ ਵੱਜਦਾ ਰਿਹਾ। ਪਰ ਓਸ ਰਾਤ ਕੋਈ ਦੁਲਹਨ ਨਹੀਂ ਜਾ ਰਹੀ ਸੀ- ਓਸ ਰਾਤ, ਇੱਕ ਪਿਤਾ ਆਪਣੀ ਧੀ ਨੂੰ ਉਸਦੇ ਸਹੁਰਿਆਂ ਤੋਂ...ਇੱਕ ਜ਼ੁਲਮ ਤੋਂ ਵਾਪਸ ਲੈ ਜਾ ਰਿਹਾ ਸੀ।
ਅਤੇ ਸ਼ਾਇਦ ਇਹ ਦੁਨੀਆ ਦੀ ਸਭ ਤੋਂ ਖ਼ੂਬਸੂਰਤ ਵਿਦਾਇਗੀ ਸੀ.... ਕਿਉਂਕਿ ਇਸ ਵਿਦਾਇਗੀ ਦੌਰਾਨ ਦੁਲਹਨ ਦੇ ਹੱਥਾਂ 'ਤੇ ਮਹਿੰਦੀ ਨਹੀਂ ਸੀ, ਪਰ ਉਸਦੇ ਦਿਲ ਵਿੱਚ ਪਹਿਲੀ ਵਾਰ ਅਜ਼ਾਦੀ ਦੀ ਖ਼ੁਸ਼ਬੋਅ ਸੀ।
ਕਈ ਵਾਰ ਇੱਕ ਪਿਤਾ ਆਪਣੀ ਧੀ ਦਾ ਘਰ ਨਹੀਂ ਤੋੜਦਾ...ਉਹ ਧੀ ਨੂੰ ਟੁੱਟਣ ਤੋਂ ਬਚਾਉਂਦਾ ਹੈ।

Academic Editor, Online Magazine FnBWorld.com
Street Kour Chand, MHR, Malout, Punjab

# ਨਿੱਕਿਆਂ ਦੀ ਨੁੱਕਰ



## ਐਤਵਾਰ

ਮੈਂ ਤਾਂ ਰੁੱਸੀ ਪਾਪਾ ਤੁਹਾਡੇ ਨਾਲ
ਮੈਨੂੰ ਨਾ ਬੁਲਾਉਣਾ।
ਅੱਜ ਤਾਂ ਕੋਈ ਮੇਰੇ
ਨੇੜੇ ਵੀ ਨਾ ਆਉਣਾ!
ਤੇ ਮੈਂ ਪੂਰਾ ਦਿਨ ਅੱਜ
ਕੁਝ ਵੀ ਨਹੀਓਂ ਖਾਣਾ!
ਅੱਜ ਸਾਰਾ ਦਿਨ ਹੀ ਮੈਂ
ਕਿਸੇ ਖੂੰਝੇ ਬੈਠੇ ਰਹਿਣਾ।

"ਅੱਛਾ?
ਫੇਰ ਪਾਪਾ ਤੇਰੇ ਨੇ ਸਾਰਾ ਦਿਨ
ਕਿੰਝ ਹੈ ਲੰਘਾਉਣਾ?
ਦੱਸ ਮੇਰੀ ਲਾਡੋ:
ਤੈਨੂੰ ਕਿਉਂ ਨੀਂ ਬੁਲਾਉਣਾ?"
"ਪਾਪਾ! ਦਿਨ ਐਤਵਾਰ
ਹੁੰਦਾ ਸਾਡਾ ਗਹਿਣਾ।
ਮਾਣ ਮਾਣ ਮੌਜਾਂ,
ਗਹਿਣਾ ਸਭ ਨੂੰ ਵਿਖਾਉਣਾ।
ਰਾਤੀਂ ਤੁਸੀਂ ਆਖਿਆ
ਤੁਹਾਨੂੰ ਸਵੇਰੇ ਨੀਂ ਉਠਾਉਣਾ?
ਤੁਸੀਂ ਐਤਵਾਰ ਸਾਰਾ
ਸੌਂ ਕੇ ਹੀ ਬਿਤਾਉਣਾ!?
ਏਸੇ ਲਈ ਤਾਂ ਅੱਜ, ਮੈਂ
ਨਹੀਓਂ ਬੋਲਣਾ,
ਤੁਹਾਨੂੰ ਨਹੀਂ ਹੈ ਬੁਲਾਉਣਾ!"
"ਦੱਸ ਮੇਰੀ ਲਾਡੋ, ਫੇਰ, ਕਿੱਥੇ ਅੱਜ
ਜਾਣਾ?" "ਹੈਂ! ਪਿਆਰੇ ਪਾਪਾ!
ਬੱਸ ਹੁਣ ਤਾਂ ਮੈਨੂੰ- ਬੋਲਣਾ ਹੀ ਪੈਣਾ!
ਬਸ,ਪਿਆਰੇ ਪਾਪਾ, ਬੋਲਣਾ ਹੀ ਪੈਣਾ।"

ਪਰਮਿੰਦਰ ਕੌਰ ਮੁਲਾਂਪੁਰ ਦਾਖਾ 9877346150

## ਇੱਕ ਸੀ ਜਾਦੂਗਰ / ਵਰੁਣ ਗਰੋਵਰ

**ਜਾਦੂ** ਸੱਚਮੁੱਚ ਹੁੰਦਾ ਹੈ ਜਾਂ ਅੱਖਾਂ ਦਾ ਧੋਖਾ ਹੈ? ਇਹ ਸਵਾਲ ਮੈਂ ਬਚਪਨ ਤੋਂ ਅੱਜ ਤੱਕ ਆਪਣੇ ਆਪ ਤੋਂ ਬਹੁਤ ਵਾਰ ਪੁੱਛ ਚੁੱਕਿਆ ਹਾਂ। ਪਰ ਹਾਲੇ ਤੱਕ ਕਿਸੇ ਫ਼ੈਸਲੇ 'ਤੇ ਨਹੀਂ ਪਹੁੰਚ ਸਕਿਆ। ਇਸਦੀ ਇੱਕ ਵਜ੍ਹਾ ਮੇਰੇ ਬਚਪਨ ਵਿੱਚ ਘਟੀ ਘਟਨਾ ਹੈ ਜਿਸ ਨੂੰ ਅੱਜ ਤੱਕ ਲੋਕ ਮੰਨਣ ਤੋਂ ਇਨਕਾਰ ਕਰਦੇ ਰਹੇ ਹਨ। ਜੇ ਦੋਸਤਾਂ ਨੂੰ ਸੁਣਾਵਾਂ, ਜਾਂ ਤਾਂ ਉਹ ਹੱਸਣ ਲੱਗਦੇ ਹਨ ਜਾਂ ਸੋਚਦੇ ਹਨ ਕਿ ਮੈਂ ਉਨ੍ਹਾਂ ਦਾ ਮਜ਼ਾਕ ਬਣਾ ਰਿਹਾ ਹਾਂ। ਤੇ ਘਰ ਦੇ ਵੱਡਿਆਂ ਨੂੰ ਤਾਂ ਬਚਪਨ ਵਿੱਚ ਹੀ ਸੁਣਾ ਕੇ ਮਾਰ ਖਾ ਚੁੱਕਿਆ ਹਾਂ।

ਚਲੋ, ਤੁਹਾਨੂੰ ਵੀ ਸੁਣਾਉਂਦਾ ਹਾਂ। ਬਸ ਇੰਨਾ ਦੱਸ ਦਿੰਦਾ ਹਾਂ ਕਿ ਇਹ ਕੋਈ ਕਹਾਣੀ ਨਹੀਂ, ਸਿਰਫ਼ ਘਟਨਾ ਹੈ। ਇਸ ਲਈ ਇਸ ਦਾ ਕੋਈ 'ਰੋਮਾਂਚਕ ਅੰਤ' ਮੇਰੇ ਕੋਲ਼ ਨਹੀਂ ਹੈ। ਮੇਰੇ ਨਾਲ਼ ਸੰਨ 1992 ਵਿੱਚ ਲਖਨਊ ਦੀਆਂ ਸਰਦੀਆਂ ਵਿੱਚ ਜੋ ਹੋਇਆ, ਉਹ ਦੱਸ ਰਿਹਾ ਹਾਂ...

ਦੁਰਗਾ ਪੂਜਾ ਦੀ ਛੁੱਟੀਆਂ ਚੱਲ ਰਹੀਆਂ ਸਨ। ਅਸੀਂ ਸਾਰੇ ਦੋਸਤ ਹਰ ਸ਼ਾਮ ਪੂਜਾ ਪਾਰਕ ਵਿੱਚ ਮਿਲ਼ਦੇ ਸੀ। ਓਥੇ ਹੀ ਦੁਰਗਾ ਪੂਜਾ ਦਾ ਪੰਡਾਲ ਲੱਗਿਆ ਹੋਇਆ ਸੀ। ਤੇ ਓਥੇ ਹੋਣ ਵਾਲ਼ੇ ਪ੍ਰੋਗਰਾਮ (ਕਦੇ



ਮਸ਼ਹੂਰ ਜਾਦੂਗਰ ਗਣਪਤੀ ਚਕ੍ਰਬਰਤੀ (1858–1939) ਜਿਨ੍ਹਾਂ ਮਸ਼ਹੂਰ ਜਾਦੂਗਰਾਂ ਨੂੰ ਸਿਖਾਇਆ

ਆਰਕੇਸਟਰਾ, ਕਦੇ ਬੰਗਾਲੀ ਨਾਟਕ) ਦੇਖ ਕੇ 8 ਵਜੇ ਦੇ ਕਰੀਬ ਘਰ ਮੁੜਦੇ ਸੀ। ਅਸੀਂ ਸੱਤਵੀਂ ਵਿੱਚ ਪਹੁੰਚ ਗਏ ਸੀ, ਇਸ ਲਈ ਘਰੋਂ ਇਕੱਲੇ ਨਿਕਲਣ ਦੀ ਛੋਟ ਵੀ ਮਿਲ਼ ਗਈ ਸੀ। ਅਸੀਂ ਇਸ ਦਾ ਪੂਰਾ ਫ਼ਾਇਦਾ ਚੁੱਕਦੇ ਸੀ। ਕਦੇ 9 ਵਜੇ ਤੋਂ ਪਹਿਲਾਂ ਘਰ ਨਹੀਂ ਮੁੜਦੇ ਸੀ ਅਤੇ ਤਕਰੀਬਨ ਰੋਜ਼ ਹੀ ਆਪਣੀਆਂ ਆਪਣੀਆਂ ਅਠਿਆਨੀਆਂ ਜਮ੍ਹਾਂ ਕਰ ਕੇ ਪਾਣੀ-ਪਤਾਸੇ ਖਾਂਦੇ ਸੀ। ਪੂਜਾ ਦਾ ਛੇਵਾਂ ਅਤੇ ਸੱਤਵਾਂ ਦਿਨ ਸਾਡੇ ਲਈ ਬਹੁਤ ਖ਼ਾਸ ਹੋਣ ਵਾਲ਼ਾ ਸੀ ਕਿਉਂਕਿ ਛੇਵੇਂ ਦਿਨ, ਯਾਨੀ 6 ਅਕਤੂਬਰ ਨੂੰ, ਫ਼ਿਲਮ-ਸਟਾਰ ਹੇਮਾ ਮਾਲਿਨੀ ਆਪਣੇ ਡਾਂਸ ਗਰੁੱਪ ਨਾਲ਼ ਆਉਣਾ ਸੀ ਅਤੇ ਸੱਤਵੇਂ ਦਿਨ ਕਲਕੱਤੇ ਦੇ ਮਸ਼ਹੂਰ ਜਾਦੂਗਰ ਧੀਮਾਂਤ ਬਰੂਆ ਨੇ! ਕਹਿਣ ਵਾਲ਼ੇ ਕਹਿੰਦੇ ਸਨ ਕਿ ਧੀਮਾਂਤ ਬਰੂਆ, ਪੀ. ਸੀ. ਸਰਕਾਰ ਤੋਂ ਵੀ ਵੱਡਾ ਜਾਦੂਗਰ ਹੈ। ਉਸ ਦਾ ਸਭ ਤੋਂ ਵੱਡਾ ਜਾਦੂ ਇਹ ਕਿ ਉਹ ਸਮੇਂ ਵਿੱਚ ਪਿੱਛੇ ਜਾ ਸਕਦਾ ਹੈ! ਦੁਰਗਾ ਪੂਜਾ ਕਮੇਟੀ ਦਾ ਚੰਦਾ ਲੈਣ ਸਾਡੇ ਘਰ ਆਏ ਸਿਲ ਅੰਕਲ ਨੇ ਪਾਪਾ ਨੂੰ ਦੱਸਿਆ ਸੀ ਕਿ ਇੱਕ ਵਾਰ ਬਰੂਆ ਸੱਚੀਂ ਸਮੇਂ ਵਿੱਚ ਪਿੱਛੇ ਜਾ ਕੇ ਗਾਂਧੀ ਜੀ ਦੇ ਹਸਤਾਖ਼ਰ ਲੈ ਕੇ ਆਇਆ ਸੀ। ਤੇ ਇੱਕ ਵਾਰ ਰਾਜ ਕਪੂਰ ਨਾਲ਼ ਫ਼ੋਟੋ ਖਿਚਵਾ ਕੇ ਵੀ ਲਿਆਇਆ ਸੀ! ਸਭ ਦੇ ਸਾਹਮਣੇ, ਭਰੇ ਸ਼ੋਅ ਵਿੱਚੋਂ! ਸਿਲ ਅੰਕਲ ਨੇ ਇਹ ਵੀ ਦੱਸਿਆ ਕਿ ਸਰਕਾਰ ਨੇ ਬਾਅਦ ਵਿੱਚ ਉਸ ਫ਼ੋਟੋ ਦੀ ਬਹੁਤ ਜਾਂਚ ਕਰਵਾਈ ਅਤੇ ਇਹੀ ਸਾਬਿਤ ਹੋਇਆ ਕਿ ਇਹ ਫ਼ੋਟੋ ਬਿਲਕੁਲ ਅਸਲੀ ਹੈ। ਰਾਜ ਕਪੂਰ ਦੀ ਓਹੋ ਜਿਹੀ ਫ਼ੋਟੋ ਹੋਰ ਕਿਸੇ ਕੋਲ਼ ਨਹੀਂ ਸੀ! ਪਾਪਾ ਥੋੜ੍ਹਾ ਹੱਸੇ ਅਤੇ ਸਿਲ ਅੰਕਲ ਦੇ ਜਾਣ ਦੇ ਬਾਅਦ ਉਨ੍ਹਾਂ ਦਾ ਖ਼ੂਬ ਮਜ਼ਾਕ ਉਡਾਇਆ। ਮੈਂ ਉਸੇ ਦਿਨ ਤੋਂ ਬਰੂਆ ਦਾ ਜਾਦੂ ਦੇਖਣ ਲਈ ਬੇਤਾਬ ਸੀ। ਮੈਨੂੰ ਲੱਗਦਾ ਸੀ ਕਿ ਜੇ ਬਰੂਆ ਸਮੇਂ ਵਿੱਚ ਪਿੱਛੇ ਜਾਣ ਲੱਗਿਆਂ ਮੈਨੂੰ ਵੀ ਨਾਲ ਲੈ ਜਾਵੇ -ਤਾਂ?

ਅਗਲੇ ਦਿਨ ਜਾਦੂ ਦਾ ਸ਼ੋਅ ਹੋਣ ਵਾਲ਼ਾ ਸੀ। ਪਤਾ ਨਹੀਂ ਕਿਉਂ ਮੈਂ ਚਾਹ ਰਿਹਾ ਸੀ ਕਿ ਕੱਲ੍ਹ ਕੁਝ ਅਜਿਹਾ ਹੋ ਜਾਵੇ ਕਿ ਸ਼ਾਮ ਨੂੰ ਮੰਮੀ ਪਾਪਾ ਨਾ ਆ ਸਕਣ। ਸਿਰਫ਼ ਮੈਂ ਅਤੇ ਮੇਰਾ ਛੋਟਾ ਭਰਾ ਹੀ ਬਰੂਆ ਦਾ ਸ਼ੋਅ ਦੇਖਣ ਜਾਈਏ! ਅਸੀਂ ਦੋਵੇਂ ਦੇਰ ਰਾਤ ਤੱਕ ਗੱਲ ਕਰਦੇ ਰਹੇ ਕਿ ਸਮੇਂ ਵਿੱਚ ਪਿੱਛੇ ਜਾਣਾ ਕਿੰਨਾ ਮਜ਼ੇਦਾਰ ਹੋਵੇਗਾ! ਉਨ੍ਹੀਂ ਦਿਨੀਂ ਦੂਰਦਰਸ਼ਨ ਉੱਤੇ ਇੱਕ ਸੀਰੀਅਲ ਆਉਂਦਾ ਸੀ- ਇੰਦਰਧਨੁਸ਼। ਇਸ ਸੀਰੀਅਲ ਵਿੱਚ ਦੋ ਬੱਚੇ ਸਾਲ 1942 ਵਿੱਚ ਪਹੁੰਚ ਜਾਂਦੇ ਹਨ! ਤੇ ਇੱਕ ਰੁਪਏ ਵਿੱਚ 5 ਕਿੱਲੋ ਜਲੇਬੀ ਖ਼ਰੀਦ ਕੇ ਲਿਆਉਂਦੇ ਹਨ! ਅਸੀਂ ਦੋਨਾਂ ਨੇ ਵੀ ਸੋਚ ਲਿਆ ਸੀ ਕਿ ਜੇਕਰ ਬਰੂਆ ਸਾਨੂੰ ਇਤਿਹਾਸ ਵਿੱਚ ਭੇਜੇ ਤਾਂ ਅਸੀਂ ਕੀ ਕੀ ਕਰਾਂਗੇ। ਮੇਰਾ ਭਰਾ ਰਾਈਟ ਬਰਦਰਸ ਦੇ ਬਣਾਏ ਹੋਏ ਪਹਿਲੇ ਹਵਾਈ ਜਹਾਜ਼ ਵਿੱਚ ਬੈਠਣਾ ਚਾਹੁੰਦਾ ਸੀ ਅਤੇ ਮੈਂ ਭਾਰਤ ਨੂੰ ਕ੍ਰਿਕੇਟ ਵੱਲਡ ਕੱਪ ਜਿੱਤਦੇ ਦੇਖਣਾ ਚਾਹੁੰਦਾ ਸੀ। ਮੈਂ ਇਹ ਵੀ ਦੇਖਣਾ ਚਾਹੁੰਦਾ ਸੀ ਕਿ ਮੇਰੀ ਮਾਂ ਜਦੋਂ ਨਿੱਕੀ ਬੱਚੀ ਸੀ ਤਾਂ ਕਿਹੋ ਜਿਹੀ ਦਿਸਦੀ ਸੀ।

ਬੜੀ ਮੁਸ਼ਕਲ ਨਾਲ਼ ਅਗਲੀ ਸ਼ਾਮ ਆਈ। ਸਿਲ ਅੰਕਲ ਦੀਆਂ ਮਿੰਨਤਾਂ ਕਰ ਕੇ ਸਾਨੂੰ ਸਭ ਤੋਂ ਅੱਗੇ ਵਾਲ਼ੀ ਲਾਈਨ ਦੀ ਕੁਰਸੀ ਮਿਲ ਗਈ। ਪਰਦਾ ਉੱਠਿਆ ਅਤੇ ਇੱਕ ਭਾਰਾ-ਜਿਹਾ ਬੰਦਾ, ਰੰਗੀਨ ਚੋਗਾ ਤੇ ਕਾਲ਼ਾ ਹੈਟ ਪਹਿਨੀ ਸਾਹਮਣੇ ਆਇਆ। ਉਸ ਦੀ ਚਾਰਲੀ ਚੈਪਲਿਨ ਵਰਗੀ ਮੁੱਛ ਸੀ ਅਤੇ ਉਹ ਬਹੁਤ ਤੇਜ਼ ਤੁਰਦਾ ਸੀ। ਇਹੀ ਧੀਮਾਂਤ ਬਰੂਆ ਸੀ। ਉਸ ਦੇ ਨੇੜੇ-ਤੇੜੇ ਉਸ ਦਾ ਇੱਕ ਸਹਾਇਕ ਮੰਡਰਾ ਰਿਹਾ ਸੀ, ਜਿਸ ਨੂੰ ਉਹ ਜਾਨਸਨ ਬੁਲਾਉਂਦਾ ਸੀ। ਆਉਂਦੇ ਹੀ ਉਸ ਨੇ ਸਭ ਤੋਂ ਪਹਿਲਾਂ ਸਭ ਦੀ ਘੜੀ ਦਾ ਵਕਤ ਬਦਲ ਦਿੱਤਾ! ਉਸ ਨੇ ਕਿਹਾ ਕਿ ਮੈਂ ਕਿੰਨੀ ਦੇਰ ਤੋਂ ਤੁਹਾਡੀ ਉਡੀਕ ਕਰ ਰਿਹਾ ਹਾਂ ਤੇ ਤੁਸੀਂ ਲੋਕ ਹੁਣ ਆਏ ਹੋ -8 ਵਜੇ! ਸਭ ਨੇ ਆਪੋ ਆਪਣੀਆਂ ਘੜੀਆਂ ਦੇਖੀਆਂ। ਸੱਚੀਂ 8 ਵੱਜੇ ਹੋਏ ਸੀ- ਜਦੋਂ ਕਿ ਸੱਚ ਇਹ ਸੀ ਕਿ ਉਸ ਵਕਤ ਵੱਧ ਤੋਂ ਵੱਧ ਸਵਾ ਸੱਤ ਹੋਏ ਹੋਣਗੇ। ਕਿਉਂਕਿ ਸ਼ੋਅ ਵਕਤ ਉੱਤੇ ਸ਼ੁਰੂ ਹੋਇਆ ਸੀ। ਮੈਨੂੰ ਅਤੇ ਮੇਰੇ ਭਰਾ ਨੂੰ ਇਹ ਜਾਦੂ ਦੇਖ ਕੇ ਝੁਣਝੁਣੀ ਆ ਗਈ। ਸਾਡੇ ਲੂੰਅ ਕੰਡੇ ਖੜ੍ਹੇ ਹੋ ਗਏ ਸੀ, ਕੁਝ ਅਜਿਹਾ ਲੱਗ ਰਿਹਾ ਸੀ ਜਿਹੋ ਜਿਹਾ ਕਿਸੇ ਵੱਡੀ ਘਟਨਾ ਦਾ ਹਿੱਸਾ ਹੋਣ ਉੱਤੇ ਲੱਗਦਾ ਹੁੰਦਾ ਹੈ।

ਇਸ ਤੋਂ ਬਾਅਦ ਬਰੂਆ ਨੇ ਫੁੱਲਾਂ ਦੇ ਰੰਗ ਬਦਲੇ, ਪਾਣੀ ਵਿਚ ਮੋਮਬੱਤੀ ਬਾਲੀ, ਤੋਤੇ ਨੂੰ ਆਂਡੇ ਵਿੱਚ ਬੰਦ ਕੀਤਾ ਅਤੇ ਥੋੜ੍ਹੀ ਦੇਰ ਬਾਅਦ ਆਂਡਾ ਤੋੜ ਕੇ ਉਸ ਵਿੱਚੋਂ ਬਟੇਰ ਕੱਢ ਦਿੱਤਾ। ਸਾਡੇ ਆਸ ਪਾਸ ਬੈਠੇ ਵੱਡੇ ਲੋਕ ਲਗਾਤਾਰ ਬੁੜ ਬੁੜ ਕਰ ਰਹੇ ਸਨ, "ਇਹ ਤਾਂ ਮੰਤਰਮੁਗਧ ਕਰ ਰਿਹਾ ਹੈ... ਇਸ ਸਾਨੂੰ ਹਿਪਨੋਟਾਈਜ਼ ਕੀਤਾ। ਕੋਈ ਜਾਦੂ ਨਹੀਂ ਹੈ... ਸਭ ਧੋਖਾ ਹੈ... ਹੱਥ ਦੀ ਸਫ਼ਾਈ..." ਇੱਕ ਆਂਟੀ ਨੇ ਤਾਂ ਇਹ ਵੀ ਕਿਹਾ ਕਿ ਕੋਈ ਅਸਲੀ ਵੱਡਾ ਜਾਦੂ ਹੋਏਗਾ ਤਾਂ ਇਸ ਜਨਤਾ ਵਿੱਚੋਂ ਕਿਸੇ ਨੂੰ ਨਹੀਂ ਸੱਦਣਾ- ਸੱਦਿਆ ਵੀ ਤਾਂ ਭੀੜ ਵਿੱਚ ਪਹਿਲਾਂ ਤੋਂ ਬੈਠਾ ਉਸ ਦਾ ਹੀ ਆਦਮੀ ਹੋਵੇਗਾ। ਮੈਂ ਅਤੇ ਮੇਰਾ ਭਰਾ, ਜੋ ਹੁਣ ਤੱਕ ਬਰੂਆ ਦੇ ਫ਼ੈਨ ਹੋ ਚੁੱਕੇ ਸੀ, ਇਨ੍ਹਾਂ ਦਲੀਲਾਂ ਨੂੰ ਮਨ ਹੀ ਮਨ ਨਕਾਰ ਰਹੇ ਸੀ। ਪਰ ਹਰ ਅਗਲੇ ਜਾਦੂ ਨਾਲ਼, ਵੱਡਿਆਂ ਦੀਆਂ ਗੱਲਾਂ ਵਿੱਚ ਸੱਚਾਈ ਹੋਰ ਸਾਫ਼ ਦਿਸਣ ਲੱਗੀ ਸੀ।

ਜਿਵੇਂ, ਆਰੀ ਨਾਲ਼ ਕੁੜੀ ਵੱਢਣ ਵਾਲ਼ੇ ਜਾਦੂ ਵਿੱਚ ਉਸ ਨੇ ਆਪਣੇ ਗਰੁੱਪ ਦੀ ਹੀ ਇੱਕ ਕੁੜੀ ਨੂੰ ਲਿਟਾਇਆ। ਅਲਮਾਰੀ ਵਿੱਚੋਂ ਗ਼ਾਇਬ ਕਰ ਕੇ ਪਾਰਕ ਦੇ ਸਾਹਮਣੇ ਵਾਲ਼ੀ ਨਾਲ਼ੀ ਵਿੱਚੋਂ ਨਿਕਲਣ ਵਾਲ਼ੇ ਜਾਦੂ ਵਿੱਚ, ਉਸ ਨੇ ਭੀੜ ਵਿੱਚੋਂ ਇੱਕ ਅਜਿਹੇ ਚਿਹਰੇ ਨੂੰ ਚੁਣਿਆ ਜਿਸ ਨੂੰ ਅਸੀਂ ਪਹਿਲਾਂ ਕਦੇ ਇਸ ਇਲਾਕੇ ਵਿੱਚ ਨਹੀਂ ਦੇਖਿਆ ਸੀ। ਸਿਰਫ਼ ਘੜੀ ਗ਼ਾਇਬ ਕਰਨ ਵਾਲ਼ੇ ਜਾਦੂ ਲਈ ਉਸ ਨੇ ਦਾਸ ਅੰਕਲ ਦੇ ਬੇਟੇ ਪਾਪੁਨ ਨੂੰ ਸਟੇਜ ਉੱਤੇ ਬੁਲਾਇਆ। ਹੌਲੀ-ਹੌਲੀ ਮੋਹ-ਜਾਲ ਭੰਗ ਹੋ ਰਿਹਾ ਸੀ। ਹਰ ਅਗਲਾ ਜਾਦੂ ਹੋਰ ਕੁਝ ਨਹੀਂ ਬਸ ਹੱਥ ਦੀ ਸਫ਼ਾਈ ਪਤਾ ਲੱਗਦਾ ਸੀ! ਅਭਿਆਸ ਜਾਂ ਪ੍ਰੈਕਟਿਸ ਦਾ

ਕਮਾਲ ਸੀ। ਜਿਵੇਂ ਮਦਾਰੀ ਦਾ ਬਾਂਦਰ ਕਰਦਾ ਹੈ!

ਪਰ ਫੇਰ ਬਰੂਆ ਦੀ ਚੁਸਤ ਚਾਲ ਅਚਾਨਕ ਹੌਲੀ ਹੋ ਗਈ। ਉਸ ਨੇ ਜਾਨਸਨ ਨੂੰ ਸਾਰੇ ਸਮਾਨ ਸਮੇਤ ਸਟੇਜ ਤੋਂ ਹਟਾ ਦਿੱਤਾ ਤੇ ਇੱਕ ਛੋਟੀ ਜਿਹੀ ਧੂੰਆਂ ਸੁੱਟਣ ਵਾਲ਼ੀ ਮਸ਼ੀਨ ਚਾਲੂ ਕਰ ਦਿੱਤੀ। ਦੇਖਣ ਵਾਲਿਆਂ ਵਿੱਚ ਹੋ ਰਹੀ ਹਲਚਲ, ਅਚਾਨਕ ਹੀ, ਇਸ ਬਦਲੇ ਮਹੌਲ ਨਾਲ਼ ਸ਼ਾਂਤ ਹੋ ਗਈ। ਸਭ ਇੱਕਟੱਕ ਬਰੂਆ ਦੀਆਂ ਅੱਖਾਂ ਵਿੱਚ ਦੇਖਣ ਲੱਗੇ। ਮੈਂ ਆਪਣੇ ਭਰਾ ਵੱਲ ਦੇਖਿਆ। ਉਹ ਵੀ ਮੈਨੂੰ ਦੇਖ ਕੇ ਮੁਸਕਰਾਇਆ। ਅਸੀਂ ਸਮਝ ਗਏ ਕਿ ਹੁਣ ਸ਼ਾਇਦ ਉਹੀ ਜਾਦੂ ਹੋਣ ਵਾਲ਼ਾ ਹੈ ਜਿਸਦੇ ਲਈ ਅਸੀਂ ਇੱਥੇ ਆਏ ਸੀ। ਬਰੂਆ ਨੇ ਆਪਣੇ ਹੱਥ ਹਵਾ ਵਿੱਚ ਚੁੱਕੇ ਅਤੇ ਸਾਰਿਆ ਨੂੰ ਸ਼ਾਂਤ ਰਹਿਣ ਦਾ ਇਸ਼ਾਰਾ ਕੀਤਾ। ਕੁਝ ਪਲ ਖ਼ੁਦ ਵੀ ਸ਼ਾਂਤ ਰਹਿ ਕੇ ਉਸ ਨੇ ਬੜੀ ਤਿੱਖੀ ਆਵਾਜ਼ ਵਿੱਚ ਕਿਹਾ, "ਧੀਮਾਂਤ ਬੋਰੂਆ ਕਾ ਹਿਸਟਰੀ ਮੈਜਿਕ- ਇਤਿਹਾਸ ਜਾਦੂ!"

ਮਾਈਕ ਹੱਥ ਵਿੱਚ ਫੜੀ ਉਹ ਸਟੇਜ ਤੋਂ ਹੇਠਾਂ ਉੱਤਰ ਆਇਆ ਅਤੇ ਸਾਡੇ ਇੰਗਲਿਸ਼ ਵਾਲੇ ਮਿਸ਼ਰਾ ਸਰ ਵਾਂਗ, ਦਰਸ਼ਕਾਂ ਵਿੱਚ ਘੁੰਮ ਘੁੰਮ ਗੱਲ ਕਰਨ ਲੱਗਾ। (ਆਪਣੀ ਬੰਗਾਲੀ ਵਰਗੀ ਹਿੰਦੀ ਵਿਚ- ਸੰ.) "ਹਿਸਟਰੀ ਕਯਾ ਹੈ?" ਉਸ ਪੁੱਛਿਆ। ਫਿਰ ਬਿਨਾਂ ਜਵਾਬ ਦੀ ਉਡੀਕ ਕੀਤੇ ਕਿਹਾ, "ਹਿਸਟਰੀ ਮਤਲਬ ਸਮਯ.. ਟਾਈਮ ਜੋ ਬੀਤ ਗਿਆ। ਜਬ ਹਮ ਲੋਗ ਰੋਡ ਪੇ ਚਲਤਾ ਹੈ, ਘਰ ਮੇਂ ਘੂਮਤਾ ਹੈ, ਕਿਧਰ ਭੀ ਜਾਤਾ ਹੈ- ਤੋ ਹਮ ਲੋਗ ਸਿਰਫ਼ 'ਸਪੇਸ' ਮੇਂ ਨਹੀਂ ਚਲਤਾ- 'ਟਾਈਮ' ਮੇਂ ਭੀ ਚਲਤਾ ਹੈ। ਇਸ ਪਾਰਕ ਸੇ ਸਾਹਮਨੇ ਰੋਡ ਤਕ ਹਮ ਚਲ ਕੇ ਜਾਤਾ ਹੈ ਤੋ ਹਮ 100 ਮੀਟਰ ਸਪੇਸ ਕਵਰ ਕਰਤਾ ਹੈ -ਔਰ ਏਕ ਮਿਨਟ ਟਾਈਮ ਕਵਰ ਕਰਤਾ ਹੈ।" ਮੈਂ ਬਹੁਤ ਧਿਆਨ ਨਾਲ਼ ਸੁਣ ਰਿਹਾ ਸੀ। ਉਸ ਅੱਗੇ ਕਿਹਾ, "ਟਾਈਮ ਭੀ ਏਕ ਸੜਕ ਹੈ... ਜੈਸੇ ਸੁਬਹ ਨੌਂ ਬਜੇ ਸੇ ਰਾਤ ਨੌਂ ਬਜੇ ਤਕ ਕਾ ਬਾਤ ਕਰੇਂ ਤੋ ਯਹ ਸੜਕ 12 ਘੰਟਾ ਲੰਬਾ ਹੂਆ। ਇਸ ਲੀਏ ਅਗਰ ਹਮਨੇ ਸੜਕ ਕਾ ਏਕ ਕੋਨਾ ਪਕੜ ਲੀਆ, ਤੋ ਹਮ ਦੂਸਰਾ ਕੋਨਾ ਤਕ ਜਾ ਸਕਤਾ ਹੈ। ਔਰ ਆਜ, ਸਬ ਕੇ ਸਾਮਨੇ, ਹਮ ਜਾਏਗਾ!" ਇਸ ਉੱਤੇ ਤਾੜੀਆਂ ਦੀ ਜ਼ੋਰਦਾਰ ਗੜਗੜਾਹਟ ਹੋਈ- ਜੋ ਮੈਂ ਹੀ ਸ਼ੁਰੂ ਕੀਤੀ ਸੀ।

ਇਸ ਤੋਂ ਬਾਅਦ ਬਰੂਆ ਮੁੜ ਸਟੇਜ ਉੱਤੇ ਚੜ੍ਹ ਗਿਆ ਅਤੇ ਇੱਕ ਵੱਡੀ ਸਾਰੀ ਕਾਲੀ ਚਾਦਰ ਰੰਗਮੰਚ ਉੱਤੇ ਵਿਛਾ ਦਿੱਤੀ। ਚਾਦਰ ਵਿਛਦੇ ਹੀ ਉਸ ਨੇ ਆਪਣੀਆਂ ਅੱਖਾਂ ਭੀੜ ਉੱਤੇ ਗੱਡ ਦਿੱਤੀਆਂ ਅਤੇ ਕਿਹਾ, "ਹਮ ਅਕੇਲਾ ਨਹੀਂ ਜਾਏਗਾ। ਤੁਮ ਮੇਂ ਸੇ ਏਕ ਆਦਮੀ ਕੋ ਲੇਕਰ ਜਾਏਗਾ।" ਇਹ ਸੁਣਦੇ ਹੀ ਮੇਰਾ ਦਿਲ ਜ਼ੋਰ ਜ਼ੋਰ ਨਾਲ਼ ਧੜਕਣ ਲੱਗਾ। ਜਿੰਨਾ ਸਮਾਂ ਦਿਮਾਗ਼ ਤੋਂ ਸਰੀਰ ਦੇ ਅੰਗਾਂ ਤੱਕ ਸਿਗਨਲ ਪਹੁੰਚਣ ਵਿੱਚ ਲੱਗਦਾ ਹੈ, ਮੇਰੇ ਅੰਦਾਜ਼ੇ ਨਾਲ਼, ਉਸ ਤੋਂ ਵੀ ਘੱਟ ਸਮੇਂ ਵਿੱਚ ਮੇਰਾ ਹੱਥ ਹਵਾ ਵਿੱਚ ਉੱਠ ਗਿਆ। ਪੈਰਾਂ ਦੇ ਪੰਜੇ ਹੇਠਾਂ ਵਿਛੀ ਦਰੀ ਉੱਤੇ ਦਬਾਅ ਬਣਾਉਣ ਲੱਗੇ ਅਤੇ ਜਵਾਬ ਵਿੱਚ ਅੱਡੀਆਂ ਕੁਝ ਇੰਚ ਉੱਤੇ ਉਠ ਗਈਆਂ। ਬਰੂਆ ਦੀਆਂ ਚੈਪਲਿਨ ਵਰਗੀਆਂ ਮੁੱਛਾਂ ਥੋੜ੍ਹੀਆਂ ਹੋਰ ਸੁੰਗੜੀਆਂ। ਅੱਖਾਂ ਛੋਟੀਆਂ ਹੋਈਆਂ ਜਿਵੇਂ ਨ੍ਹੇਰੇ ਵਿੱਚ ਕੁਝ ਲੱਭ ਰਹੀਆਂ ਹੋਣ। ਆਖ਼ਰ ਉਹ ਮੇਰੇ ਉੱਤੇ ਟਿਕ ਗਈਆਂ, "ਤੁਮ... ਲੋੜਕਾ..??" ਬਰੂਆ ਨੇ ਕਿਹਾ ਅਤੇ ਮੈਂ ਆਪਣੇ ਭਰਾ ਦਾ ਹੱਥ ਛੁਡਾ ਕੇ ਭੱਜ ਲਿਆ। (ਹੁਣ ਪਤਾ ਲੱਗਾ ਮੈਂ ਕਿਉਂ ਚਾਹੁੰਦਾ ਸੀ ਕਿ ਮੰਮੀ ਪਾਪਾ ਸ਼ੋਅ ਦੇਖਣ ਨਾ ਆਉਣ?)

ਸਟੇਜ ਉੱਤੇ ਪੁੱਜਣ ਤੋਂ ਪਹਿਲਾਂ ਹੀ ਮੇਰੇ ਦਿਲ ਦੀ ਧੜਕਨ ਇੰਨੀ ਤੇਜ਼ ਹੋ ਗਈ ਸੀ ਕਿ ਲੱਗ ਰਿਹਾ ਸੀ ਕਿ ਜੁਰਾਸਿਕ ਪਾਰਕ ਦੇ ਡਾਇਨਾਸੋਰ ਜ਼ਮੀਨ ਉੱਤੇ ਧੰਮ-ਧੰਮ ਪੈਰ ਪਟਕ ਰਹੇ ਹਨ। ਉੱਤੇ ਪਹੁੰਚ ਕੇ ਲੱਗਾ ਕਿ ਧੂੰਆਂ ਵੀ ਮੇਰੇ ਅੰਦਾਜ਼ੇ ਤੋਂ ਜ਼ਿਆਦਾ ਸੀ। ਇੱਥੋਂ ਤੱਕ ਕਿ ਮੈਨੂੰ ਸਭ ਤੋਂ ਅੱਗੇ ਬੈਠੇ ਆਪਣੇ ਭਰਾ ਨੂੰ ਦੇਖਣ ਵਿੱਚ ਵੀ ਮੁਸ਼ਕਲ ਆ ਰਹੀ ਸੀ। ਉਹ ਉੱਥੋਂ ਹੱਥ ਹਿਲਾ ਹਿਲਾ ਕੇ ਹੀ ਖ਼ੁਸ਼ ਸੀ ਅਤੇ ਲਗਭਗ ਮੇਰੇ ਜਿੰਨਾ ਹੀ ਹੈਰਾਨ ਅਤੇ ਖ਼ੁਸ਼ ਵੀ। ਬਰੂਆ ਨੇ ਇੱਕ ਵਾਰ ਫਿਰ, ਉੱਚੀ ਅਵਾਜ਼ ਵਿੱਚ ਜਾਦੂ ਦਾ ਨਾਂ ਲਿਆ ਅਤੇ ਕਿਹਾ, "ਮੈਂ ਔਰ ਯੇ ਲੋੜਕਾ...ਕਯਾ ਨਾਮ ਹੈ ਤੁਮਹਾਰਾ?.. ਵਰੁਣ..ਹਮ ਦੋਨੋਂ ਅਬ ਹਿਸਟਰੀ ਮੇਂ ਜਾਏਗਾ। ਇਤਿਹਾਸ ਮੇਂ। ਬੋਲੋ ਲੋੜਕਾ...ਕਿਧਰ ਜਾਏਗਾ ਤੁਮ? ਕਯਾ ਦੇਖੇਗਾ ਹਿਸਟਰੀ ਮੇਂ?" ਮੈਂ ਅਚਾਨਕ ਹੀ ਮਨ ਬਦਲਿਆ ਤੇ ਕਿਹਾ, "ਡਾਇਨਾਸੋਰ।" ਬਰੂਆ ਜ਼ੋਰ ਦੀ ਹੱਸਿਆ। ਦਰਸ਼ਕ ਵੀ ਹੱਸੇ। ਫਿਰ ਬੋਲਿਆ, "ਡਾਇਨਾਸੋਰ?" ਮੈਂ ਡਰ ਕੇ ਕਿਹਾ, "ਨਹੀਂ... ਕੁਛ ਔਰ ਭੀ ਚਲੇਗਾ... ਕ੍ਰਿਕੇਟ ਵੱਲਡ ਕਪ ਕਾ ਫ਼ਾਇਨਲ... ਜਬ ਇੰਡੀਆ ਜੀਤਾ ਥਾ।"

"??.. 1983! ਕਪਿਲ ਦੇਵ!" ਬਰੂਆ ਬੋਲਿਆ। ਇਸ ਉੱਤੇ ਦਰਸ਼ਕ ਫਿਰ ਹੱਸੇ। ਹੁਣ ਮੈਨੂੰ ਦਰਸ਼ਕਾਂ ਉੱਤੇ ਗ਼ੁੱਸਾ ਆ ਰਿਹਾ ਸੀ ਕਿਉਂਕਿ ਇਸ ਵਿੱਚ ਹੱਸਣ ਵਾਲ਼ੀ ਕੋਈ ਗੱਲ ਨਹੀਂ ਸੀ!

ਪਰ ਫੇਰ ਝੱਟ ਬਰੂਆ ਗੰਭੀਰ ਹੋ ਗਿਆ। ਉਸ ਨੇ ਆਪਣਾ ਹੱਥ ਹਵਾ ਵਿੱਚ ਚੁੱਕਿਆ ਅਤੇ ਸਾਰਿਆਂ ਨੂੰ ਸ਼ਾਂਤ ਹੋਣ ਦਾ ਇਸ਼ਾਰਾ ਕੀਤਾ। ਫਿਰ ਮੇਰੇ ਪੈਰਾਂ ਹੇਠਾਂ ਵਿਛੀ ਕਾਲੀ ਚਾਦਰ ਲਪੇਟਣ ਲਈ ਝੁਕਿਆ ਅਤੇ ਐਲਾਨ ਕੀਤਾ, "ਠੀਕ ਹੈ! ਹਮ ਕਪਿਲ ਦੇਵ ਦਿਖਾਏਗਾ। ਡਾਇਨਾਸੋਰ ਬਹੁਤ ਡੇਂਜਰ... ਖ਼ਤਰਨਾਕ! ਕਪਿਲ ਦੇਵ ਕਮ ਖ਼ਤਰਨਾਕ!" ਇਸ ਉੱਤੇ ਜਨਤਾ ਇੱਕ ਵਾਰ ਫੇਰ ਹੱਸੀ। ਪਰ ਹੁਣ ਮੇਰਾ ਧਿਆਨ ਬਰੂਆ ਅਤੇ ਉਸਦੇ ਬੰਦੇ ਜਾਨਸਨ ਵੱਲ ਸੀ। ਦੋਵੇਂ ਤੇਜ਼ੀ ਨਾਲ਼ ਕੱਪੜਾ ਲਪੇਟਣ ਲੱਗ ਪਏ। ਕੁਝ ਉਸੇ ਤਰ੍ਹਾਂ ਜਿਵੇਂ ਮਾਵਾਂ ਆਪਣੀਆਂ ਸਾੜ੍ਹੀਆਂ ਦੇ ਪੱਲੂ ਲਪੇਟਦੀਆਂ ਹਨ... ਛੋਟੇ-ਛੋਟੇ ਵਲ਼ ਪਾ ਕੇ। ਫਿਰ ਬਰੂਆ ਮੇਰੇ ਨਾਲ਼ ਖੜ੍ਹਾ ਹੋ ਗਿਆ। ਕਾਲ਼ਾ ਕੱਪੜਾ, ਜਿਸਦੇ ਦੋ ਸਿਰੇ ਕਿਸੇ ਇੱਲ੍ਹ ਦੇ ਖੰਭ ਲੱਗ ਰਹੇ ਸਨ, ਸਾਡੇ ਦੋਨੋਂ ਪਾਸੇ ਫੈਲ ਗਿਆ। ਬਰੂਆ ਨੇ ਕਿਹਾ, "ਅਬ ਹਮ ਦੋਨੋਂ ਕਪਿਲ ਦੇਵ

ਸੇ ਮਿਲਨੇ ਜਾ ਰਹੇ ਹੈਂ। ਅਗਲੇ ਹੀ ਪਲ, ਸਮਯ ਕਾ ਕੋਨਾ ਪਕੜ ਹਮ ਉਸ ਸੜਕ ਪਰ ਨਿਕਲ ਜਾਏਂਗੇ ਜਿਸ ਪਰ ਕਪਿਲ ਦੇਵ ਔਰ ਬਾਕੀ ਕਾ ਇਤਿਹਾਸ ਹੈ! ਤਯਾਰ?"

ਮੈਂ ਆਪਣੇ ਭਰਾ ਨੂੰ ਦੇਖਿਆ ਅਤੇ ਥੋੜ੍ਹਾ ਡਰ ਕੇ ਸਿਰ ਹਿਲਾਇਆ। ਅਚਾਨਕ ਇੱਕ ਕਾਲ਼ਾ ਪਰਦਾ ਉੱਤੋਂ ਵੀ ਡਿੱਗਾ ਅਤੇ ਪੂਰਾ ਨ੍ਹੇਰਾ ਹੋ ਗਿਆ। ਉਦੋਂ ਅਜਿਹਾ ਲੱਗਾ ਜਿਵੇਂ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੋਵੇ। ਮੈਂ ਆਪਣੇ ਆਪ ਨੂੰ ਬਹੁਤ ਹੌਲਾ ਮਹਿਸੂਸ ਕਰਨ ਲੱਗਾ- ਜਿਵੇਂ ਭਾਰ ਹੋਵੇ ਹੀ ਨਾ। ਕੁਝ ਹੀ ਪਲਾਂ ਵਿੱਚ, ਸ਼ਾਇਦ ਪੰਜ ਸਕਿੰਟਾਂ ਵਿੱਚ ਹੀ, ਅਸੀਂ ਇੱਕ ਗੱਦੇ ਜਿਹੇ ਉੱਤੇ ਜਾ ਡਿੱਗੇ। ਇੱਥੇ ਵੀ ਚਾਰੇ ਪਾਸੇ ਨ੍ਹੇਰਾ ਹੀ ਨ੍ਹੇਰਾ ਸੀ। ਅਸੀਂ ਕਿੱਥੇ ਆ ਗਏ ਸੀ? ਮੈਂ ਕਿਸ ਗੱਦੇ ਉੱਤੇ ਡਿੱਗਾ ਸੀ? ਇਹ ਇਤਿਹਾਸ ਸੀ ਜਾਂ ਬਰੂਆ ਦੀ ਚਾਲ? ਬਾਅਦ ਵਿੱਚ ਮੇਰੇ ਭਰਾ ਨੇ ਦੱਸਿਆ ਕਿ ਉਸ ਪਲ, ਜਦੋਂ ਉੱਤੋਂ ਕਾਲ਼ਾ ਕੱਪੜਾ ਡਿੱਗਾ, ਮੈਂ ਅਤੇ ਬਰੂਆ ਸਟੇਜ ਤੋਂ ਗ਼ਾਇਬ ਹੋ ਗਏ ਸੀ। ਉਹ ਦੋਵੇਂ ਕਾਲੇ ਕੱਪੜੇ (ਹੇਠਾਂ ਵਿਛਿਆ ਤੇ ਉੱਤੋਂ ਡਿੱਗਾ) ਉਥੇ ਦੇ ਉਥੇ ਹੀ ਪਏ ਸਨ ਅਤੇ ਮੈਂ ਫਿਰ ਪੂਰੇ ਤਿੰਨ ਮਿੰਟ ਬਾਅਦ ਸਟੇਜ ਉੱਤੇ ਆਇਆ ਸੀ... ਹੱਥ ਵਿੱਚ ਕਪਿਲ ਦੇਵ ਦਾ ਆਟੋਗਰਾਫ਼ ਲੈ ਕੇ! ਵਿਚਕਾਰਲੇ ਇਨ੍ਹਾਂ ਤਿੰਨ ਮਿੰਟਾਂ ਵਿੱਚ ਹੀ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਵਾਲ ਫਸਿਆ ਹੋਇਆ ਹੈ। ਉਨ੍ਹਾਂ ਤਿੰਨ ਮਿੰਟਾਂ ਵਿੱਚ ਕੀ ਹੋਇਆ – ਉਹ ਦੱਸਦਾ ਹਾਂ।

ਜਿੱਥੇ ਅਸੀਂ ਡਿੱਗੇ, ਉੱਥੇ, ਕਾਫ਼ੀ ਨ੍ਹੇਰਾ ਸੀ। ਉਦੋਂ ਬਰੂਆ ਨੇ ਤਾੜੀ ਮਾਰੀ ਅਤੇ ਇੱਕ ਨੀਲੀ ਜਿਹੀ ਰੌਸ਼ਨੀ ਫੈਲ ਗਈ। ਮੈਂ ਦੇਖਿਆ ਕਿ ਉੱਥੇ ਵੀ ਕਾਫ਼ੀ ਧੂੰਆਂ ਸੀ। ਬਰੂਆ ਮੇਰੇ ਵੱਲ ਵੇਖ ਕੇ ਮੁਸਕਰਾਇਆ। "ਅਬ ਤੁਮ ਜੋ ਦੇਖੇਗਾ... ਵੋ ਕਿਸੀ ਕੋ ਨਹੀਂ ਬਤਾਏਗਾ!" ਇਹ ਗੱਲ ਉਸ ਨੇ ਹੁਕਮ ਦੀ ਤਰ੍ਹਾਂ ਕਹੀ। ਮੈਂ ਸਿਰ ਹਿਲਾ ਦਿੱਤਾ। ਉਸ ਨੇ ਹੱਥ ਹਿਲਾਇਆ ਤਾਂ ਧੂੰਆਂ ਥੋੜ੍ਹਾ ਜਿਹਾ ਹਟਿਆ। ਸਾਹਮਣੇ, ਸੱਚ-ਮੁੱਚ, ਕ੍ਰਿਕਟ ਦੇ ਮੈਦਾਨ ਵਰਗਾ ਕੁਝ ਸੀ, ਪਰ ਬਹੁਤ ਧੁੰਦਲਾ। "ਧਿਆਨ ਸੇ ਦੇਖੋ... ਯਹ ਲੰਦਨ ਕਾ ਮੈਦਾਨ ਲਾਰਡਸ ਹੈ। ਵੋ ਦੇਖੋ... ਮੋਹਿੰਦਰ ਅਮਰਨਾਥ ਮਾਇਕਲ ਹੋਲਡਿੰਗ ਕੋ ਬਾਲ ਫੇਂਕਨੇ ਜਾ ਰਹਾ ਹੈ..." ਬਰੂਆ ਨੇ ਇਸ਼ਾਰਾ ਕੀਤਾ ਅਤੇ ਧੁੰਦਲਕੇ ਵਿੱਚ ਮੈਂ ਧਿਆਨ ਲਾਇਆ ਤਾਂ ਉਸ ਦੀ ਗੱਲ ਸੱਚ ਲੱਗੀ। ਪਰ ਅਜਿਹਾ ਕਿਵੇਂ? "ਯਹ ਸੱਚ ਹੈ?" ਮੈਂ ਪੁੱਛਿਆ। ਬਰੂਆ ਹੱਸਿਆ ਅਤੇ ਕਹਿੰਦਾ, "ਜੋ ਦਿਖਤਾ ਹੈ ਵੋ ਸਚ ਨਹੀਂ ਹੈ ਤੋ ਕਯਾ ਸਚ ਹੈ? ਤੁਮਹੇਂ ਕਯਾ ਲਗਤਾ ਹੈ?" ਮੈਂ ਵੀ ਹਵਾ ਵਿੱਚ ਹੱਥ ਲਹਿਰਾਇਆ ਅਤੇ ਸੋਚਣ ਦੀ ਕੋਸ਼ਿਸ਼ ਕੀਤੀ ਕਿ ਕੀ ਇਹ ਹੋ ਸਕਦਾ ਹੈ? ਉਦੋਂ ਤੱਕ ਅਮਰਨਾਥ ਨੇ ਆਖ਼ਰੀ ਵਿਕੇਟ ਉਡਾ ਦਿੱਤੀ ਸੀ ਅਤੇ ਮੇਰੇ ਸਾਹਮਣੇ, ਉਸ ਦੂਰ ਦਿਸ ਰਹੇ ਮੈਦਾਨ ਵਿੱਚ ਭਾਰਤ ਵਿਸ਼ਵ ਕੱਪ ਜਿੱਤ ਗਿਆ ਸੀ। ਕਪਿਲ ਦੇਵ ਸੱਚ ਮੁੱਚ ਭੱਜ ਰਿਹਾ ਸੀ। ਉਸੇ ਤਰ੍ਹਾਂ ਜਿਵੇਂ ਮੈਂ ਕਈ ਵਾਰ ਟੀਵੀ ਉੱਤੇ ਦੇਖ ਚੁੱਕਾ ਸੀ। ਲੰਦਨ ਦੇ ਭਾਰਤੀ ਵੀ ਮੈਦਾਨ ਵਿੱਚ ਉਤਰ ਆਏ ਸਨ ਅਤੇ... ਅਵਾਜ਼? "ਅਵਾਜ਼ ਕਿੱਥੇ ਹੈ?" ਮੈਂ ਪੁੱਛਿਆ, "ਅਵਾਜ਼ ਕਿਉਂ ਨਹੀਂ ਆ ਰਹੀ? ਸਭ ਇਤਨਾ ਸ਼ਾਂਤ ਕਿਉਂ ਹੈ?" ਬਰੂਆ ਮੇਰੇ ਸਵਾਲ ਤੋਂ ਖੁਸ਼ ਹੋਇਆ ਅਤੇ ਮੋਢਾ ਥਪਥਪਾਉਂਦਾ ਬੋਲਿਆ, "ਹਿਸਟਰੀ ਕੀ ਆਵਾਜ਼ ਕੋ ਪਕੜਨਾ ਮੁਸ਼ਕਿਲ ਹੈ। ਆਵਾਜ਼ ਸਮੇਂ ਮੇਂ ਕੈਦ ਨਹੀਂ ਰਹਿਤਾ!" ਸਭ ਸੁਪਨੇ ਵਰਗਾ ਲੱਗ ਰਿਹਾ ਸੀ। ਥੋੜ੍ਹਾ ਜਿਹਾ ਨਕਲੀ ਜਿਹਾ। ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਸੋਚਦਾ, ਬਰੂਆ ਬੋਲ ਪਿਆ, "ਚਲੋ... ਵਾਪਿਸ ਜਾਨੇ ਕਾ ਟਾਈਮ ਹੋ ਗਿਆ!" "ਔਰ ਕਪਿਲ ਦੇਵ? ਉਸ ਸੇ ਭੀ ਤੋ ਮਿਲਨਾ ਹੈ?" ਮੈਂ ਜੋਸ਼ ਨਾਲ਼ ਕਿਹਾ। ਪਹਿਲੀ ਵਾਰ ਮੈਂ ਬਰੂਆ ਨੂੰ ਥੋੜ੍ਹਾ ਝਿਜਕਦਿਆਂ ਵੇਖਿਆ... ਜਾਂ ਸ਼ਾਇਦ ਪਰੇਸ਼ਾਨ।

ਉਹ ਇੱਕ ਪਲ ਲਈ ਠਿਠਕਿਆ, ਫੇਰ ਹਵਾ ਵਿੱਚ ਪਹਿਲਾਂ ਵਾਂਗ ਹੱਥ ਹਿਲਾਇਆ ਅਤੇ ਇੱਕ ਛੋਟਾ ਜਿਹਾ ਕ੍ਰਿਕਟ ਬੈਟ ਕਿਤੋਂ ਧੂੰਏਂ ਵਿੱਚੋਂ ਖਿੱਚ ਲਿਆਇਆ। ਉਸ ਉੱਤੇ ਇੱਕ ਆਟੋਗਰਾਫ਼ ਪਹਿਲਾਂ ਤੋਂ ਹੀ ਹੈ ਸੀ। "ਯਹੀ ਹੈ ਕਪਿਲ ਦੇਵ ਕਾ ਆਟੋਗਰਾਫ਼। ਬਸ ਯਹੀ ਮਿਲੇਗਾ। ਉਸਸੇ ਮਿਲਨਾ ਮੁਸ਼ਕਿਲ ਹੈ," ਉਸ ਨੇ ਮੈਨੂੰ ਬੱਲਾ ਫੜਾਂਦਿਆਂ ਕਿਹਾ। "ਪਰ ਯਹ ਧੂੰਆਂ? ਕਯਾ ਹਮ ਸਚ ਮੇਂ ਇਤਿਹਾਸ ਮੇਂ ਆਏ ਹੈਂ?" ਮੈਂ ਜਲਦੀ ਜਲਦੀ ਪੁੱਛਿਆ ਕਿਉਂਕਿ ਬਰੂਆ ਮੇਰਾ ਹੱਥ ਕੱਸ ਕੇ ਫੜ ਚੁੱਕਾ ਸੀ ਅਤੇ ਅਸੀਂ ਅਗਲੇ ਹੀ ਪਲ ਵਾਪਸ ਜਾਣ ਵਾਲ਼ੇ ਸੀ। ਮੇਰੇ ਇਸ ਆਖ਼ਰੀ ਸਵਾਲ ਉੱਤੇ ਬਰੂਆ ਜ਼ੋਰ ਦੀ ਹੱਸਿਆ। ਇੱਥੋਂ ਤੱਕ ਕਿ ਮੇਰਾ ਹੱਥ ਵੀ ਛੱਡ ਦਿੱਤਾ। ਫਿਰ ਝੁਕ ਕੇ ਮੇਰੇ ਕੰਨ ਵਿੱਚ ਕਹਿੰਦਾ, "ਜਾਦੂ ਜਾਨਨੇ ਕੀ ਨਹੀਂ, ਦੇਖਨੇ ਕੀ ਚੀਜ਼ ਹੈ। ਫਿਰ ਭੀ, ਬਸ ਇਤਨਾ ਬਤਾ ਸਕਤਾ ਹੂੰ ਕਿ ਜੋ ਯਹਾਂ ਦਿਖ ਰਹਾ ਹੈ ਵਹ ਸਿਰਫ਼ ਹਿਸਟਰੀ ਨਹੀਂ, ਅਤੇ ਸਿਰਫ਼ ਮੈਜਿਕ ਨਹੀਂ... ਦੋਨੋਂ ਹੈ। ਕਯਾ ਸਮਝਾ ਲੌੜਕਾ? ਹਾ ਹਾ ਹਾ..." ਤੇ ਉਹ ਫੇਰ ਹੱਸ ਪਿਆ। ਅਚਾਨਕ ਤੇਜ਼ ਰੌਸ਼ਨੀ ਮੇਰੀਆਂ ਅੱਖਾਂ ਉੱਤੇ ਪਈ। ਮੈਂ ਵੇਖਿਆ ਮੈਂ ਵਾਪਸ ਉਸੇ ਸਟੇਜ ਉੱਤੇ ਖੜ੍ਹਾ ਸੀ ਜਿੱਥੋਂ ਅਸੀਂ ਉਸ ਅਜੀਬ ਜਿਹੀ ਦੁਨੀਆ ਵਿੱਚ ਗਏ ਸੀ। ਲੋਕ ਤਾੜੀਆਂ ਵਜਾ ਰਹੇ ਸੀ ਅਤੇ ਮੇਰੇ ਹੱਥ ਵਿੱਚ ਕਪਿਲ ਦੇਵ ਦੇ ਹਸਤਾਖ਼ਰ ਵਾਲ਼ਾ ਬੱਲਾ ਸੀ। ਮੇਰਾ ਭਰਾ ਭੱਜ ਕੇ ਮੇਰੇ ਕੋਲ਼ ਆਇਆ ਅਤੇ ਗਲ਼ ਨਾਲ਼ ਚੰਬੜ ਕੇ ਬੋਲਿਆ, "ਗਏ ਥੇ? ਸਚ ਮੇਂ? ਬੋਲੋ ਨਾ... ਕਿਆ ਦੇਖਾ? ਬੋਲੋ ਨਾ?" ਮੈਂ ਕਾਫ਼ੀ ਦੇਰ ਤੱਕ ਕੁਝ ਬੋਲ ਨਾ ਸਕਿਆ। ਸੱਚ ਕਹਾਂ ਤਾਂ ਭਰਾ ਤੋਂ ਬਿਨਾਂ ਕਿਸੇ ਹੋਰ ਨੂੰ ਮੈਂ ਬਹੁਤ ਦਿਨਾਂ ਤੱਕ ਪੂਰੀ ਗੱਲ ਨਾ ਦੱਸੀ। ਤਕਰੀਬਨ ਇੱਕ ਸਾਲ ਬਾਅਦ, ਪਾਪਾ ਨੇ ਇੱਕ ਅਖ਼ਬਾਰ ਦਿਖਾਉਂਦਿਆਂ ਕਿਹਾ, "ਇਹ ਵੇਖੋ... ਉਹੀ ਬਰੂਆ...! ਇਤਿਹਾਸ ਵਿੱਚ ਜਾਣ ਵਾਲ਼ਾ ਜਾਦੂਗਰ ਫੜਿਆ ਗਿਆ ਹੈ। ਪੁਲਿਸ ਨੇ ਦੱਸਿਆ ਹੈ ਕਿ ਉਹ ਦੁਰਗਾ ਪੂਜਾ ਦੇ ਪੰਡਾਲ ਹੇਠਾਂ ਆਪਣਾ ਸਮਾਨ ਲੁਕੋ ਕੇ ਰੱਖਦਾ ਸੀ ਤੇ ਸਿੱਧੇ ਸਾਦੇ ਲੋਕਾਂ ਨੂੰ ਲੈ ਕੇ ਉਸ ਤਹਿਖ਼ਾਨੇ ਵਿੱਚ ਡਿੱਗ ਜਾਂਦਾ ਸੀ।"

ਮੈਂ ਜਾਣਦਾ ਹਾਂ ਤੁਸੀਂ ਲੋਕ ਹੁਣ ਇਹੀ ਕਹੋਗੇ ਕਿ ਬਰੂਆ ਨੇ ਮੈਨੂੰ ਵੀ ਉੱਲੂ ਬਣਾਇਆ। ਕਿਸੇ ਤਹਿਖ਼ਾਨੇ ਵਿੱਚ ਸੁੱਟਿਆ ਅਤੇ ਨਕਲੀ ਬੱਲਾ ਫੜਾ ਕੇ ਖੁਸ਼ ਕਰ ਦਿੱਤਾ। ਪਰ ਮੇਰਾ ਮਨ ਕਹਿੰਦਾ ਹੈ, ਕਿ ਮੈਂ ਜੋ ਵੇਖਿਆ ਉਹ ਬੱਸ ਕੋਈ ਤਹਿਖ਼ਾਨਾ ਨਹੀਂ ਸੀ। ਬਰੂਆ ਤੋਂ ਆਉਂਦੇ ਡਰ, ਉਸ ਦੇ ਹਾਸੇ ਤੇ ਆਪਣੀ ਖ਼ੁਸ਼ੀ ਨੂੰ ਵੇਖਾਂ ਤਾਂ ਮੇਰੇ ਦਿਲ ਵਿੱਚ ਉਸ ਲਈ ਇੱਜ਼ਤ ਬਿਨਾਂ ਕਾਰਨ ਤਾਂ ਨਹੀਂ ਹੋ ਸਕਦੀ। ਹੋ ਸਕਦਾ ਹੈ ਮੈਂ ਹਾਲੇ ਵੀ ਗ਼ਲਤ ਹੋਵਾਂ!

ਅਨੁਵਾਦ: ਸਤਦੀਪ ਗਿੱਲ ਕਿਤਾਬ- 'ਰੇਡੀਓ', ਲੇਖਕ ਵਰੁਣ ਗਰੋਵਰ,ਪਟਕਥਾ ਲੇਖਕ ਅਤੇ ਗੀਤਕਾਰ, ਪ੍ਰਕਾਸ਼ਕ: Kirrt Foundation

# ਬਰਫ਼ੀਲੇ ਡਾਲਰ -1 ਗੁਰਮੇਲ ਬੀਰੋਕੇ

## ਜ਼ਿੰਦਗੀ

**ਧਰਤੀ** ਉਤਲੇ ਸਮੁੱਚੇ ਜੀਵਾਂ ਵਿੱਚੋਂ ਮਨੁੱਖ ਇੱਕ ਐਸਾ ਜੀਵ ਹੈ ਜਿਹੜਾ ਜੀਵਨ-ਰੂਪੀ ਮਸ਼ੀਨ ਦੇ ਕਲ-ਪੁਰਜ਼ਿਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਇਹ ਮਸ਼ੀਨ ਨੂੰ ਰੈਲਾ ਰੱਖਣ ਵਾਸਤੇ ਤਰ੍ਹਾਂ-ਤਰ੍ਹਾਂ ਦੇ ਗਰੀਸ ਨਾਲ **ਵਾਂਗ**ਦਾ ਰਹਿੰਦਾ ਹੈ।

...ਅਮਨ ਨੂੰ ਜਦ ਪਹਿਲੀ ਵਾਰੀ ਉਹਦਾ ਬਾਪੂ ਸਕੂਲ ਛੱਡਣ ਗਿਆ ਸੀ ਤਾਂ ਉਹਦੇ ਬਾਪੂ ਦੇ ਮੂੰਹੋਂ ਪਹਿਲਾ ਵਾਕ ਇਹ ਨਿਕਲਿਆ, "ਤੂੰ ਜ਼ੋਰ ਲਾ ਕੇ ਪੜ੍ਹੀਂ, ਤੇਰੀ ਜ਼ਿੰਦਗੀ ਬਣਜੂ।" ਉਸ ਨੇ ਬਹੁਤ ਜ਼ੋਰ ਲਾਇਆ ਪੜ੍ਹਨ ਵਾਸਤੇ, ਹਰੇਕ ਜਮਾਤ ਵਿੱਚੋਂ ਪਹਿਲੇ ਦਰਜੇ ਵਿੱਚ ਪਾਸ ਹੁੰਦਾ ਰਿਹਾ। ਜਦ ਪੰਜਵੀਂ ਜਮਾਤ ਵਿੱਚ ਪਹੁੰਚਿਆ ਤਾਂ ਅਧਿਆਪਕ ਦੇ ਮੂੰਹੋਂ ਉਸ ਨੇ ਆਪਣੇ ਬਾਪ ਵਾਂਗਰ ਜ਼ਿੰਦਗੀ ਵਾਲਾ ਵਾਕ ਦੁਬਾਰਾ ਸੁਣਿਆ, "ਪੁੱਤਰੋ, ਬੋਡੇ ਬੋਰਡ ਦੇ ਇਮਤਿਹਾਨ ਨੇ- ਐਤਕੀਂ, ਜ਼ੋਰ ਲਾ ਕੇ ਪੜ੍ਹੋ, ਅੱਛੇ ਨੰਬਰ ਲਓ, ਬੋਡੀ ਜ਼ਿੰਦਗੀ ਬਣ ਜਾਊ।"

ਉਹ ਵਧੀਆ ਨੰਬਰਾਂ ਨਾਲ ਪੰਜਵੀਂ ਪਾਸ ਕਰ ਗਿਆ।

ਅੱਗੇ ਜਾ ਕੇ ਅੱਠਵੀਂ ਜਮਾਤ ਫਿਰ ਬੋਰਡ ਦੀ ਆ ਗਈ। ਉਹੀ ਗੱਲਾਂ ਫਿਰ ਹੋਣ ਲੱਗੀਆਂ, "ਇਸ ਵਾਰ ਚੰਗੇ ਨੰਬਰ ਲਓ, ਜ਼ਿੰਦਗੀ ਬਣਜੂ।" ਅਮਨ ਨੇ ਮਿਹਨਤ ਕਰ ਕੇ ਫ਼ਸਟ ਡਵੀਜ਼ਨ ਲੈ ਲਈ।

ਦਸਵੀਂ ਜਮਾਤ ਚੱਲ ਪਈ। ਜ਼ਿੰਦਗੀ ਬਣਾਉਣ ਵਾਲਾ ਰਾਗ ਫਿਰ ਗੂੰਜ ਪਿਆ। ਚੱਲ ਸੋ ਚੱਲ, ਉਸ ਨੇ ਐਨਾ ਜ਼ੋਰ ਲਾਇਆ ਕਿ ਪੂਰੇ ਮਾਨਸਾ ਜ਼ਿਲ੍ਹੇ ਵਿੱਚੋਂ ਅੱਵਲ ਆ ਗਿਆ।

ਉਸ ਤੋਂ ਬਾਅਦ ਹਰ ਇੱਕ ਹੀ ਉਸ ਨੂੰ ਕਹਿਣ ਲੱਗਿਆ, "ਤੇਰਾ ਦਿਮਾਗ ਬਹੁਤ ਵੱਡੈ, ਤੂੰ ਹੁਣ ਮੈਡੀਕਲ ਦੀ ਪੜ੍ਹਾਈ ਕਰ, ਡਾਕਟਰ ਬਣਜੇਂਗਾ, ਤੇਰੀ ਜ਼ਿੰਦਗੀ ਬਣ ਜਾਊ।"

ਦੱਸਣ ਵਾਲਿਆਂ ਨੂੰ ਜੇ ਸਹੀ ਢੰਗ ਨਾਲ ਰਾਹ ਨਾ ਦੱਸਣਾ ਆਵੇ ਤਾਂ ਮੁਸਾਫ਼ਰ ਭਟਕ ਜਾਂਦਾ ਹੈ। ਇਹੋ ਉਸ ਨਾਲ ਹੋਈ। ਮਾਨਸਾ ਕਾਲਜ ਵਿੱਚ ਮੈਡੀਕਲ ਪੜ੍ਹਨ ਜਾ ਲੱਗਿਆ। ਨਾ ਹੀ ਕਾਲਜ ਵਿੱਚ ਅਧਿਆਪਕ ਪੂਰੇ, ਨਾ ਹੀ ਪੂਰੀਆਂ ਪ੍ਰਯੋਗਸ਼ਾਲਾਵਾਂ, ਨਾ ਹੀ ਪੜ੍ਹਨ ਦਾ ਮਹੌਲ ਤੇ ਨਾ ਹੀ ਪੜ੍ਹਨ ਵਾਲੇ ਵਿਦਿਆਰਥੀ। ਉਹ ਐਸਾ ਭਟਕਿਆ ਕਿ ਮੈਡੀਕਲ ਕਾਲਜ ਨਾ ਜਾ ਸਕਿਆ। ਪਰ ਉਹਨੇ ਆਸ ਨਾ ਛੱਡੀ। ਉਹਦੇ ਮਨ ਵਿੱਚ ਸੀ ਕਿ 'ਜ਼ੋਰ ਲਾ, ਮਿਹਨਤ ਕਰ, ਫੇਰ ਜ਼ਿੰਦਗੀ ਬਣਜੂ'। ਅਖੀਰ ਨੂੰ ਉਹ ਖੇਤੀਬਾੜੀ ਯੂਨੀਵਰਸਿਟੀ ਪੜ੍ਹਨ ਜਾ ਲੱਗਾ। ਉੱਥੇ ਫਿਰ ਉਹੋ ਜਿਹੇ ਹੀ ਅਧਿਆਪਕ ਮਿਲ ਗਏ ਜਿਹੜੇ ਕਹਿੰਦੇ ਸਨ, "ਪੁੱਤਰੋ, ਜ਼ੋਰ ਲਾਓ, ਚੰਗੇ ਨੰਬਰ ਲਓ, ਬੋਡੀ ਜ਼ਿੰਦਗੀ ਬਣਜੂ।"

ਬੀ. ਐਸਸੀ. ਐਗਰੀਕਲਚਰ ਖ਼ਤਮ ਕਰ ਕੇ ਉਸ ਨੇ ਐਮ. ਐਸਸੀ. ਐਗਰੀਕਲਚਰ ਵਿੱਚ ਦਾਖਲਾ ਲੈ ਲਿਆ। ਫਿਰ ਆਲ਼ਾ-ਦੁਆਲ਼ਾ ਗੂੰਜਿਆ, "ਮੁੰਡਾ ਐਮ. ਐਸਸੀ. ਐਗਰੀਕਲਚਰ ਕਰਦੈ, ਇਹਦੀ ਤਾਂ ਜ਼ਿੰਦਗੀ ਬਣਜੂ।" ਔਖਾਂ ਕੱਟ-ਕੱਟ ਕੇ, ਖੋਜ ਵਾਸਤੇ ਫ਼ਸਲਾਂ ਬੀਜ-ਬੀਜ ਕੇ ਤੇ ਵੱਢ-ਵੱਢ ਕੇ, ਅਧਿਆਪਕਾਂ ਦੀਆਂ ਝਿੜਕਾਂ ਸਹਿ-ਸਹਿ ਕੇ, ਰਾਤਾਂ ਨੂੰ ਜਾਗ-ਜਾਗ ਕੇ ਤੇ ਲਾਇਬਰੇਰੀ ਵਿੱਚ ਕਿਤਾਬਾਂ ਨਾਲ ਮੱਥਾ ਮਾਰ-ਮਾਰ ਕੇ ਉਹ ਐਮ. ਐਸਸੀ. ਐਗਰੀਕਲਚਰ ਕਰ ਗਿਆ।

ਯੂਨੀਵਰਸਿਟੀ ਵਿੱਚੋਂ ਨਿਕਲ ਕੇ ਉਹ ਇੱਕ ਪੈਸਟੀਸਾਈਡ ਕੰਪਨੀ ਵਿੱਚ ਨੌਕਰੀ ਕਰਨ ਲੱਗ ਪਿਆ। ਕੰਪਨੀ ਦੀ ਜੀਪ ਲੈ ਕੇ ਜਦ ਉਹ ਪਿੰਡ ਆਉਂਦਾ ਤਾਂ ਪਿੰਡ ਦੇ ਲੋਕ ਕਹਿੰਦੇ, "ਚਲ ਪ੍ਰਾਈਵੇਟ ਨੌਕਰੀ ਤਾਂ ਮਿਲਗੀ, ਹੌਲੀ-ਹੌਲੀ ਸਰਕਾਰੀ ਮਿਲਜੂ, ਏਸ ਮੁੰਡੇ ਦੀ ਜ਼ਿੰਦਗੀ ਬਣਜੂ।" ਜ਼ਿੰਦਗੀ ਦੇ 'ਬਣਦੇ-ਬਣਦੇ' ਹੀ, ਉਸ ਦਾ ਵਿਆਹ ਹੋ ਗਿਆ। ਕੁਝ ਸਮੇਂ ਪਿੱਛੋਂ ਇੱਕ ਬੱਚਾ ਵੀ ਹੋ ਗਿਆ।

...ਘੱਟ ਤਨਖ਼ਾਹ ਤੇ ਬਹੁਤੇ ਕੰਮ ਦੀ ਮਾਰ ਨੇ ਅਮਨ ਦਾ ਕਚੂਮਰ ਕੱਢ ਦਿੱਤਾ।

ਅੱਕ ਕੇ ਉਸ ਨੇ ਇੱਕ ਦਿਨ ਆਪਣੇ ਬਾਪੂ ਨੂੰ ਕਿਹਾ, "ਬਾਪੂ, ਖੇਤੀ ਦਾ ਝੋਨੇ ਤੇ ਕਣਕ ਆਲ਼ਾ ਚੱਕਰ ਛੱਡ




**ਦੋ ਸ਼ਬਦ** : ਧਰਤੀ ਉਤਲੇ ਸਮੁੱਚੇ ਜੀਵਾਂ ਵਿੱਚੋਂ ਮਨੁੱਖ ਇੱਕ ਐਸਾ ਜੀਵ ਹੈ ਜਿਹੜਾ ਜੀਵਨ-ਰੂਪੀ ਮਸ਼ੀਨ ਦੇ ਕਲ-ਪੁਰਜ਼ਿਆਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਇਹ ਮਸ਼ੀਨ ਨੂੰ ਰੈੜਾ ਰੱਖਣ ਵਾਸਤੇ ਤਰ੍ਹਾਂ-ਤਰ੍ਹਾਂ ਦੇ ਗਰੀਸ ਨਾਲ ਵਾਂਗਦਾ, ਚਿਕਣਾ ਕਰਦਾ ਰਹਿੰਦਾ ਹੈ।

ਧਰਤੀ ਉੱਤੇ ਸਭ ਤੋਂ ਸ਼ਕਤੀਸ਼ਾਲੀ ਤੇ ਚਲਾਕ ਪ੍ਰਾਣੀ ਮਨੁੱਖ ਹੈ, ਸਾਰੇ ਮਨੁੱਖਾਂ ਦੀਆਂ ਸੱਭੇ ਕੁਦਰਤੀ ਕਿਰਿਆਵਾਂ ਤੇ ਜ਼ਿੰਦਗੀ ਦੀਆਂ ਲੋੜਾਂ ਬਰਾਬਰ ਹਨ। ਇੱਥੇ ਆਸਤਿਕਤਾ ਤੇ ਨਾਸਤਿਕਤਾ, ਦੋ ਵਿਸ਼ਵਾਸ ਹਨ। ਮਨੁੱਖ ਦੁਆਰਾ ਪੂਰੇ ਬ੍ਰਹਿਮੰਡ ਦੀ ਅਮਲੀ ਤੌਰ 'ਤੇ ਛਾਣਬੀਣ ਮੁਕੰਮਲ ਹੋ ਜਾਣ ਤੋਂ ਬਾਅਦ, ਸਿਰਫ਼ ਇੱਕ ਵਿਸ਼ਵਾਸ ਹੀ ਬਚੇਗਾ। ...ਅੱਜ ਮਨੁੱਖਤਾ ਬਹੁਤ ਭੈੜੀ ਆਰਥਿਕ ਗ਼ੁਲਾਮੀ ਹੰਢਾ ਰਹੀ ਹੈ। ਜੇ ਆਸਤਿਕ ਤੇ ਨਾਸਤਿਕ ਮਨੁੱਖ ਇਕੱਠੇ ਹੋ ਕੇ ਜੀਵਨ ਦੀ ਖ਼ੂਬਸੂਰਤੀ ਲਈ ਜੁਟ ਜਾਣ ਤਾਂ ਨੀਲੇ ਗ੍ਰਹਿ ਉੱਤੋਂ ਦੁੱਖਾਂ ਤੇ ਕਲੇਸ਼ਾਂ ਦਾ ਨਾਸ ਹੋ ਸਕਦਾ ਹੈ। ਕਹਿੰਦੇ ਨੇ ਕਿ ਵੀਹ ਤੋਂ ਤੀਹ ਸਾਲਾਂ ਦੇ ਬਾਅਦ ਪੀੜ੍ਹੀ ਬਦਲ ਜਾਂਦੀ ਹੈ। ਜਿਹੜੇ ਇਸ ਸਦੀ ਦੇ ਸ਼ੁਰੂ ਵਿੱਚ ਕੈਨੇਡਾ ਆਏ, ਉਹਨਾਂ ਨੇ ਆਪਣੇ ਅੱਖੀਂ ਇੱਥੇ ਬਹੁਤ ਕੁਛ ਬਦਲਦਾ ਦੇਖਿਆ ਹੈ। ਇੱਕ ਗੱਲ ਇਹ ਵੀ ਕਹੀ ਜਾਂਦੀ ਹੈ ਕਿ ਹਰੇਕ ਅੱਖ ਸਭ ਕੁਛ ਦੇਖਣ ਵਾਲੀ ਨਹੀਂ ਹੁੰਦੀ। ਮੇਰਾ ਇੱਕ ਪਹਿਚਾਣ ਵਾਲਾ ਇੱਕ

ਕੇ ਆਪਾਂ ਹੋਰ ਕੋਈ ਫ਼ਸਲ ਬੀਜ ਲਿਆ ਕਰੀਏ ਤਾਂ ਵਧੀਆ ਰਹੂ। ਨਾਲੇ ਮੈਂ ਆਹ ਪ੍ਰਾਈਵੇਟ ਨੌਕਰੀ ਛੱਡ ਕੇ ਅਜੋਕੇ ਸਾਇੰਸ ਦੇ ਤਰੀਕੇ ਨਾਲ ਖੇਤੀ ਕਰਨਾ ਚਾਹੁੰਨਾਂ।''

ਬਾਪੂ ਪੈ ਗਿਆ ਭੀਸਰੀ ਗਾਂ ਵਾਂਗ, ''ਓਏ, ਮੈਂ ਤੈਨੂੰ ਖੇਤੀ ਕਰਨ ਨੂੰ ਪੜ੍ਹਾਇਐ? ...ਖੇਤੀ ਕਰੂ ਏਹ ਵੱਡਾ ਨਗੌਰੀ ...ਕੰਨ ਖੋਲ੍ਹ ਕੇ ਸੁਣਲੈ, ਜੇ ਤੈਂ ਖੇਤੀ ਕਰਨੀ ਐ, ਆਪਦੀ ਜ਼ਮੀਨ ਖ਼ਰੀਦ ਕੇ ਕਰਲੀਂ। ਮੈਂ ਨੀਂ ਤੈਨੂੰ ਆਵਦੀ ਜ਼ਮੀਨ 'ਚ ਪੈਰ ਧਰਨ ਦਿੰਦਾ। ਬਣਿਐ ਸਾਇੰਸ ਦੀ ਖੇਤੀ ਕਰਨ ਆਲ਼ਾ। ਹੂੰ!...'' ਬਾਪੂ ਹੋਰ ਪਤਾ ਨਹੀਂ ਕੀ-ਕੀ ਬੋਲੀ ਗਿਆ।

ਬਾਪੂ ਆਪਣੀ ਥਾਂ ਠੀਕ ਸੀ। ਉਹ ਨਵੇਂ ਤਜਰਬੇ ਤੋਂ ਡਰਦਾ ਸੀ। ਜ਼ਿੰਦਗੀ ਦੀ ਮਸ਼ੀਨ ਦੇ ਪਹੀਆਂ ਨੂੰ ਇੱਕੋ ਲੀਹੇ ਵਿੱਚ ਤੋਰਨਾ ਬਹੁਤ ਸੁਖਾਲ਼ਾ ਹੈ, ਲੀਹਾਂ ਪਾੜ ਕੇ ਇਹ ਮਸ਼ੀਨ ਪਤਾ ਨਹੀਂ ਕਿਧਰ ਨੂੰ ਤਿਲਕ ਜਾਵੇ?

...ਉਹਨੀਂ ਦਿਨੀਂ ਅਮਨ ਦੇ ਯੂਨੀਵਰਸਿਟੀ ਵਾਲੇ ਕਈ ਅਧਿਆਪਕ ਪੌਇੰਟ ਸਿਸਟਮ ਉੱਤੇ ਅਸਟ੍ਰੇਲੀਆ ਤੇ ਕੈਨੇਡਾ ਨੂੰ ਉਡਾਰੀਆਂ ਮਾਰਨ ਲੱਗੇ। ਉਹਨਾਂ ਦੇ ਮਗਰ ਜਦ ਉਹ ਵੀ ਆਪਣਾ ਪਰਿਵਾਰ ਲੈ ਕੇ ਕੈਨੇਡਾ ਨੂੰ ਤੁਰਨ ਲੱਗਾ ਤਾਂ ਹਰੇਕ ਦੀ ਜ਼ੁਬਾਨ ਉੱਤੇ ਇਹੋ ਹੀ ਸੀ, ''ਮੁੰਡੇ ਦੀ ਜ਼ਿੰਦਗੀ ਬਣਗੀ!''

ਕੈਨੇਡਾ ਆ ਕੇ ਉਹ ਨਰਸਰੀ ਵਿੱਚ ਕੰਮ ਕਰਨ ਲੱਗ ਪਿਆ। ਬਰਫ਼ਾਂ ਵਿੱਚੋਂ ਬਰਫ਼ੀਲੇ ਡਾਲਰ ਚੁਗਣ ਲੱਗ ਪਿਆ। ਲੋਕਾਂ ਦੇ ਆਖਣ ਵਾਂਗੂੰ, ਕੈਨੇਡਾ ਵਿੱਚ ਜ਼ਿੰਦਗੀ ਬਣਾਉਣ ਲੱਗ ਪਿਆ।

ਜ਼ਿੰਦਗੀ ਬਣਾਉਂਦੇ-ਬਣਾਉਂਦੇ ਅਮਨ ਨੇ ਬਹੁਤ ਕੁਛ ਪੜ੍ਹਿਆ। ਕਿਤਾਬਾਂ ਨੇ ਉਸ ਨੂੰ ਐਨਾ ਕੁ ਸਿਖਾ ਦਿੱਤਾ ਕਿ ਕੁਦਰਤ ਨੇ ਜ਼ਿੰਦਗੀ ਬਹੁਤ ਹੀ ਸਰਲ ਤੇ ਸੌਖੀ ਬਣਾਈ ਹੈ। ਅਜੋਕੇ ਸਮੇਂ ਵਿੱਚ ਬਹੁਤੇ ਰਾਜਨੀਤਿਕ ਲੋਕ, ਧਰਮ ਦਾ ਝੂਠਾ ਰੰਗ ਚੜ੍ਹਾਈ ਫਿਰਦੇ ਅਖੌਤੀ ਨੇਤਾ ਅਤੇ ਕਾਰਪੋਰੇਟ-ਵਾਦ ਦੇ ਪ੍ਰਾਣੀ, ਹੱਥੀਂ ਕਿਰਤ ਕਰਨ ਵਾਲਿਆਂ ਦੀ ਜ਼ਿੰਦਗੀ ਦੀ ਮਸ਼ੀਨ ਨੂੰ ਆਪਣੇ ਫ਼ਾਇਦੇ ਵਾਸਤੇ ਚਲਾਉਣਾ ਚਾਹੁੰਦੇ ਨੇ ਤੇ ਚਲਾ ਰਹੇ ਨੇ। ਇਹ ਕਦੇ ਵੀ ਇਸ ਮਸ਼ੀਨ ਨੂੰ ਰੈਲ਼ਾ ਨਹੀਂ ਚੱਲਣ ਦਿੰਦੇ।

## ਦੋ ਸ਼ਬਦ... (ਬਾਕੀ)

ਦਿਨ ਮੈਨੂੰ ਪੁੱਛੇ ਕਿ ਵੈਨਕੂਵਰ ਤੋਂ ਚਿਲਾਵੈਕ ਸ਼ਹਿਰ ਕਿਹੜੇ ਪਾਸੇ ਹੈ। ਉਸ ਨੂੰ ਇੱਥੇ ਰਹਿੰਦਿਆਂ ਵੀਹ ਸਾਲਾਂ ਤੋਂ ਵੱਧ ਸਮਾਂ ਹੋ ਚੁੱਕਾ ਹੈ। ਮੈਂ ਆਪਣੇ ਕੰਮ ਵਾਲੇ ਇੱਕ ਪੰਜਾਬੀ ਸਹਿਯੋਗੀ ਨੂੰ ਪੁੱਛ ਲਿਆ ਕਿ ਤੇਰੇ ਬੱਚੇ (30 ਸਫ਼ਾ ਦੇਖੋ) ਕਿਹੜੀ ਕਿਹੜੀ ਜਮਾਤ ਵਿੱਚ ਪੜ੍ਹਦੇ ਨੇ। ਉਹ ਅੱਗੋਂ ਆਊਂ, ਗਾਊਂ... ਕਰੇ। ਉਸ ਦੇ ਦਿਮਾਗੀ ਕੰਪਿਊਟਰ ਵਿੱਚ ਉਹ ਡਾਟਾ ਡਾਊਨਲੋਡ ਹੀ ਨਹੀਂ ਕੀਤਾ ਹੋਇਆ ਸੀ।

ਇਹੋ ਜਿਹੇ ਇਨਸਾਨ ਵੀ ਦੁਨੀਆ ਦੀ ਸਟੇਜ ਉੱਤੇ ਪਾਤਰ ਹਨ, ਇਹ ਵੀ ਆਪਣਾ ਰੋਲ ਨਿਭਾ ਕੇ ਚਲੇ ਜਾਣਗੇ। ਧਰਤੀ ਘੁੰਮਦੀ ਰਹੇਗੀ।

ਪੰਜਾਬੀ ਲੋਕ ਵੋਟਾਂ ਵਿੱਚ ਜਿੱਤੇ ਲੀਡਰ ਨੂੰ ਬਹੁਤ ਮਹਾਨ ਮੰਨਦੇ ਹਨ, ਜਦ ਕਿ ਇਹ ਕਦੇ ਪੂਰਾ ਸੱਚ ਨਹੀਂ ਹੋ ਸਕਦਾ। ਮੈਂ ਦੇਖਿਆ ਹੈ ਕਿ ਜਿੱਥੇ ਕੈਨੇਡਾ ਦੇ ਜੰਮੇ ਪਲ਼ੇ ਦੋ ਚਾਰ ਗੋਰੇ ਖੜ੍ਹੇ ਗੱਲਾਂ ਕਰ ਰਹੇ ਹੋਣ, ਉਹਨਾਂ ਦੀਆਂ ਗੱਲਾਂ ਦਾ ਵਿਸ਼ਾ ਕੰਮ, ਪਰਿਵਾਰਕ, ਸਮਾਜਿਕ, ਖੇਡਾਂ ਜਾਂ ਕੋਈ ਹੋਰ ਹੁੰਦਾ ਹੈ। ਪੰਜਾਬੀਆਂ ਦੀ ਗੱਲਬਾਤ ਦੇ ਵਿਸ਼ੇ ਕੁਛ ਹੋਰ ਹੀ ਹੁੰਦੇ ਨੇ।

ਕੈਨੇਡਾ ਵਿੱਚ ਪੰਜਾਬੀ ਲੋਕਾਂ ਨੇ ਲੱਛਮੀ ਬਹੁਤ 'ਕੱਠੀ ਕੀਤੀ, ਪਰ ਸਰਸਵਤੀ ਨੂੰ ਘਰਾਂ ਦੇ ਅੰਦਰ ਬਹੁਤ ਘੱਟ ਵੜਨ ਦਿੱਤਾ।

ਅੱਜ ਬਰੈਂਡਾਂ ਦੇ ਦਿਖਾਵੇ ਵਾਲੀ ਦੁਨੀਆ ਹੈ। ਕਾਰਪੋਰੇਟ-ਵਾਦ ਦਾ ਦੱਬਿਆ ਜਗਤ ਹੈ, ਰਾਜਨੀਤਿਕ ਤੇ ਧਾਰਮਿਕ ਲੀਡਰਾਂ ਦੇ ਖੜ੍ਹੇ ਕੀਤੇ ਭੰਬਲਭੂਸੇ ਹਨ।

ਜਦ ਕੋਈ ਮਨੁੱਖ ਆਪਣੀ ਕਰਮ ਤੇ ਜਨਮ ਭੂਮੀ ਵਾਲੇ ਹਿੱਸੇ ਤੋਂ ਬਾਹਰ ਕਿਤੇ ਘੁੰਮਣ ਜਾਂਦਾ ਹੈ ਤਾਂ ਉਹ ਵਧੀਆ ਥਾਂਵਾਂ ਦੇਖਦਾ ਹੈ ਤੇ ਅਨੰਦ ਮਾਣਦਾ ਹੈ। ਉਹ ਅਨੰਦ ਉਸ ਦੇ ਮਨ ਵਿੱਚ ਕੁਤਕੁਤਾਰੀਆਂ ਕੱਢਦਾ ਹੈ। ਫਿਰ ਕੁਛ ਮਨੁੱਖ ਉਹਨਾਂ ਸਵਾਦ ਵਾਲੇ ਪਲਾਂ ਨੂੰ ਕਾਗਜ਼ ਉੱਤੇ ਉਤਾਰ ਦਿੰਦੇ ਹਨ ਤੇ ਲਿਖਤ ਦਾ ਨਾਂ ਹੁੰਦਾ ਹੈ: ਸਫ਼ਰ-ਨਾਮਾ। 'ਸਫ਼ਰ-ਨਾਮਾ' ਵਿੱਚ ਲੋਕਾਂ ਦੀ ਜ਼ਿੰਦਗੀ ਦਾ ਸੱਚ ਬਹੁਤ ਘੱਟ ਹੁੰਦਾ ਹੈ। ਉਹ ਤਾਂ ਮਨ ਵਿੱਚ ਉੱਭਰੀਆਂ ਸੋਹਣੀਆਂ ਫ਼ੋਟੋਆਂ ਦਾ ਵਿਖਿਆਨ ਹੀ ਹੁੰਦਾ ਹੈ।

ਅੱਜ ਭਾਰਤ ਵਿੱਚ ਵੱਸਦੇ ਲੋਕ ਕੈਨੇਡਾ ਬਾਰੇ ਬਹੁਤ ਕੁਛ ਜਾਣਦੇ ਹਨ। ਬਹੁਤ ਸਾਰੇ ਕੈਨੇਡਾ ਵੱਸਦੇ ਵੀ ਪਿਛਲਿਆਂ ਨੂੰ ਦੱਸਦੇ ਰਹਿੰਦੇ ਹਨ, ਪਰ ਫਿਰ ਵੀ ਬਹੁਤ ਕੁਛ ਲੁਕਿਆ ਰਹਿ ਜਾਂਦਾ ਹੈ।

'ਬਰਫ਼ੀਲੇ ਡਾਲਰ' ਕੈਨੇਡੀਅਨ ਧਰਾਤਲ 'ਤੇ ਵੱਸਦੇ ਲੋਕਾਂ ਦੀ ਜ਼ਿੰਦਗੀ ਦਾ ਵਿਸ਼ਲੇਸ਼ਣ ਹੈ। ਕੌੜਾ ਤੇ ਬਕਬਕਾ ਸੱਚ ਹੈ। ਇਹ ਉਹਨਾਂ ਪਾਤਰਾਂ ਦੇ ਰੇਖਾ ਚਿੱਤਰ ਵੀ ਹਨ ਜਿਹੜੇ ਜ਼ਿੰਦਗੀ ਨਾਲ ਘੁਲਦੇ ਢੂਹੀ ਲਵਾ ਬੈਠੇ ਤੇ ਕੁਛ ਕੁ ਨੇ ਜ਼ਿੰਦਗੀ ਜਿੱਤ ਵੀ ਲਈ।

ਜਦ 'ਬਰਫ਼ੀਲੇ ਡਾਲਰ' ਕਾਲਮ ਅਖ਼ਬਾਰ ਵਿੱਚ ਛਪਦਾ ਹੁੰਦਾ ਤਾਂ ਮੈਨੂੰ ਬਹੁਤ ਪਾਠਕ ਫ਼ੋਨ ਕਰਦੇ ਹੁੰਦੇ। ਕਈ ਨਰਾਜ਼ਗੀ ਵਾਲੇ ਹੁੰਦੇ ਤੇ ਕਈ ਕਹਿੰਦੇ ਕਿ ਇਹ ਸਾਡੀਆਂ ਹੱਡ-ਬੀਤੀਆਂ ਹਨ।

'ਬਰਫ਼ੀਲੇ ਡਾਲਰ' ਵਿਚਲੀ ਸਮਗਰੀ ਨੂੰ ਕਿਤਾਬੀ ਰੂਪ ਦੇਣ ਵੇਲੇ ਜਦ ਕਈਆਂ ਨੇ ਪੜ੍ਹਿਆ ਤਾਂ ਕੁਛ ਓਕੜੂ ਜਿਹੀਆਂ ਗੱਲਾਂ ਨੂੰ ਹਟਾਉਣ ਦੀ ਗੱਲ ਹੋਈ। ਕਾਫ਼ੀ ਸੋਚ ਵਿਚਾਰ ਤੋਂ ਬਾਅਦ ਸੱਭੇ ਕੁਛ ਤੋਲਕੂ ਕਰ ਕੇ ਰੱਖ ਲਿਆ ਗਿਆ। ਕਿਤਾਬ ਵਿੱਚ ਜਿੱਥੇ ਕਿਤੇ ਮੈਨੂੰ ਲੋੜ ਮਹਿਸੂਸ ਹੋਈ ਤਾਂ ਮੈਂ ਉਹ ਗੱਲ ਦੁਬਾਰਾ ਕਹੀ ਹੈ, ਜਿਵੇਂ ਕਿ ਉਹਨਾਂ ਕੈਨੇਡੀਅਨ ਲੋਕਾਂ ਦੀ ਗੱਲ, ਜਿਹੜੇ ਗੁਰਬਤ ਨਾਲ ਘੁਲ਼ ਰਹੇ ਨੇ।

'ਬਰਫ਼ੀਲੇ ਡਾਲਰ' ਰਾਹੀਂ ਪਾਠਕ ਜਿਨ੍ਹਾਂ ਕੈਨੇਡੀਅਨ ਲੋਕਾਂ ਦੀ ਜ਼ਿੰਦਗੀ ਦਾ ਸੱਚ ਜਾਣੇਗਾ, ਉਹ ਹਾਲੇ ਵੀ ਅਧੂਰਾ ਹੀ ਹੋਵੇਗਾ।

ਮੈਂ ਹੋਰਾਂ ਕਲਮਾਂ ਵਾਲਿਆਂ ਕੋਲੋਂ ਆਸ ਕਰਦਾ ਹਾਂ ਕਿ ਉਹ ਕੈਨੇਡੀਅਨ ਲੋਕਾਂ ਦੀਆਂ ਜ਼ਿੰਦਗੀਆਂ ਦੇ ਕੌੜੇ ਸੱਚ ਨੂੰ ਹੋਰ ਵਧੇਰੇ ਚੰਗੇ ਢੰਗ ਨਾਲ ਪਾਠਕਾਂ ਦੇ ਸਨਮੁੱਖ ਕਰਨਗੇ।

-ਲੇਖਕ

ਅਪ੍ਰੈਲ, 2025

+16048258053 gurmailbiroke@gmail.com

# ਛਲੇਡੇ ਦੀ ਡੈੱਡ ਵੈਲੀ

## ਚੰਨਣ ਸਿੰਘ



**ਪ੍ਰਾਇਮਰੀ** ਸਕੂਲ ਦੇ ਵਿਦਿਆਰਥੀ ਹੁੰਦਿਆਂ ਸਾਨੂੰ 'ਛਲੇਡੇ' ਦਾ ਡਰ ਐਨਾ ਜ਼ਿਆਦਾ ਸੀ ਕੇ ਛਲੇਡੇ ਦਾ ਜ਼ਿਕਰ ਆਉਂਦਿਆਂ ਹੀ ਸਾਡੇ ਧੁਰ ਅੰਦਰ ਡਰ ਦੀ ਧੁੜਧੁੜੀ ਸੁਨਾਮੀ ਵਾਂਗੂੰ ਉੱਠ ਖੜ੍ਹਦੀ, ਜੋ ਕੁਝ ਪਲ ਲਈ ਸਾਡੇ ਬਚੁੰਗੜੇ ਵਿਵੇਕ (ਫ਼ਰਕ ਸਮਝ ਸਕਣ ਦੀ ਸਿਫ਼ਤ- ਸੰ.) ਨੂੰ ਖਤਮ ਹੀ ਕਰ ਦਿੰਦੀ। ਘਰ ਤੋਂ ਪ੍ਰਾਇਮਰੀ ਸਕੂਲ ਇੱਕ ਡੇਢ ਕਿਲੋਮੀਟਰ ਦੇ ਕਰੀਬ- ਅਤੇ ਸਾਡੇ ਸਕੂਲ ਦੇ ਪੈਂਡੇ ਦੇ ਅੱਧ ਵਿਚਕਾਰ ਕੱਚੇ ਪਹੇ ਦੇ ਨਜ਼ਦੀਕ ਪੈਂਦੇ ਪੁਰਾਣੇ ਉਜਾੜ ਖੂਹ 'ਤੇ ਤਰਤੀਬਵਾਰ ਲੱਗੇ 30-40 ਫ਼ਲਾਹੀ ਦੇ ਰੁੱਖ ਅਤੇ ਵਡੀਆਂ ਛੋਟੀਆਂ ਝਾੜੀਆਂ ਦੀ ਝਿੜੀ ਸਾਨੂੰ, 'ਛਲੇਡੇ' ਦੀ, ਸਮੁੱਚੀਆਂ-ਸ਼ਹਿਰੀ-ਸਹੂਲਤਾਂ-ਵਾਲੀ-ਅਰਬਨ-ਕਲੋਨੀ ਲੱਗਦੇ!

ਦਰਅਸਲ, ਮੇਰੇ ਨਾਲ ਇਕ ਹੋਰ, ਘਰ ਤੋਂ ਜਾਣ ਵਾਲਾ ਸਹਿਪਾਠੀ, ਅਮੀਰ ਸਿੰਘ, ਜੋ ਛਲੇਡੇ ਬਾਰੇ 'ਨੋਬਲ ਪ੍ਰਾਈਜ਼ ਵਿਜੇਤਾ' ਅਤੇ ਨੱਲਿਜ ਸਬੰਧੀ 'ਸਿਰ ਕੱਢਵਾਂ ਵਿਗਿਆਨੀ' ਸੀ -ਸਾਨੂੰ ਹਰ ਰੋਜ਼ ਉਸ ਛਲੇਡੇ ਬਾਰੇ ਨਵੀਆਂ ਨਵੀਆਂ ਕਹਾਣੀਆਂ ਸੁਣਾਅ ਕੇ ਸਾਡੇ ਅੰਦਰਲੇ ਡਰ ਨੂੰ ਹੋਰ ਪਕੇਰਾ ਕਰਦਾ!

ਅਮੀਰ ਸਿੰਘ ਸਾਨੂੰ ਹਿੱਕ 'ਤੇ ਹੱਥ ਮਾਰ ਕੇ ਕਈ ਵਾਰ 'ਛਲੇਡੇ' ਨਾਲ ਹੋਈਆਂ ਉਸਦੀਆਂ ਮੁਲਾਕਾਤਾਂ ਅਤੇ ਉਸ ਤੋਂ ਬਚਣ ਦੇ ਦਲੇਰੀ ਭਰੇ ਕਾਰਨਾਮਿਆਂ ਦਾ ਬਖਾਨ ਕਰਦਾ। ਅਤੇ ਰੋਜ਼ ਦੱਸਦਾ ਕਿ 'ਕੱਲ੍ਹ ਛੱਲੇਡਾ ਕਿਸ ਦਰਖ਼ਤ 'ਤੇ ਬੈਠਾ ਸੀ ਅਤੇ ਪਰਸੋਂ ਉਹਨੇ ਸੈਂਸੀਆਂ ਦੀ ਭੇਡ ਪਕੜ ਕੇ ਕਿਹੜੇ ਰੁੱਖ 'ਤੇ ਬੈਠ ਕੇ ਕੱਚੀ ਹੀ ਚੱਟਖਾਰੇ ਲੈ ਲੈ ਖਾਧੀ', ਅਤੇ 'ਕੱਲ੍ਹ ਛਲੇਡਾ ਬੁੱਢੀ ਔਰਤ ਦੇ ਰੂਪ ਵਿੱਚ ਸੀ, ਜਿਸਦੇ ਰੱਸਿਆਂ ਵਰਗੇ ਧਰਤੀ ਨੂੰ ਛੋਂਹਦੇ ਵਾਲ ਸਨ, ਜਿਨ੍ਹਾਂ ਵਿੱਚ ਮਨੁੱਖੀ ਖੋਪੜੀਆਂ (ਵਿਧੀਵਤ ਕਿਸੇ ਬਿਊਟੀ ਸੈਂਟਰ ਵਾਂਗ!) ਪ੍ਰੋਈਆਂ ਹੋਈਆਂ ਸਨ' ਅਤੇ 'ਪਰਸੋਂ ਉਹ ਕੱਲ੍ਹ ਦੈਂਤ ਦੇ ਭੇਸ ਵਿੱਚ' ਕਿੱਥੇ ਬੈਠਾ ਸੀ- ਜਾਣੀ ਕੇ ਅਮੀਰ ਸਿੰਘ ਕੋਲ਼ ਛਲੇਡੇ ਦੇ ਸਮੁੱਚੇ ਰਾਜ਼ ਅਤੇ ਉਹਦੇ ਦੌਰਿਆਂ ਬਾਰੇ ਹਰੇਕ ਛੋਟੀ ਵੱਡੀ ਇਨਫ਼ਰਮੇਸਨ ਪਟੱਕ ਦੇਣੀ ਪਹੁੰਚ ਜਾਂਦੀ ਸੀ- ਅਤੇ ਅਸੀਂ ਸਾਰੇ ਬੱਚੇ ਉਹਦੀਆਂ ਇਸੇ ਵਰਗੀਆਂ ਅਫ਼ਲਾਤੂਨੀ ਕਹਾਣੀਆਂ ਦੇ ਡਰਾਏ ਹੋਏ, ਫ਼ਲਾਹੀ ਦੇ ਦਰੱਖ਼ਤਾਂ ਦੀ ਝਿੜੀ ਕੋਲ਼ੋਂ ਦੌੜ ਲਾ ਕੇ ਲੰਘਦੇ। ਅਗਰ ਸਾਡੇ ਵਿੱਚੋ ਕਦੀ ਕਿਸੇ ਬੱਚੇ ਨੂੰ ਕਿਤੇ 'ਕੱਲੇ-ਕਾਰੇ ਝਿੜੀ ਵਿੱਚੋ ਲੰਘਣਾ ਪੈਂਦਾ, ਤਾਂ ਸਾਡਾ ਕਲੇਜਾ ਢਪਕ ਢਪਕ ਮੂੰਹ ਨੂੰ ਆਉਂਦਾ ਅਤੇ ਸਿਖਰ ਦੁਪਹਿਰੇ ਠੰਡੀਆ ਤਰੇਲੀਆਂ ਆਉਂਦੀਆਂ। ਉਂਝ ਤਾਂ ਅਸੀਂ 'ਕੱਲੇ ਕਾਰੇ ਕਦੀ ਇਹ ਰਿਸ੍ਕ ਨਹੀ ਸੀ ਲੈਂਦੇ! ਝੁੰਡ ਵਿੱਚ ਵੀ ਉੱਚੀ ਉੱਚੀ ਗੱਲਾਂ ਕਰ ਕੇ ਅੰਦਰਲੇ ਡਰ ਨੂੰ ਦੱਬਣ ਦੀ ਕੋਸ਼ਿਸ ਕਰਦੇ ਹੋਏ ਲੰਘਦੇ- ਜਾਂ ''ਪ੍ਰੇਮੀ ਦੇ ਨਿਆਣਿਆਂ'' ਵਾਂਗੂ ਫੇਰ ਅਸੀਂ ਧੁੱਪੇ ਹੀ ਦੂਰ ਬੈਠੇ ਕਿਸੇ ਸਾਈਕਲ ਵਾਲੇ ਜਾਂ ਹੋਰ ਸਿਆਣੇ ਮਰਦ ਔਰਤ ਦੀ ਉਡੀਕ ਕਰਦੇ ਅਤੇ ਉਸਦੇ ਪਿੱਛੇ ਪਿੱਛੇ ਇਹ 'ਡੈੱਡ ਵੈਲੀ' ਪਾਰ ਕਰ ਜਾਂਦੇ। ਉਹਨਾਂ ਸਮਿਆਂ ਵਿੱਚ ਸਾਈਕਲ ਵੀ ਕਿਸੇ ਵਿਰਲੇ ਟਾਂਵੇ ਕੋਲ਼ ਸੀ ਅਤੇ ਉਸ ਪਹੀ ਤੇ ਆਵਾਜਾਈ ਨਾਂ-ਮਾਤਰ, ਪਰ ਅਸੀਂ ਮਰਨਾ ਥੋੜ੍ਹੀ ਸੀ! ਅਸੀਂ ਸਰਕਾਰੀ ਪੇਂਡੂ ਸਕੂਲ ਦੇ ਦੂਜੀ ਤੀਜੀ ਦੇ ਵਿਦਿਆਰਥੀ - ਅਤੇ ਅਮੀਰ ਸਿੰਘ ਪੰਜਵੀਂ ਕਲਾਸ ਦਾ ਸੀਨੀਅਰ-ਮੋਸਟ, ਪੜ੍ਹਾਕੂ ਸੀ। ਛੱਲੇਡਾ-ਵਿਗਿਆਨੀ ਅਮੀਰ ਸਿੰਘ ਨੇ ਪੂਰੇ ਸਕੂਲ ਵਿਚ ਛਲੇਡੇ ਵਾਲੀ ਕਥਾ 'ਕਰੋਨਾ' ਵਾਂਗੂੰ ਫੈਲਾਅ ਰੱਖੀ ਸੀ ਅਤੇ ਉਹ ਸਕੂਲ ਵਿੱਚ ਵੀ ਕਈ ਵਾਰੀ ਛਲੇਡੇ ਦੀ ਹਾਜ਼ਰੀ ਬਾਰੇ ਖ਼ਬਰ ਦੇ ਦਿੰਦਾ- ਕਿ ਉਹ ਸਕੂਲ ਵਿੱਚ ਬੱਚੇ ਚੁੱਕਣ ਆਉਂਦੈ - ਅਤੇ ਸਕੂਲ ਦੀ ਪਿਛਲੀ ਤਾਕੀ ਦੇ ਟੁੱਟੇ ਸਰੀਏ ਨੂੰ ਉਹ ਛਲੇਡੇ ਦੇ ਸਕੂਲੋਂ ਬਾਹਰ ਭੱਜਣ ਸਮੇਂ ਟੁੱਟੀ ਦੱਸਦਾ। ਉਂਝ ਉਹਨੀਂ ਦਿਨੀਂ ਕੰਪਿਊਟਰ ਵਗੈਰਾ ਦਾ ਤਾਂ ਕੋਈ ਨਾਮੋ ਨਿਸ਼ਾਨ ਵੀ ਨਹੀਂ ਸੀ, ਪਤਾ ਨਹੀ ਅਮੀਰ ਸਿੰਘ ਛਲੇਡਾ-ਵਿਗਿਆਨੀ ਇਹ ਸਾਰੀ ਜਾਣਕਾਰੀ ਕਿਹੜੇ ਸ੍ਰੋਤਾਂ ਤੋਂ ਲੈਂਦਾ ਅਤੇ ਜਨਰਲਾਈਜ਼ ਕਰਦਾ ਸੀ- ਇਹ ਰੱਬ ਹੀ ਜਾਣਦਾ!



ਇਕ ਦਿਨ ਮੇਰੀ ਵੱਡੀ ਭੈਣ, ਜਿਸ ਨੂੰ ਸਿਹਤ ਵਿਭਾਗ ਵਿਚ ਜੌਬ ਮਿਲੀ ਸੀ, ਆਪਣੀ ਪਹਿਲੀ ਤਨਖਾਹ ਤੋਂ ਹੀ ਮੇਰੇ ਵਾਸਤੇ ਲਾਲ ਤੇ ਨੀਲੇ ਕਲਰ ਦੇ ਸੁੰਦਰ ਸੈਂਡਲ ਲੈ ਕੇ ਆਈ- ਕਿਉਂਕਿ ਮੈਂ ਚਾਰ ਭੈਣਾਂ ਦਾ ਇੱਕੋ ਇੱਕ ਨਿੱਕਾ ਭਰਾ ਸੀ ਅਤੇ ਆਪਾਂ ਸਕੂਲ ਨਵੇਂ ਸੈਂਡਲ ਪਾ ਕੇ ਬੜੇ ਚਾਅ ਨਾਲ ਪਹਿਨ ਕੇ ਠੁਮਕ ਠੁਮਕ ਜਾ ਰਹੇ ਸੀ ਕਿ ਅਮੀਰ ਸਿੰਘ ਵੀ ਪ੍ਰਗਟ ਹੋ ਗਿਆ! ਉਸਦੀ ਨਿਗ੍ਹਾ ਮੇਰੇ ਨਵੇਂ ਸੈਂਡਲ 'ਤੇ ਹੀ ਟਿਕੀ ਹੋਈ ਸੀ। ਕੁਦਰਤੀ ਉਸ ਦਿਨ ਸਕੂਲ ਵਿਚ ਪੰਜੀਰੀ ਬਣੀ ਅਤੇ ਮਾਸਟਰਾਂ ਪੰਜੀਰੀ ਦੀਆਂ ਪੂੜੀਆਂ ਸਾਡੇ ਹੱਥ ਫੜਾਅ ਸਾਨੂੰ ਜਲਦੀ ਸਕੂਲ ਤੋਂ ਘਰ ਜਾਣ ਦੇ ਫ਼ਰਮਾਨ ਕਰ ਦਿੱਤੇ- ਸ਼ਾਇਦ ਹੈੱਡ ਮਾਸਟਰ ਹਿੰਮਤ ਸਿੰਘ ਨੇ ਨਵੀਂ ਆਈ ਪੰਜੀਰੀ ਦੇ ਕੱਚੇ ਮਾਲ ਦੀ ਖੇਪ ਵੀ ਬਿੱਲੇ ਕੰਢੇ ਲਾਉਣੀ ਸੀ..! ਉਹਦਾ ਪਿੰਡ ਧੰਦੋਈ ਵੀ ਡੇਢ ਕੁ ਮੀਲ ਦੀ ਵਾਟ 'ਤੇ ਸੀ ਅਤੇ ਉਹ ਪੰਜਵੀਂ ਦੇ ਵਿਦਿਆਰਥੀ ਨੂੰ ਸਿਰ 'ਤੇ ਚੁਕਾਅ

ਕੇ ਹੀ, ਬੱਚਿਆਂ ਲਈ ਆਏ ਮਾਲ ਨੂੰ ਆਪਣੇ ਘਰੇ ਢੂਆ ਲੈਂਦਾ -ਅਤੇ ਸਾਨੂੰ ਪੰਜੀਰੀ ਇੱਕੋ ਦਿਨ ਜਦੋਂ ਮਾਲ ਆਇਆ ਹੁੰਦਾ ਮਿਲਦੀ, ਜੋ ਉਹਨੀਂ ਦਿਨੀਂ ਸਾਨੂੰ ਅਨੋਖੀ ਨਿਆਮਤ ਹੀ ਲੱਗਦੀ!

ਅਜਿਹੇ ਪੰਜੀਰੀ ਵਾਲੇ ਇੱਕ ਦਿਨ ਜਦੋਂ ਅਸੀਂ ਪੰਜੀਰੀ ਦੀਆਂ ਸਿਫ਼ਤਾਂ ਕਰਦੇ ਵਾਪਿਸ ਘਰੀਂ ਜਾ ਰਹੇ ਸੀ, ਬਸ ਰਸਤੇ ਵਿਚਲੇ ਫ਼ਲਾਹੀ ਵਾਲੀ ਛਲੇਡੇ-ਦੀ-ਕਲੋਨੀ ਤੋਂ 2 ਕੁ ਖੇਤ ਪਿੱਛੇ, ਅਮੀਰ ਸਿੰਘ ਕਹਿੰਦਾ- 'ਲਵੋ ਜੀ, ਅੱਜ ਮਾਰੇ ਗਏ! ਅੱਗੇ ਛਲੇਡਾ ਖੜ੍ਹਾ ਹੈ! ਉਹ ਕਿਸੇ ਵੇਲੇ ਵੀ ਅਟੈਕ ਕਰ ਸਕਦਾ ਐ -ਇਸ ਲਈ ਤੇਜ਼ ਦੌੜਨ ਲਈ ਜੁਤੀਆਂ ਲਾਹ ਕੇ ਰੱਖੋ!' ਅਸੀਂ ਕਿਹਾ ਸਾਨੂੰ ਤਾਂ ਕੁਝ ਦਿਖਿਆ ਨਹੀਂ। ਉਹ ਕਹਿੰਦਾ, 'ਮੇਰੇ ਕੋਲ਼ ਦਿਵਯ ਨਜ਼ਰ ਹੈ, ਉਹ ਸਿਰਫ਼ ਮੈਨੂੰ ਹੀ ਨਜ਼ਰ ਆਉਂਦੈ।''
ਮੈਂ ਨਵੇਂ ਸੈਂਡਲ ਲਾਹ ਕੇ ਬਸਤੇ ਵਿਚ ਪਾ ਲਏ। ਫਿਰ ਉਸ ਨੇ ਸਾਨੂੰ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਬਾਤਾਂ ਵਿਚ ਉਲਝਾਅ ਦਿੱਤਾ ਅਤੇ ਖੇਡ ਵਿਚ ਉਲਝਾਅ ਕੇ ਮੇਰਾ ਬਸਤਾ ਅੱਖ ਬਚਾਅ ਕੇ ਸਿਟਿਆਂ 'ਤੇ ਆਈ ਹੋਈ ਕਣਕ ਦੇ ਖੇਤ ਵਿਚ ਸੁੱਟ ਦਿੱਤਾ। ਬੱਸ ਜੀ, ਥੋੜ੍ਹੀ ਦੇਰ ਪਿੱਛੋਂ ਹੀ ਜਦੋਂ ਮੈਂ ਭਾਲ ਕੀਤੀ, ਅਮੀਰ ਸਿੰਘ ਕਹਿੰਦਾ, 'ਬਸਤਾ ਛਲੇਡਾ ਲੈ ਗਿਆ! ਮੈਂ ਆਪ ਉਸਨੂੰ ਬਿਜਲੀ ਵਾਂਗ ਚੁੱਕ ਕੇ ਭੱਜਦਿਆਂ ਦੇਖਿਐ- ਹੁਣ ਨਹੀਂ ਮਿਲਣਾ।'
ਮੈਂ ਬਥੇਰਾ ਕੁਰਲਾਇਆ! ਮੈਨੂੰ ਬਸਤੇ ਨਾਲੋਂ ਵੱਧ ਗ਼ਮ ਸੈਂਡਲ ਗੁਆਚਣ ਦਾ ਸੀ, ਪਰ ਹੋਣੀ ਵਾਪਰ ਚੁੱਕੀ ਸੀ.. ਸਾਨੂੰ ਵੀ ਕੁਝ ਕੁਝ ਤਾਂ ਪੱਕਾ ਯਕੀਨ ਹੋ ਗਿਆ। ਬੱਸ ਅਸੀਂ ਬਸਤਾ ਅਤੇ ਨਵੇ ਸੈਂਡਲ ਗੁਆ ਕੇ ਘਰ ਪਹੁੰਚੇ ਤਾਂ ਸਾਡੇ ਹੱਥ ਵਿਚ ਸਕੂਲੋਂ ਮਿਲੀ ਪੰਜੀਰੀ ਹੀ ਸੀ। ਘਰੋਂ ਵੀ ਸਾਡੀ ਗਿੱਦੜਕੁੱਟ-ਸੇਵਾ ਹੋਈ।

ਥੋੜ੍ਹਾ ਸਿਆਣੇ ਹੋ ਕੇ ਪਤਾ ਲੱਗਾ ਕੇ ਛਲੇਡਾ ਤਾਂ ਅਮੀਰ ਸਿੰਘ ਹੀ ਸੀ! ...ਹੁਣ ਉਸੇ ਪਹੇ 'ਤੇ ਕੋਈ ਇੱਕ ਰੁੱਖ ਵੀ ਨਜ਼ਰ ਨਹੀ ਆਉਂਦਾ ਪਰ ਬਚਪਨ ਵਿੱਚ ਵਾਪਰੀ ਘਟਨਾ ਚੇਤੇ ਕਰ ਕੇ ਮੁਸਕਰਾਹਟ ਜ਼ਰੂਰ ਆ ਜਾਂਦੀ ਏ! (ਹਰਪੁਰਾ ਸੀਏਟਲ ਤੋਂ)

(ਸਾਂਝਾਂ ਪਿਆਰ ਦੀਆਂ; ਫੇਸਬੁੱਕ

# ਫ਼ਰਕ / ਰਵਿੰਦਰ ਫਫੜੇ

ਮਿੱਠੂ ਸਿੰਘ ਪਿੰਡ ਦਾ ਸਰਦਾ-ਬਰਦਾ ਬੰਦਾ ਸੀ। ਉਂਝ ਤਾਂ ਉਹ ਪਿੰਡ ਵਿਚਲੀ ਧੜੇਬੰਦੀ ਅਤੇ ਸਿਆਸਤ ਤੋਂ ਕੋਹਾਂ ਦੂਰ ਰਹਿੰਦਾ ਸੀ ਪਰ ਇਸ ਵਾਰ ਉਸ ਦੇ ਬਚਪਨ ਦਾ ਯਾਰ, ਜਸਵੀਰ, ਸਰਪੰਚੀ ਦੀਆਂ ਚੋਣਾਂ ਵਿੱਚ ਖੜ੍ਹਾ ਹੋਇਆ ਸੀ- ਇਸ ਲਈ ਉਸ ਨੇ ਪੂਰੀ ਸਰਗਰਮੀ ਨਾਲ ਜਸਵੀਰ ਦੀ ਮਦਦ ਕੀਤੀ ਅਤੇ ਸਰਦਾ ਫ਼ੰਡ ਵੀ ਉਸ ਨੂੰ ਦਿੱਤਾ ਸੀ।
ਜਸਵੀਰ ਦੇ ਸਰਪੰਚ ਬਨਣ ਤੋਂ ਬਾਅਦ ਆਮ ਧਾਰਨਾ ਮੁਤਾਬਕ ਮਿੱਠੂ ਸਿੰਘ ਦੀ ਸੋਚ ਸੀ ਕਿ- 'ਸਰਪੰਚ ਉਸ ਦੇ ਕਿਸੇ ਜਾਇਜ਼ ਕੰਮ ਲਈ ਕਦੇ ਜਵਾਬ ਨਹੀਂ ਦੇਵੇਗਾ'- ਪਰ ਉਸ ਦੀ ਸੋਚ ਉਸ ਸਮੇਂ ਗਲਤ ਸਾਬਤ ਹੋ ਗਈ ਜਦੋਂ ਵੋਟਾਂ ਤੋਂ ਦੋ ਮਹੀਨੇ ਬਾਅਦ, ਕਿਸੇ ਵੱਲੋਂ ਆਪਣੇ ਮੁੱਕਰੇ ਪੈਸੇ ਦੇ ਰੌਲੇ ਦੇ ਸਬੰਧ ਵਿੱਚ, ਉਸ ਨੇ ਸਰਪੰਚ ਜਸਵੀਰ ਨੂੰ ਠਾਣੇ, ਆਪਣੇ ਨਾਲ, ਚੱਲਣ ਲਈ ਕਿਹਾ ਤਾਂ ਉਸ ਨੇ ਰੁੱਝਿਆ ਹੋਣ ਦਾ ਬਹਾਨਾ ਬਣਾਅ ਕੇ ਟਾਲ ਦਿੱਤਾ ਸੀ। ਉਸ ਤੋਂ ਕੁਝ ਦਿਨਾਂ ਬਾਅਦ ਉਸੇ ਕੰਮ ਲਈ ਉਸ ਨੇ ਦੁਬਾਰਾ ਫ਼ੋਨ ਕੀਤਾ -ਤਾਂ ਸਰਪੰਚ ਨੇ ਫ਼ੋਨ ਹੀ ਨਾ ਚੁੱਕਿਆ ਅਤੇ ਨਾ ਹੀ ਕੋਈ ਵਾਪਸੀ ਕਾਲ ਕੀਤੀ। ਮਿੱਠੂ ਸਿੰਘ ਨੂੰ ਇਸ ਗੱਲ ਦਾ ਬੜਾ ਰੋਸਾ ਸੀ।
ਲੰਘੀਆਂ ਐਮਪੀ ਚੋਣਾਂ ਸਮੇਂ ਇਲਾਕੇ ਦੇ ਐਮਐਲਏ ਨੇ ਸਰਪੰਚ ਦੇ ਘਰ ਆਉਣਾ ਸੀ। ਸਰਪੰਚ ਨੇ ਇਕੱਠ ਵਿਖਾਉਣ ਲਈ ਆਪਣੇ 'ਨੇੜਲੇ' ਬੰਦਿਆਂ ਨੂੰ ਘਰ ਬੁਲਾਇਆ ਅਤੇ ਮਿੱਠੂ ਸਿੰਘ ਨੂੰ ਵੀ ਸੁਨੇਹਾ ਭੇਜਿਆ- ਪਰ ਉਹ- ਓਸੇ ਰੋਸੇ ਕਾਰਨ- ਸਰਪੰਚ ਦੇ ਘਰ ਨਾ ਗਿਆ।
ਇਸ ਗੱਲ ਤੋਂ ਕੁਝ ਦਿਨਾਂ ਬਾਅਦ, ਇੱਕ ਦਿਨ, ਗਲੀ 'ਚੋਂ ਲੰਘਦਿਆਂ ਅਚਾਨਕ ਉਸ ਨੂੰ ਸਰਪੰਚ ਮਿਲ ਗਿਆ ਅਤੇ ਸਰਪੰਚ
ਨੇ ਗੁੱਸਾ ਵਿਖਾਉਂਦਿਆਂ, ਬੁਲਾਏ ਤੋਂ ਘਰ ਨਾ ਆਉਣ ਦਾ ਉਲਾਂਭਾ ਦਿੱਤਾ।
ਉਂਝ ਤਾਂ ਮਿੱਠੂ ਸਿੰਘ ਵੀ ਕਿਸੇ ਅਜਿਹੇ ਮੌਕੇ ਦੀ ਤਲਾਸ਼ ਵਿਚ ਸੀ- ਕਿ ਉਹ ਸਰਪੰਚ ਨੂੰ ਉਸਦੀ ਗਲਤੀ ਦਾ ਅਹਿਸਾਸ ਕਰਾਏ ਪਰ ਉਸ ਨੇ ਸੋਚਿਆ - 'ਇਕੱਠ ਵਿੱਚ ਵੀ ਸਰਪੰਚ ਨੂੰ ਮੇਰੀ ਗ਼ੈਰਹਾਜ਼ਰੀ ਦਾ ਦਰਦ ਮਹਿਸੂਸ ਹੋਇਆ ਹੈ, ਇਸ ਲਈ ਗੱਲ ਨੂੰ ਹੋਰ ਵਧਾਉਣਾ ਠੀਕ ਨਹੀਂ....'
ਸੋ ਉਸਨੇ ਨਿਮਰਤਾ ਨਾਲ ਉੱਤਰ ਦਿੱਤਾ, "ਯਾਰ ਥੋੜ੍ਹਾ ਕੰਮ ਸੀ, ਇਸ ਲਈ ਨੀਂ ਆ ਸਕਿਆ!"
"ਅਜਿਹਾ ਤੇਰਾ ਕਿਹੜਾ ਬਿਜ਼ਨਸ ਰੁਕਿਆ ਪਿਆ ਸੀ- ਜੋ ਇਕ ਦੋ ਘੰਟਿਆਂ ਨਾਲ ਤੈਨੂੰ ਲੱਖਾਂ ਦਾ ਘਾਟਾ ਪੈ ਜਾਣਾ ਸੀ?" ਸਰਪੰਚ ਨੇ ਤਲਖ ਅਤੇ ਟਿੱਚਰੀ ਲਹਿਜ਼ੇ ਵਿੱਚ ਮਿੱਠੂ ਸਿੰਘ ਨੂੰ ਸਵਾਲ ਕੀਤਾ।
"ਯਾਰ, ਜਿਸ ਦਿਨ ਮੈਂ ਤੈਨੂੰ ਆਪਣੇ ਕੰਮ ਲਈ ਨਾਲ ਚੱਲਣ ਲਈ ਕਿਹਾ ਸੀ- ਕੀ ਉਸ ਦਿਨ ਤੈਨੂੰ ਲੱਖਾਂ ਦਾ ਘਾਟਾ ਪੈਂਦਾ ਸੀ? ਨਾਲੇ ਤੂੰ ਤਾਂ ਮੈਨੂੰ ਕਿਸੇ ਰਾਹੀਂ ਸੁਨੇਹਾ ਭੇਜਿਆ ਸੀ, ਮੈਂ ਤਾਂ ਖੁਦ ਚੱਲ ਕੇ ਤੇਰੇ ਕੋਲ ਆਇਆ ਸੀ। ਹੋਰ ਤਾਂ ਹੋਰ, ਤੂੰ ਤਾਂ ਮੇਰਾ ਫ਼ੋਨ ਵੀ ਨਾ ਚੁੱਕਿਆ।" ਇਸ ਵਾਰ ਮਿੱਠੂ ਸਿੰਘ ਚੁੱਪ ਨਾ ਰਹਿ ਸਕਿਆ।
"ਅੱਛਾ! ਤੂੰ ਹੁਣ ਸਰਪੰਚ ਦੀ ਰੀਸ ਕਰੇਂਗਾ? ਕੋਈ ਨਾ! ਹੁਣ ਆਈਂ ਮੇਰੇ ਕੋਲ ਕਿਸੇ ਕੰਮ ਲਈ...ਨਾਲੇ ਮੈਨੂੰ ਯਾਰ-ਯੂਰ ਨਾ ਕਿਹਾ ਕਰ! ਜੇ ਅੱਗੇ ਤੋਂ ਬੁਲਾਉਣਾ ਹੈ ਤਾਂ ਸਰਪੰਚ ਕਹਿ ਕੇ ਬੁਲਾਵੀਂ।" ਧਮਕੀ ਦਿੰਦਾ ਸਰਪੰਚ ਅੱਗੇ ਚਲਾ ਗਿਆ।
ਮਿੱਠੂ ਸਿੰਘ ਸਰਪੰਚੀ ਤੋਂ ਪਹਿਲਾਂ ਵਾਲੇ ਜਸਵੀਰ ਅਤੇ ਸਰਪੰਚ ਬਨਣ ਤੋਂ ਬਾਅਦ ਦੇ ਜਸਵੀਰ ਅਤੇ ਆਪਣੇ ਕੰਮ ਅਤੇ ਸਰਪੰਚ ਦੇ ਕੰਮ ਦੀ ਅਹਿਮੀਅਤ ਵਿਚਲੇ ਫ਼ਰਕ ਨੂੰ ਮਾਪਦਾ ਘਰ ਨੂੰ ਤੁਰ ਪਿਆ। ਫਫੜੇ ਭਾਈਕੇ

ਅਨੁ: ਪੂਨਮ ਸਿੰਘ ( ਦ ਟ੍ਰਿਬਿਊਨ 26/09/2026 ਤੋਂ।)

# ਸਭ ਤੋਂ ਪੁਰਾਣੀ ਲਿਖੀ ਹੋਈ ਕਹਾਣੀ– ਅਤੇ ਇਸ ਵਿਚ ਨਾਰੀ ਦੀ ਥਾਂ!



*"ਜਿਸ ਨੂੰ ਸਭ ਕੁਝ ਵਿਖਦਾ ਸੀ, ਜੋ ਧਰਤੀ ਦੀ ਨੀਂਹ ਸੀ, ਜਿਸ ਨੂੰ (ਸਭ ਕੁਝ) ਪਤਾ ਸੀ: (ਉਹ ਹੈ ਸੀ ) ਗਿਲਗਮੇਸ਼।"*

**ਧਰਤੀ** ਉੱਤੇ ਲਿਖੀ ਗਈ ਸਭ ਤੋਂ ਹੀ ਪੁਰਾਣੀ ਕਹਾਣੀ– ਕੁਨੀਫ਼ਰਮ ਲਿਖਤ ਵਿਚ, ਪਕਾਈ ਮਿੱਟੀ ਦੀਆਂ ਟਿੱਕੀਆਂ ਉੱਤੇ– ਕਿਸੇ ਰਾਜੇ ਨਾਲ ਜਾਂ ਕਿਸੇ ਜੰਗ ਨਾਲ ਨਹੀਂ ਸ਼ੁਰੂ ਹੁੰਦੀ! ਇਹ ਇੱਕ ਜਾਂਗਲੀ ਆਦਮੀ ਨਾਲ ਸ਼ੁਰੂ ਹੁੰਦੀ ਹੈ, ਜੋ ਪਾਣੀ ਦੇ ਟੋਭੇ ਕੋਲ ਖੜ੍ਹਾ ਹੈ, ਇਹ ਸਿੱਖਦਾ ਪਿਆ, ਕਿ ਇਨਸਾਨ ਹੋਣ ਦਾ ਮਤਲਬ ਹੁੰਦਾ ਕੀ ਹੈ।

ਬਾਈਬਲ ਤੋਂ ਵੀ ਪਹਿਲਾਂ ਦੀ ਕਹਾਣੀ। ਹੋਮਰ ਤੋਂ ਵੀ ਪਹਿਲਾਂ ਦੀ। ਤਕਰੀਬਨ ਹਰੇਕ ਓਸ ਲਿਖੀ ਹੋਈ ਕਹਾਣੀ ਤੋਂ ਪਹਿਲਾਂ ਦੀ ਕਿ ਜਿਸਦਾ ਸਾਨੂੰ ਨਾਂ ਚੇਤੇ ਹੋਏ।

ਤਾਂ, ਓਦੋਂ, ਇੱਕ, ਏਨਕਿਡੋ ਹੁੰਦਾ ਸੀ।
ਉਹ ਜੰਮਿਆ ਨਹੀਂ ਸੀ। ਉਹ ਤਾਂ ਦੇਵੀ ਅਰੂਰੂ ਵੱਲੋਂ ਚਿਕਣੀ ਮਿੱਟੀ ਤੋਂ ਬਣਾਇਆ ਗਿਆ ਸੀ। ਅਤੇ ਉਸ ਨੂੰ ਪੁਰਾਤਨ ਮੈਸੋਪੁਟੇਮੀਆ (ਅਜੋਕਾ ਇਰਾਕ, ਅਤੇ ਕੁਝ ਕੁਝ ਹਿੱਸੇ ਤੁਰਕੀ, ਸੀਰੀਆ ਅਤੇ ਈਰਾਨ ਦੇ- ਸੰ.) ਦੇ ਉਜਾੜਾਂ ਵਿਚ ਛੱਡ ਦਿੱਤਾ ਗਿਆ ਸੀ। ਇਹ, ਇਹੀ ਕੋਈ, ਈਸਾ ਤੋਂ 2000 ਸਾਲ ਪਹਿਲਾਂ ਦੇ ਸ਼ੁਰੂ ਸ਼ੁਰੂ ਦੀ ਗੱਲ ਹੈ।

ਉਹ ਹਿਰਨਾਂ ਨਾਲ ਦੌੜਿਆ ਫਿਰਦਾ। ਓਸੇ ਪਾਣੀਆਂ ਤੋਂ ਆਪਣੀ ਪਿਆਸ ਬੁਝਾਉਂਦਾ ਜਿੱਥੋਂ ਬੱਬਰ ਸ਼ੇਰ ਪਾਣੀ ਪੀਂਦੇ ਸਨ। ਨਾ ਉਸਨੂੰ ਅੱਗ ਦਾ ਕੁਝ ਵੀ ਇਲਮ ਸੀ, ਨਾ ਅੰਨ ਦਾ, ਨਾ ਆਪਣੇ ਨਾਂ ਦਾ ਹੀ- ਕਿ ਜਿਹੜਾ ਕਿਸੇ ਨੇ ਉੱਚੀ ਦੇਣੀ ਉੱਚਰਿਆ ਹੋਏ।

ਅਸਲ ਵਿਚ, ਉਸਨੂੰ ਤਾਂ ਬੱਸ ਇੱਕ ਪਾਸਕੂ ਵਾਂਗ ਘੜਿਆ ਗਿਆ ਸੀ।

ਮਾਮਲਾ ਇਹ ਸੀ ਕਿ, ਉਰੁਕ ਦਾ ਰਾਜਾ, ਗਿਲਗਮੇਸ਼, ਤਾਕਤਵਰ ਹੋ ਕੇ ਬੜਾ ਜ਼ਾਲਮ ਹੋ ਗਿਆ ਸੀ। ਦੇਵਤਿਆਂ ਨੂੰ ਸ਼ਹਿਰ ਦੇ ਲੋਕਾਂ ਦੀ ਫ਼ਰਿਆਦ ਸੁਣ ਗਈ ਸੀ। ਉਨ੍ਹਾਂ ਇਸ ਮਾਮਲੇ ਨੂੰ ਸਹੀ ਕਰਨ ਲਈ ਏਨਕਿਡੋ ਨੂੰ ਭੇਜਿਆ: ਇੱਕ ਜਾਂਗਲੀ ਆਦਮੀ ਨੂੰ - ਉਸ ਆਕੜੇ ਹੋਏ ਰਾਜੇ ਨੂੰ ਸਿੱਧਾ ਕਰਨ ਲਈ।
ਪਰ ਕਹਾਣੀ ਉਸ ਤਰ੍ਹਾਂ ਨਾ ਤੁਰੀ ਜਿਸ ਤਰ੍ਹਾਂ ਦੇਵਤਿਆਂ ਨੇ ਇਹ ਵਿਓਂਤੀ ਸੀ!

ਸ਼ਮਹਤ ਨਾਂ ਦੀ ਇੱਕ ਤ੍ਰੀਮਤ ਉਸ ਨੂੰ ਲੱਭਣ ਲਈ ਘੱਲੀ ਗਈ। ਉਹ ਮੰਦਿਰਾਂ ਵਿਚ ਰਹਿਣ ਵਾਲੀ ਤ੍ਰੀਮਤ ਸੀ, ਆਪਣੇ ਹੁਨਰ ਵਿਚ ਗੁੜ੍ਹੀ, ਅਤੇ ਉਹ, ਏਨਕਿਡੋ ਨੂੰ ਪਾਣੀ ਵਾਲੇ ਟੋਭੇ ਉੱਤੇ ਜਾ ਟੱਕਰੀ, ਓਸੇ ਟੋਭੇ ਜਿੱਥੇ ਜਾਨਵਰ ਜੁੜਦੇ ਸਨ।

ਛੇ ਦਿਨ ਅਤੇ ਛੇ ਰਾਤਾਂ, ਉਹ ਉਸ ਨਾਲ ਰਿਹਾ।
ਜਦੋਂ ਇਹ-ਸਭ ਮੁੱਕਿਆ, ਕੋਈ ਚੀਜ਼ ਤਾਂ ਬਦਲ ਗਈ ਸੀ।

ਉਹ ਹਿਰਨਾਂ ਦੇ ਪਿੱਛੇ ਪਿੱਛੇ ਜਾਣ ਲਈ ਉੱਠਿਆ, ਪਰ ਉਹ ਉਸ ਤੋਂ ਦੂਰ ਨੱਸ ਗਏ।

ਉਹ ਬੱਬਰ ਸ਼ੇਰਾਂ ਦੀ ਪਾਣੀ ਪੀਣ ਵਾਲੀ ਥਾਂ ਵੱਲ ਗਿਆ- ਪਰ ਉਹ ਸੰਗ ਕੇ ਪਰੇ ਹੋ ਗਏ।

ਆਪਣੀ ਹੁਣ ਤੱਕ ਦੀ ਹੋਂਦ ਦੇ ਸਾਰੇ ਸਮੇਂ ਵਿਚ, ਉਸ ਨੇ ਜਿਨ੍ਹਾਂ ਜਿਨ੍ਹਾਂ ਜਾਂਗਲੀ ਜੀਵਾਂ ਦਾ ਸਾਥ ਮਾਣਿਆ ਸੀ- ਓਹੀ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਨਹੀਂ ਸੀ ਵੇਖ ਸਕਦੇ ਪਏ।
ਅਸਲ ਵਿਚ ਉਸ ਨੇ ਇੱਕ ਮਰਿਆਦਾ ਟੱਪ ਲਈ ਸੀ, ਜਿਸਦੇ ਪਾਰ ਕਿ ਉਹ ਉਸਦੇ ਪਿੱਛੇ ਪਿੱਛੇ ਨਹੀਂ ਸੀ ਜਾ ਸਕਦੇ।

ਹੁਣ ਤਾਂ ਉਹ ਹੌਲੀ ਹੌਲੀ ਹੀ ਵਿਚਰਦਾ। ਉਸਦਾ ਦੁਨੀਆ ਵਿਚ ਭਾਰ ਵੀ ਵਧ ਗਿਆ ਸੀ।
ਪਰ ਉਹ ਸੋਚ ਸਕਦਾ ਸੀ।

ਸ਼ਮਹਤ ਨੇ ਉਸਨੂੰ ਵੇਖਿਆ ਅਤੇ ਉਹ, ਉਸ ਤੋਂ ਪਹਿਲਾਂ ਹੀ ਸਮਝ ਗਈ ਸੀ, ਕਿ ਇਹ ਕੀ ਹੋ ਗਿਆ ਸੀ।

ਉਸ ਨੇ ਉਸਨੂੰ ਕਿਹਾ- "ਹੁਣ ਤੂੰ ਬਹੁਤ ਸੁਹਣਾ ਹੈਂ, ਕਿਸੇ ਦੇਵਤੇ ਵਾਂਗ ਸਭ ਕੁਝ ਜਾਣਦਾ।"

ਸ਼ਮਹਤ ਨੇ ਉਸਨੂੰ ਚਾਰਦੀਵਾਰੀਆਂ ਵਾਲੇ ਉਸ ਵੱਡੇ ਸਾਰੇ ਸ਼ਹਿਰ, ਉਰੁਕ, ਬਾਰੇ ਦੱਸਿਆ, ਅਤੇ ਉਸ ਰਾਜੇ ਬਾਰੇ ਦੱਸਿਆ ਜਿਹੜਾ ਉਸ ਸ਼ਹਿਰ ਦੀਆਂ ਗਲੀਆਂ ਵਿਚ ਇਓਂ ਫਿਰਦਾ ਸੀ ਉਹ, ਜਿਵੇਂ ਕੁਦਰਤ ਦੀ ਕੋਈ ਆਫ਼ਤ ਹੋਵੇ।
ਸ਼ਮਹਤ ਨੇ ਉਸਨੂੰ ਅੰਨ ਦਿੱਤਾ;
ਉਸਨੂੰ ਜੌਂ ਦੀ ਸ਼ਰਾਬ ਦਿੱਤੀ;
ਉਸਨੂੰ ਪਹਿਰਨ ਪੁਆਇਆ।

ਹਰੇਕ ਚੀਜ਼ ਜੋ ਮਹਤ ਨੇ ਉਸਨੂੰ ਪੇਸ਼ ਕੀਤੀ, ਉਹ ਉਸਨੂੰ ਖੁੱਲ੍ਹੇ ਉਜਾੜ ਮੈਦਾਨਾਂ ਤੋਂ ਇੱਕ ਕਦਮ ਦੂਰ ਲਿਜਾਣ ਵਾਲੀ ਸੀ।

ਜਦੋਂ ਤੱਕ ਏਨਕਿਡੋ ਉਰੁਕ ਪਹੁੰਚਿਆ, ਓਦੋਂ ਤੱਕ ਉਹ ਕੁਝ ਇਹੋ ਜਿਹਾ ਬਣ ਚੁੱਕਾ ਸੀ ਜੋ ਕਿਸੇ ਉਜਾੜ-ਬੀਆਬਾਨ ਨੇ ਤਾਂ ਕਦੇ ਨਹੀਂ ਸੀ ਘੜਿਆ:

ਅਜਿਹਾ ਜਿਸਨੂੰ ਪਤਾ ਸੀ ਕਿ ਉਹ ਕੀ ਹੈ।

ਉਹਦੀ ਅਤੇ ਗਿਲਗਮੇਸ਼ ਦੀ ਗਲੀਆਂ ਵਿਚ ਜੰਗ ਹੋਈ, ਜਿਵੇਂ ਵਿਓਂਤਿਆ ਹੀ ਗਿਆ ਸੀ।

ਪਰ ਫੇਰ- ਪਰ ਇਹ ਕੁਝ ਤਾਂ ਵਿਓਂਤ ਵਿਚ ਨਹੀਂ ਸੀ- ਉਹ ਦੋਏ ਪੱਕੇ ਆੜੀ ਬਣ ਗਏ।

ਉਸੇ ਇੱਕੋ ਮੇਲ ਨੇ ਇੱਕ ਜਾਂਗਲੀ ਨੂੰ ਸਭਿਅ ਬਣਾਅ ਦਿੱਤਾ ਅਤੇ ਇੱਕ ਆਕੜਖੋਰੇ ਰਾਜੇ ਨੂੰ ਨਿਮਾਣਾ।

ਜਿਨ੍ਹਾਂ ਲਿਖਣ-ਘਾੜਿਆਂ ਨੇ ਇਹ ਸਭ ਕੁਝ ਦਰਜ ਕੀਤਾ ਸੀ- ਗਿੱਲੀ ਚਿਕਣੀ ਮਿੱਟੀ ਦੀਆਂ ਟਿੱਕੀਆਂ ਉੱਤੇ ਪਾੜੇ ਪਾ ਪਾ ਲਿਖੇ ਜਾਣ ਵਾਲੇ ਕਿਊਨੀਏਫ਼ੋਰਮ ਢੰਗ ਨਾਲ- ਉਨ੍ਹਾਂ ਨੂੰ ਇਹ ਸਮਝ ਹੈ ਸੀ ਕਿ ਉਹ ਕੋਈ ਬਹੁਤ ਵੱਡੀ ਚੀਜ਼ ਦਰਜ ਕਰ ਰਹੇ ਹਨ।

ਗਿਲਗਮੇਸ਼ ਦੇ ਇਸ ਸਾਂਭੇ-ਬਚੇ ਮਹਾਂ-ਕਾਵਿ ਵਿਚ, ਜਿਸਨੂੰ ਆਮ ਪਰਵਾਨ ਕੀਤਾ ਜਾਂਦਾ ਹੈ:

ਏਨਕਿਡੋ ਦਾ ਇਹ ਕਾਇਆਕਲਪ ਉਹ ਚੂਲ ਹੈ ਜਿਸ ਉੱਪਰ ਸਾਰੀ ਕਹਾਣੀ ਚੱਲਦੀ ਹੈ।

ਵੇਖੋ ਕਿਵੇਂ- ਜੰਗ ਨਹੀਂ ਹੈ ਟੇਕ, ਨਾ ਦੇਵਤਾ, ਨਾ ਗਿਲਗਮੇਸ਼ ਆਪ।
ਇਹ ਤਾਂ ਪਾਣੀ ਪੀਣ ਵਾਲੀ ਸਾਂਝੀ ਥਾਂ ਇੱਕ ਤ੍ਰੀਮਤ, ਅਤੇ ਛੇ ਦਿਨ, ਅਤੇ ਉਹ ਪਲ ਹੈ ਟੇਕ ਜਦੋਂ ਇੱਕ ਜਾਂਗਲੀ ਆਦਮੀ ਨੇ ਆਪਣੇ ਹੱਥ ਤੱਕੇ ਅਤੇ ਉਨ੍ਹਾਂ ਹੱਥਾਂ ਨੂੰ ਸਮਝ ਗਿਆ।

ਮਨੁੱਖੀ ਸਾਹਿੱਤ ਵਿਚ ਸਭ ਤੋਂ ਪੁਰਾਣਾ ਜੋਖ਼ਮ-ਸਹੇੜੂ ਕਿੱਸਾ ਹੀਰੋ ਦੀ ਤਾਕਤ ਨਾਲ ਨਹੀਂ, ਸਗੋਂ ਉਸ ਕੀਮਤ ਨਾਲ ਸ਼ੁਰੂ ਹੁੰਦਾ ਹੈ ਜੋ ਪੂਰਾ-ਮਨੁੱਖ ਬਣਨ ਲਈ ਕਿਸੇ ਨੂੰ ਤਾਰਨੀ ਪੈਂਦੀ ਹੈ।



ਕਿਊਨੀਏਫ਼ੋਰਮ ਵਿਚ ਲਿਖੀਆਂ ਟਿੱਕੀਆਂ ਵਿੱਚੋਂ ਇੱਕ

*(ਸੱਜੇ ਪਾਸੇ) ਏਨਕਿਡੋ: ਜਾਂਗਲੀ, ਸਰੀਰਕ ਤਾਕਤ ਵਾਲਾ, ਜਾਨਵਰਾਂ ਸੰਗ ਜਾਨਵਰਾਂ ਵਾਂਗ ਰਹਿੰਦਾ; ਜੋ ਗਿਲਗਮੇਸ਼ ਦਾ ਮਿੱਤਰ ਬਣ ਗਿਆ, ਅਤੇ ਸਲਾਹਕਾਰ। ਉਸਨੂੰ ਮਨੁੱਖ ਵਾਂਗ 'ਜਾਣਕਾਰ' ਬਣਾਇਆ ਇੱਕ ਮੰਦਿਰਾਂ ਦੀ ਕਾਮ-ਦਾਸੀ ਸ਼ਮਹਤ ਨੇ, ਦੇਵਤੇ ਦੀ ਵਿਓਂਤ ਮੁਤਾਬਕ- ਜਿਸਦੇ ਸੰਗ ਨੇ, ਪਰ, ਉਸਦੀ ਤਾਕਤ ਖੋਹ ਲਈ ਅਤੇ ਉਸਦੇ ਸਾਥੀ-ਜਨੌਰਾਂ ਦਾ ਉਸ ਤੋਂ ਸਾਥ ਛੁੱਟ ਗਿਆ। ਸ਼ਮਹਤ ਉਸ ਨੂੰ ਚਰਵਾਹਿਆਂ ਦੀ ਬਸਤੀ ਵਿਚ ਲੈ ਗਈ, ਅਤੇ ਉਸਦੇ ਵਾਲ ਕੱਟ ਦਿੱਤੇ, ਜੋ ਉਸਦੇ ਸਾਰੇ ਸਰੀਰ ਉੱਤੇ ਵੀ ਹੁੰਦੇ ਸਨ, ਵਨ-ਮਾਨੁਸ ਵਾਂਗ)*



CGoe -Before The Kingdoms Fell (FB) (ਪੁਰਾਤਨ ਕਿੱਸਿਆਂ ਬਾਰੇ ਗਰੰਥ)

ਅਨੁ: ਪੂਨਮ ਸਿੰਘ

# ਮੀਨਾ ਕੁਮਾਰੀ ਦੀ ਡਾਇਰੀ -2



**ਆਜ** ਮੈਂ ਕਿਸੀ ਕੀ ਹੋ ਗਈ ਹੂੰ। ਨਿਕਾਹ ਕੇ ਬਾਦ ਬੇਟੀ ਬਾਪ ਕੇ ਘਰ ਸੇ ਚਲੀ ਜਾਤੀ ਹੈ, ਲੇਕਿਨ ਮੈਂ ਤੋ ਨਿਕਾਹ ਕੇ ਬਾਦ ਬਾਬੂਜੀ ਕੇ ਘਰ ਵਾਪਸ ਆ ਗਈ ਹੂੰ। ਬਾਬੂਜੀ ਕੋ ਪਤਾ ਚਲ ਜਾਤਾ ਤੋ ਵੋ ਯੇ ਸ਼ਾਦੀ ਕਭੀ ਨ ਹੋਨੇ ਦੇਤੇ।

ਆਜ ਉਸ ਹਾਥ ਪਰ ਖ਼ੁਦ ਹੀ ਪਿਆਰ ਆ ਗਿਆ। ਅਗਰ ਮੈਂ ਹਾਥ ਕੀ ਮਾਲਿਸ਼ ਕੇ ਲੀਏ ਜਸਾਵਾਲਾ ਕੇ ਯਹਾਂ ਨ ਜਾਤੀ ਤੋ ਕਭੀ ਯੇ ਸ਼ਾਦੀ ਨ ਹੋਤੀ। ਕਮਾਲ ਸਾਹਿਬ ਕੇ ਸਾਥ ਕਾਜ਼ੀ ਮਰਘੇ ਕੇ 'ਹਾਂ ਜਾਤੇ ਹੁਏ ਮੈਂ ਕਿਤਨਾ ਹੌਲ ਰਹੀ ਥੀ। ਕਮਾਲ ਸਾਹਿਬ ਬਰਾਬਰ ਤਸੱਲੀਆਂ ਦੇ ਰਹੇ ਥੇ ਕਿ ਨਿਕਾਹ ਹੋ ਜਾਏਗਾ ਤੋ ਬਾਬੂਜੀ ਖ਼ੁਦ ਹੀ ਮਾਨ ਜਾਏਂਗੇ।

ਬਾਕਰ ਸਾਹਬ, ਕ਼ਾਜ਼ੀ ਸਾਹਬ ਔਰ ਉਨਕੇ ਲੜਕੇ ਹੀ ਇਸ ਸ਼ਾਦੀ ਕੇ ਗਵਾਹ ਹੈਂ। ਉਨਕੇ ਇਲਾਵਾ ਕੋਈ ਨਹੀਂ ਜਾਨਤਾ ਕਿ ਮੇਰੀ ਸ਼ਾਦੀ ਕਮਾਲ ਸਾਹਿਬ ਸੇ ਹੋ ਗਈ ਹੈ। ਕਮਾਲ ਸਾਹਿਬ ਕੇ ਘਰ ਕਬ ਜਾਊਂਗੀ ਖ਼ੁਦਾ ਜਾਨੇ। ਬਸ ਬਾਬੂਜੀ ਕੀ ਇਜਾਜ਼ਤ ਚਾਹੀਏ।

ਕਮਾਲ ਸਾਹਿਬ ਨੇ ਮੁਝ ਸੇ ਕਹਾ ਕਿ ਵੋ ਰੋਜ਼ ਰਾਤ ਕੋ ਮੁਝ ਸੇ ਟੈਲੀਫ਼ੋਨ ਪਰ ਬਾਤੇਂ ਕੀਆ ਕਰੇਂਗੇ— ਕੈਸੀ -ਕੈਸੀ ਬਾਤੇਂ ਹੋਂਗੀ? ਮੈਂ ਉਨ ਬਾਤੋਂ ਕਾ ਜਵਾਬ ਭੀ ਦੇ ਪਾਊਂਗੀ ਯਾ ਨਹੀਂ? ਮੈਂ ਤੋ ਕਮਾਲ ਸਾਹਿਬ ਕੀ ਤਰਹ ਬਾਤੇਂ ਨਹੀਂ ਕਰ ਸਕਤੀ। ਉਨਕੇ ਪਾਸ ਤੋ ਅਲਫ਼ਾਜ਼ ਕਾ ਜ਼ਖ਼ੀਰਾ ਹੈ। ਕਿਤਨੇ ਸਜਾਕਰ ਵੋ ਜੁਮਲੇ ਲਾਤੇ ਹੈਂ, ਡਾਇਲੌਗ ਰਾਈਟਰ ਜੋ ਠਹਿਰੇ!

ਕਾਸ਼ ਮੈਂ ਉਨਕੀ ਤਰਹ ਬਾਤੇਂ ਕਰ ਸਕਤੀ। ਮੇਰੇ ਪਾਸ ਉਤਨੇ ਅਲਫ਼ਾਜ਼ ਕਹਾਂ? ਕਿਤਾਬੇਂ ਜ਼ਰੂਰ ਪੜ੍ਹਤੀ ਹੂੰ। ਉਨ ਕਿਤਾਬੋਂ ਮੇਂ ਤੋ ਯੇ ਸਬ ਕੁਛ ਨਹੀਂ ਲਿਖਾ ਹੋਤਾ।

ਸਾਢੇ ਗਿਆਰਹ ਬਜ ਚੁਕੇ ਹੈਂ, ਕਮਾਲ ਸਾਹਿਬ ਕਾ ਫ਼ੋਨ ਕਬ ਆਏਗਾ? ਮੈਂ ਤੋ ਇਸ ਵਕ਼ਤ ਤਕ ਸੋ ਜਾਤੀ ਥੀ, ਲੇਕਿਨ ਆਜ ਨੀਂਦ ਨ ਜਾਨੇ ਕਹਾਂ ਚਲੀ ਗਈ ਹੈ। ਮੈਂ ਭੀ ਨਹੀਂ ਸੋਨਾ ਚਾਹਤੀ। ਅਗਰ ਕਮਾਲ ਸਾਹਿਬ ਕਾ ਫ਼ੋਨ ਕਿਸੀ ਔਰ ਨੇ ਵਸੂਲ ਕੀਆ ਤੋ ਬੜਾ ਬੁਰਾ ਹੋਗਾ।

ਨਹੀਂ— ਮੁਝੇ ਨਹੀਂ ਸੋਨਾ ਚਾਹੀਏ, ਕਮਾਲ ਸਾਹਿਬ ਕਾ ਫ਼ੋਨ ਜ਼ਰੂਰ ਆਏਗਾ, ਅਬ ਤੋ ਵੋ ਮੇਰੇ ਸ਼ੌਹਰ ਹੈਂ, ਮੇਰੇ ਸਰਤਾਜ, ਮੇਰੇ ਕਮਾਲ ਸਾਹਿਬ!

---

ਆਜ ਸੁਬਹ ਬਾਬੂਜੀ ਕੋ ਪਤਾ ਚਲ ਹੀ ਗਯਾ ਕਿ ਰਾਤ ਕੋ ਕਮਾਲ ਸਾਹਿਬ ਟੈਲੀਫ਼ੋਨ ਪਰ ਮੁਝਸੇ ਬਾਤੇਂ ਕਰਤੇ ਹੈਂ।

ਮੈਂਨੇ ਹੌਸਲਾ ਕਰ ਕੇ ਕਹਿ ਦੀਆ ਕਿ ਹਮਾਰੀ ਸ਼ਾਦੀ ਹੋ ਚੁਕੀ ਹੈ।

ਕਿਤਨੇ ਜ਼ੋਰ ਸੇ ਦਹਾੜੇ ਥੇ ਬਾਬੂਜੀ, ਮੈਂ ਤੋ ਏਕ ਲਮ੍ਹੇ ਕੇ ਲੀਏ ਡਰ ਗਈ ਥੀ। ਖ਼ੁਦਾ-ਨਾਖ਼ਾਸਤਾ (ਰੱਬ ਨਾ ਕਰੇ) , ਬਾਬੂਜੀ ਕੋ ਕੁਛ ਹੋ ਗਿਆ ਤੋ ਹਮ ਲੋਗੋਂ ਕੀ ਕਿਤਨੀ ਬਦਨਾਮੀ ਹੋਗੀ।

ਕਿਤਨੇ ਤੈਸ਼ ਮੇਂ ਕਹਾ ਥਾ ਕਿ ਤੁਮ੍ਹੇਂ ਏਕ ਬੀਵੀ ਔਰ ਬੱਚੋਂ ਵਾਲੇ ਆਦਮੀ ਸੇ ਸ਼ਾਦੀ ਕਰ ਕੇ ਗ਼ੈਰਤ ਨਹੀਂ ਆਈ? ਤੁਮ ਸੁੰਨੀ ਹੋ ਔਰ ਵੋ ਸ਼ੀਆ, ਤੁਮ ਝੂਠ ਬੋਲ ਰਹੀ ਹੋ, ਯੇ ਸ਼ਾਦੀ ਹਰਗ਼ਿਜ਼ ਨਹੀਂ ਹੋ ਸਕਤੀ।

ਮੈਨੇ ਲਾਖ ਸਮਝਾਇਆ ਮਗਰ ਉਨ੍ਹੇਂ ਯਕ਼ੀਨ ਨ ਆਇਆ। ਆਖ਼ਿਰ ਮੈਨੇ ਜਲ ਕਰ ਕਹਿ ਹੀ ਦੀਆ, ਕਾਜ਼ੀ ਮਰਘੇ ਔਰ ਉਨਕੇ ਦੋਨੋਂ ਲੜਕੇ ਗਵਾਹ ਹੈਂ, ਉਨਸੇ ਪੂਛ ਲੀਜੀਏ ਔਰ ਬਾਕਰ ਸਾਹਿਬ ਸੇ ਭੀ ਦਰਯਾਫ਼ਤ (ਪੜਤਾਲ) ਕਰ ਲੇਂ, ਲੇਕਿਨ ਆਪ ਉਨਕੀ ਬਾਤ ਪਰ ਯਕ਼ੀਨ ਨ ਕਰੇਂਗੇ, ਵੋ ਤੋ ਕਮਾਲ ਸਾਹਿਬ ਕੇ ਆਦਮੀ ਹੈਂ।

ਬਾਬੂਜੀ ਫ਼ੌਰਨ ਘਰ ਸੇ ਬਾਹਰ ਚਲੇ ਗਏ। ਮੈਨੇ ਕਮਾਲ ਸਾਹਬ ਕੋ ਇੱਤਿਲਾਅ ਦੇ ਦੀ ਹੈ। ਉਨ੍ਹੋਂ ਨੇ ਕਹਾ, ਵੋ ਬਾਬੂਜੀ ਸੇ ਮਿਲਕਰ ਸਬ ਬਤਾ ਦੇਂਗੇ। ਕਾਸ਼ ਬਾਬੂਜੀ ਮਾਨ ਜਾਏਂ ਔਰ ਮੈਂ ਬਖ਼ੈਰ-ਓ-ਆਫ਼ਿਅਤ (ਸੁੱਖ ਸਾਂਤੀ ਨਾਲ) ਕਮਾਲ ਸਾਹਬ ਕੇ ਯਹਾਂ ਪਹੁੰਚ ਜਾਊਂ।

ਬਾਬੂਜੀ ਕਾ ਗੁੱਸਾ ਸੁਬਹ ਸੇ ਅਬ ਕੁਛ ਕਮ ਹੈ ਲੇਕਿਨ ਮੈਂ ਉਨਕੇ ਸਾਮਨੇ ਜਾਤੇ ਡਰਤੀ ਹੂੰ। ਕਹੀਂ ਮੁਝੇ ਦੇਖ ਕਰ ਭੜਕ ਨ ਜਾਏਂ। ਬਾਬੂਜੀ ਕਾ ਸਾਮਨਾ ਕਰਨੇ ਕੀ ਮੁਝ ਮੇਂ ਹਿੰਮਤ ਨਹੀਂ।

ਸੁਬਹ ਕੀ ਬਾਤੇਂ ਸੋਚਤੀ ਹੂੰ ਤੋ ਹੈਰਤ ਹੋਤੀ ਹੈ ਕਿ ਕਹਾਂ ਸੇ ਇਤਨੀ ਜੁਰਅਤ ਪੈਦਾ ਹੋ ਗਈ ਥੀ ਕਿ ਮੈਨੇ ਬਾਬੂਜੀ ਸੇ ਕਹਿ ਦੀਆ ਕਿ ਮੈਨੇ ਕਮਾਲ ਸਾਹਿਬ ਸੇ ਸ਼ਾਦੀ ਕਰ ਲੀ ਹੈ।

ਮਧੂ ਨੇ ਆ ਕਰ ਬਤਾਇਆ ਹੈ ਕਿ ਬਾਬੂਜੀ ਸੋ ਗਏ ਹੈਂ। ਸ਼ਾਇਦ ਬਾਬੂਜੀ ਕਾਜ਼ੀ ਸਾਹਬ ਸੇ ਪੂਛ ਆਏ ਹੈਂ।

ਸੁਬਹ ਕੇ ਹੰਗਾਮੇ ਨੇ ਮੁਝੇ ਥਕਾ ਦੀਆ ਹੈ, ਮੈਂ ਭੀ ਸੋਨਾ ਚਾਹਤੀ ਹੂੰ, ਲੇਕਿਨ ਕਮਾਲ ਸਾਹਿਬ ਕੇ ਫ਼ੋਨ ਕਾ ਇੰਤਜ਼ਾਰ ਹੈ। ਅਭੀ ਗਯਾਰਹ ਬਜਨੇ ਮੇਂ ਦਸ ਮਿਨਟ ਬਾਕੀ ਹੈਂ। ਕਮਾਲ ਸਾਹਿਬ ਭੀ ਵਹਾਂ ਪਰੇਸ਼ਾਨ ਹੋਂਗੇ।

ਕਮਾਲ ਸਾਹਬ ਆਜ ਆਏ ਥੇ। ਕਾਫ਼ੀ

ਦੇਰ ਤਕ ਬਾਬੂਜੀ ਸੇ ਬਾਤੇਂ ਹੋਤੀ ਰਹੀਂ।

ਬਾਬੂ ਜੀ ਕਿਸੀ ਤਰਹ ਰਾਜ਼ੀ ਨ ਹੋਤੇ ਥੇ, ਕਮਾਲ ਸਾਹਿਬ ਨੇ ਉਨ੍ਹੇਂ ਕਿਸ-ਕਿਸ ਤਰਹ ਮਨਾਇਆ। ਬਾਬੂਜੀ ਨ ਮਾਨੇ। ਆਖਿਰ ਕਮਾਲ ਸਾਹਿਬ ਨੇ ਬਹੁਤ ਸੋਚ-ਸਮਝਕਰ ਕਹਿ ਦੀਆ ਕਿ ਜਬ ਤਕ ਘਰ ਕੀ ਹਾਲਤ ਬਿਹਤਰ ਨਹੀਂ ਹੋ ਜਾਤੀ, ਵੋ ਮੁਝੇ ਅਪਨੇ ਘਰ ਲੇਕਰ ਨਹੀਂ ਜਾਏਂਗੇ ਔਰ ਵੁਹ ਹਫ਼ਤਾ ਮੇਂ ਸਿਰਫ਼ ਏਕ ਬਾਰ, ਇਤਵਾਰ ਕੇ ਰੋਜ਼ ਮੁਝਸੇ ਮਿਲਨੇ ਆਯਾ ਕਰੇਂਗੇ।

ਬਾਬੂ ਜੀ ਬਮੁਸ਼ਕਿਲ ਰਾਜ਼ੀ ਹੁਏ। ਵੋ ਅਬ ਭੀ ਯਹੀ ਕਹਿਤੇ ਹੈਂ ਕਿ ਸ਼ਾਦੀ ਨਹੀਂ ਬਰਬਾਦੀ ਹੈ ਮੀਨੂ। ਤੁਮ੍ਹੇਂ ਨਹੀਂ ਮਅਲੂਮ, ਵੋ ਸ਼ਖ਼ਸ ਬਹੁਤ ਚਾਲਾਕ ਹੈ, ਉਸਕੇ ਘਰ ਮੇਂ ਬੀਵੀ ਮੌਜੂਦ ਹੈ, ਬੱਚੇ ਹੈਂ, ਜਬ ਉਨਕਾ ਨ ਹੁਆ ਤੋ ਤੁਮ੍ਹਾਰਾ ਕਿਸ ਤਰਹ ਹੋਗਾ, ਆਜ ਨਹੀਂ ਤੋ ਕਲ ਤੁਮ੍ਹੇਂ ਪਛਤਾਨਾ ਪੜੇਗਾ।

ਮੈਂ ਕੈਸੇ ਮਾਨ ਲੂੰ ਕਿ ਕਮਾਲ ਸਾਹਿਬ ਮੁਝਸੇ ਵਫ਼ਾ ਨ ਕਰੇਂਗੇ।

ਉਨ੍ਹੋਂ ਨੇ ਮੁਝੇ 'ਅਨਾਰਕਲੀ' ਕਹਾ ਹੈ ਔਰ ਤਾਰੀਖ਼ ਗਵਾਹ ਹੈ ਕਿ ਸਲੀਮ ਨੇ ਅਨਾਰਕਲੀ ਕੋ ਮਰਤੇ ਦਮ ਤਕ ਚਾਹਾ।

ਕਿਤਨਾ ਪਿਆਰ ਹੈ ਉਨਕੀ ਬਾਤੋਂ ਮੇਂ, ਕਿਤਨੀ ਮਿਠਾਸ ਹੈ। ਇਸਸੇ ਪਹਿਲੇ ਤੋ ਮੈਂਨੇ ਐਸੀ ਬਾਤੇਂ ਕਿਸੀ ਸੇ ਨ ਸੁਨੀਂ। ਅਗਰ ਮੈਂ ਯੇ ਕਹੂੰ ਕਿ ਕਮਾਲ ਸਾਹਿਬ ਕਮਾਲ ਕੇ ਆਦਮੀ ਹੈਂ ਤੋ ਗੁਲਤ ਨ ਹੋਗਾ। ਕਿਤਨੇ ਅੱਛੇ ਹੈਂ ਕਮਾਲ ਸਾਹਿਬ।

ਅਬ ਮੁਝੇ ਉਸ ਰੋਜ਼ ਕਾ ਇੰਤਜ਼ਾਰ ਹੈ ਜਬ ਮੈਂ ਉਨਕੇ ਘਰ ਜਾਊਂਗੀ।

ਬਾਬੂਜੀ ਖੁਸ਼ੀ-ਖੁਸ਼ੀ ਮੁਝੇ ਵਿਦਾ ਕਰੇਂਗੇ, ਆਪਾ ਔਰ ਮਧੁਰ ਰੁਖ਼ਸਤੀ ਗਾਏਂਗੀ।

ਅੱਲਾਹ—ਕਬ ਵੁਹ ਵਕ਼ਤ ਆਏਗਾ। ਯਹ ਘਰ ਕੀ ਹਾਲਤ ਤੋ ਸੰਭਲਨੇ ਮੇਂ ਦਿਨ ਲਗੇਂਗੇ। ਕਯਾ ਮੈਂ ਉਸ ਵਕ਼ਤ ਤਕ ਇੰਤਜ਼ਾਰ ਕਰ ਸਕੂੰਗੀ?

ਅੱਲਾਹ—ਮੈਂ ਤੋ ਇੰਤਿਜ਼ਾਰ ਕੇ ਇਸ ਲਫ਼ਜ਼ ਸੇ ਹੌਲ ਜਾਤੀ ਹੂੰ।

ਦੋ ਰੋਜ਼ ਬਾਦ ਆਜ ਕਮਾਲ ਸਾਹਿਬ ਕਾ ਫ਼ੋਨ ਆਯਾ ਹੈ। ਕੁਛ ਦੇਰ ਪਹਿਲੇ ਹੀ ਉਨ੍ਹੋਂ ਨੇ ਕਹਾ ਹੈ:

"ਅਨਾਰਕਲੀ, ਮੇਰੀ ਅਨਾਰਕਲੀ, ਤੀਨ ਦਿਨ ਬਾਦ ਇਤਵਾਰ ਹੈ, ਮੈਂ ਆਊਂਗਾ। ਅਬ ਘਰ ਮੇਂ ਮੇਰੇ ਲੀਏ ਕੋਈ ਪਾਬੰਦੀ ਨਹੀਂ। ਅਬ ਤੋ ਮੈਂ ਭੀ ਇਸ ਘਰ ਕਾ ਏਕ ਫ਼ਰਦ ਬਨ ਗਿਆ ਹੂੰ। ਬਾਬੂਜੀ ਕੋ ਕੋਈ ਏਅਤਰਾਜ਼ ਨ ਹੋਗਾ। ਮੈਂ ਤੁਮਸੇ ਪਹਿਲੇ ਹੀ ਕਹਤਾ ਥਾ ਕਿ ਅਗਰ ਹਮ ਨਿਕਾਹ ਕਰ ਲੇਂਗੇ ਤੋ ਬਾਬੂਜੀ ਕੋ ਮਨਾਨੇ ਮੇਂ ਕੋਈ ਦਿੱਕਤ ਨ ਹੋਗੀ। ਇਤਵਾਰ ਕੋ ਮੈਂ ਦਸ-ਗਯਾਰਹ ਬਜੇ ਕੇ ਦਰਮਿਆਨ ਕਿਸੀ ਭੀ ਵਕ਼ਤ ਆ ਜਾਊਂਗਾ। ਮੇਰਾ ਖ਼ਿਆਲ ਹੈ ਤੁਮ ਦਰਵਾਜ਼ੇ ਪਰ ਮੌਜੂਦ ਹੋਗੀ। ਕਯੋਂ? ਯੇ ਤੋ ਮੈਂ ਨਹੀਂ ਜਾਨਤਾ। ਹਾਂ ਐਸਾ ਸੋਚਤਾ ਹੂੰ। ਤੁਮ੍ਹੇਂ ਦੁਲਹਨ ਕੇ ਰੂਪ ਮੇਂ ਦੇਖਨੇ ਕਾ ਕਿਤਨਾ ਅਰਮਾਨ ਹੈ।"

ਮੈਂ ਉਨਕੇ ਇਨ ਅਲਫ਼ਾਜ਼ ਪਰ ਸ਼ਰਮਾ ਗਈ ਥੀ ਔਰ ਦੇਰ ਤਕ ਟੈਲੀਫ਼ੋਨ ਪਰ ਕੁਛ ਨ ਕਹਿ ਸਕੀ।

ਮੇਰੀ ਖ਼ਾਮੋਸ਼ੀ ਪਰ ਕਮਾਲ ਸਾਹਿਬ ਪਰੇਸ਼ਾਨ ਹੋ ਗਏ, ਕਹਿਨੇ ਲਗੇ - "ਅਨਾਰਕਲੀ—ਕਿਆ ਨੀਂਦ ਆ ਗਈ?"

ਮੈਂ ਕੈਸੇ ਕਹਤੀ ਕਿ ਐਸੇ ਮੌਕੋਂ ਪਰ ਕਿਸ ਕਮ-ਬਖ਼ਤ ਕੋ ਨੀਂਦ ਆਤੀ ਹੈ। ਯਹ ਤੋ ਜਾਗਨੇ ਕੀ ਰਾਤੇਂ ਹੈਂ।

ਹਾਏ ਅੱਲਾਹ— ਕਿਸ ਕਦਰ ਬੇਹਿਜਾਬ ਹੋ ਚਲੀ ਹੂੰ, ਕੋਈ ਇਸ ਤਰਹ ਲਿਖਤੇ ਦੇਖ ਲੇ ਤੋ ਦਿਲ ਮੇਂ ਕਯਾ ਸੋਚੇ!

ਮੀਨੂ—ਯੇ ਹਰਕਤੇਂ ਅੱਛੀ ਨਹੀਂ।

ਮੀਨੂ ਭੀ ਕਯਾ ਕਰੇ? ਮੀਨੂ ਨੇ ਏਕ ਜਹਾਨ ਪਾ ਲੀਆ ਹੈ। ਅਬ ਉਸੇ ਕਿਸ ਕੀ ਪਰਵਾਹ?

ਉਰਦੂ ਤੋਂ ਲਿਪੀਆਂਤਰ:
ਜੋਗਿੰਦਰ ਪਾਲ ਮਾਨ

ਕੁਕਨੂਸ ਪ੍ਰਕਾਸ਼ਨ, ਜਲੰਧਰ ਦੀ ਛਾਪੀ ਕਿਤਾਬਚੀ (94635-40352) 150 ਰੁ.

**ਸਫ਼ਾ 2 ਤੋਂ**

**ਭਗਤ ਸਿੰਘ, ਗਾਂਧੀ, ਅੰਬੇਡਕਰ**

ਇਹ ਜਮ੍ਹਾਂ-ਜੋੜ ਰੋਸ-ਮੁਜ਼ਾਹਰੇ ਵਿਚੋਂ ਉੱਭਰਿਆ ਹੈ, ਸਿਆਸੀ ਪਾਰਟੀਆਂ ਜਾਂ ਵਿਦਵਾਨਾਂ ਵਿੱਚੋਂ ਨਹੀਂ। ਨੌਜਵਾਨ ਇਨ੍ਹਾਂ ਹਸਤੀਆਂ ਨੂੰ ਇਨ੍ਹਾਂ ਦੀ ਮੁਕੰਮਲਤਾ ਵਿਚ ਚਾਹੇ ਨਾ ਪਰਵਾਨ ਕਰਨ, ਪਰ ਉਨ੍ਹਾਂ ਲੱਭ ਲਿਆ ਹੈ ਕਿ ਉਨ੍ਹਾਂ ਦੇ ਆਪਣੇ ਹਲਾਤ ਵਿਚ ਇਨ੍ਹਾਂ ਵਿਚੋਂ ਹਰੇਕ ਕੀ ਹਿੱਸਾ ਪਾ ਰਿਹਾ ਹੈ। ਮੌਜੂਦਾ ਰੋਸ ਵਿਚ ਨਾ ਭਗਤ ਸਿੰਘ ਵਾਲਾ ਇਨਕਲਾਬ ਮੁੜ-ਪੇਸ਼ ਹੋਇਆ ਹੈ, ਨਾ ਗਾਂਧੀ ਦੀ ਜਨਤਕ ਲਹਿਰ ਨਵੀਂ ਕੀਤੀ ਗਈ ਹੈ ਅਤੇ ਨਾ ਅੰਬੇਡਕਰ ਦਾ ਸੰਵਿਧਾਨਵਾਦ ਹੀ ਇਕੱਲਾ ਕਰ ਕੇ ਮੰਨਿਆ ਜਾ ਰਿਹਾ ਹੈ। ਨਵਾਂ ਰੋਸ ਆਪਣੀ ਵਿਚ ਜੁਗ-ਪਲਟੂ ਹੈ, ਬਹੁਤਾ ਕਰਕੇ ਅ-ਹਿੰਸਕ ਹੈ ਆਪਣੇ ਅਮਲ ਵਿਚ, ਅਤੇ ਵਾਜਬਤਾ ਦੇ ਆਪਣੇ ਦਾਅਵੇ ਵਿਚ ਇਹ ਸੰਵਿਧਾਨਕ ਹੈ। ਇਸ ਅੱਗੇ ਚੁਣੌਤੀ ਅਚਾਨਕ-ਇਕੱਠ-ਕਰਨ ਨੂੰ ਟਿਕਵੀਂ ਲੋਕਤੰਤਰੀ ਜੱਥੇਬੰਦਕਤਾ ਦੇਣ ਦੀ ਹੈ।

ਪਰ ਜ਼ਰੂਰੀ ਨਹੀਂ ਹੈ ਕਿ ਫ਼ੌਰੀ ਰੰਜਿਸ਼ਾਂ ਹਲ ਕਰਨ ਤੱਕ ਹੀ ਇਹ ਨਵੀਂ ਸਿਆਸਤ ਚੱਲੇਗੀ। ਸਾਂਝਾ ਉੱਦਮ ਸਮਝ ਨੂੰ ਵਧਾਅ ਸਕਦਾ ਹੈ। ਤਜਰਬਾ ਫੇਰ ਆਪਣੇ ਹਿੱਤ ਦੀ ਰਾਖੀ ਤੋਂ ਅਗਾਂਹ ਵਡੇਰੇ ਸੁਆਲਾਂ ਵੱਲ ਲਿਜਾਅ ਸਕਦਾ ਹੈ- ਇਨਸਾਫ਼, ਬਰਾਬਰੀ ਅਤੇ ਮਨੁੱਖੀ ਹੋਂਦ-ਮਰਿਆਦਾ ਦੇ- ਜੇ ਰੋਸ ਡੂੰਘੀ ਸੋਚ, ਸਾਂਝੀ-ਲੜਾਈ ਅਤੇ ਫਿਰ ਜੱਥੇਬੰਦਕਤਾ ਲਿਆਉਣ।

ਭਗਤ ਸਿੰਘ ਦਾ ਜਨਮਦਿਨ (ਸਤੰਬਰ 28) ਸਿਰਫ਼ ਉਨ੍ਹਾਂ ਦੀ ਕੁਰਬਾਨੀ ਨਾ ਚੇਤੇ ਕਰਾਏ। ਸ਼ਹੀਦ ਸੌਖਿਆਂ ਹੀ ਰਸਮਾਂ-ਰੀਤਾਂ ਵਿਚ ਕੈਦ ਕੀਤੇ ਜਾਂਦੇ ਹਨ: ਤਸਵੀਰ ਨੂੰ ਮਾਲਾਵਾਂ ਪਾ ਉਨ੍ਹਾਂ ਵੱਲੋਂ ਪਾਏ ਸੁਆਲ ਅਣਡਿੱਠ ਕਰਕੇ। ਅਜੋਕੀ ਰੋਸ-ਥਾਂ, ਮੁੱਠੀ ਉੱਪਰ ਚੁੱਕੀ ਅਤੇ ਤਬਦੀਲੀ ਮੰਗਦੇ ਮੌਜੂਦ ਹਨ; ਗਾਂਧੀ ਉਸ ਅਨੁਸ਼ਾਸਨ ਵਿਚ ਜੋ ਗੁੱਸੇ ਨੂੰ ਅੰਨ੍ਹੀ ਹਿੰਸਾ ਨਹੀਂ ਬਨਣ ਦਿੰਦਾ; ਅੰਬੇਡਕਰ ਸੰਵਿਧਾਨ ਵਿਚ ਜੋ ਦੋਹਾਂ, ਗੁੱਸੇ ਅਤੇ ਅਨੁਸ਼ਾਸਨ, ਨੂੰ ਗਣਤੰਤਰ ਉੱਤੇ ਇੱਕ ਦਾਅਵਾ ਬਣਾਉਂਦਾ ਹੈ।

ਭਗਤ ਸਿੰਘ ਇਕੱਲਾ ਨਹੀਂ ਪਰਤਦਾ। ਇੱਕ ਸਿਆਸੀ ਬੋਲ ਬਾਣੀ ਦੇ ਹਿੱਸੇ ਵਜੋਂ ਪਰਤਦਾ ਹੈ ਜੋ ਨੌਜਵਾਨਾਂ ਆਪਣੇ ਸਮੇਂ ਲਈ ਘੜੀ ਹੈ।

ਅਨੁ: ਪੂਨਮ ਸਿੰਘ- ਦ ਟ੍ਰਿਬਿਊਨ 26 ਸਤੰਬਰ 2026

# ਦਾਦੇ, ਮੈਂ ਤੇਰੇ ਲਈ ਨੌਕਰੀ ਲੱਭੀ ਐ!

## ਪ੍ਰਸਾਦ ਮੋਦਕ




**ਮੇਰੀ** ਚਾਰ ਸਾਲ ਦੀ ਪੋਤੀ ਨੇ ਹੁਣੇ ਮੇਰੇ ਲਈ ਕੰਮਕਾਰ ਦੀ ਜ਼ਿੰਮੇਵਾਰੀ ਚੁੱਕ ਲਈ ਹੈ।

ਮੈਂ ਵਾਸ਼ਿੰਗਟਨ ਡੀਸੀ ਉਨ੍ਹਾਂ ਦੇ ਘਰ ਚੱਕਰ ਮਾਰਨ ਗਿਆ ਸੀ, ਜਿੱਥੇ ਜਾਂਦਾ ਹੀ ਰਹਿੰਦਾ ਹਾਂ। ਉਹ ਮੇਰੀਆਂ ਇਨ੍ਹਾਂ ਫੇਰੀਆਂ ਦਾ ਮੋਟਾ ਮੋਟਾ ਸਿਲਸਿਲਾ ਸਮਝ ਚੁੱਕੀ ਸੀ। ਦਾਦਾ ਆਉਂਦਾ ਹੈ, ਕੁਝ ਦਿਨ ਰਹਿੰਦਾ ਹੈ, ਉਸ ਨਾਲ ਖੇਡਦਾ ਹੈ, ਕਹਾਣੀਆਂ ਪੜ੍ਹ ਕੇ ਸੁਣਾਉਂਦਾ ਹੈ, ਸੈਰਾਂ ਲਈ ਜਾਂਦਾ ਹੈ, ਕਦੇ ਕਦੇ ਉਹ ਚੀਜ਼ਾਂ ਖ਼ਰੀਦ ਲਿਆਉਂਦਾ ਹੈ ਜੋ ਉਸ ਦੇ ਮਾਪੇ ਭਾਵੇਂ ਸਹੀ ਚੀਜ਼ ਨਹੀਂ ਮੰਨਦੇ, ਅਤੇ ਫੇਰ ਇੱਕ ਦਿਨ ਆਪਣਾ ਸੂਟਕੇਸ ਚੁੱਕੀ ਦਿਸਦਾ ਹੈ। ਉਹ ਸੂਟਕੇਸ, ਉਸ ਦੇ ਦਿਮਾਗ਼ ਵਿਚ, ਸਾਰੇ ਪੁਆੜੇ ਦੀ ਜੜ੍ਹ ਹੈ।

"ਕਿਉਂ ਜਾਣਾ ਹੈ ਤੂੰ?" ਉਸ ਇੱਕ ਦਿਨ ਮੈਨੂੰ ਪੁੱਛਿਆ। "ਮੈਨੂੰ ਮੁੰਬਈ ਵਾਪਸ ਜਾਣਾ ਪੈਣਾ ਹੈ।" "ਕਿਓਂ?" "ਕੰਮ ਹੈ।" ਇਹ ਤਾਂ ਪਰ ਸਿਰਿਓਂ ਹੀ ਗ਼ਲਤ ਜੁਆਬ ਲੱਗਦਾ ਸੀ। ਉਸ ਮੇਰੇ ਵੱਲ ਕੁਝ ਕੁ ਪਲ ਵੇਖਿਆ, ਉਸ ਜਾਣਕਾਰੀ ਦੇ ਮਾਮਲੇ ਨੂੰ ਓਸੇ ਗੰਭੀਰਤਾ ਨਾਲ ਹਲ ਕਰਦੀ ਜੋ ਆਮ ਤੌਰ 'ਤੇ ਤਾਂ ਆਪਣੇ ਗੁਆਚੇ ਰੰਗਾਂ ਲਈ ਰੱਖੀ ਹੁੰਦੀ ਹੈ।

"ਤਾਂ ਫੇਰ ਤੁਸੀਂ ਇੱਥੇ ਕੰਮ ਕਰ ਲਓ।"

ਲਓ ਜੀ। ਕੰਮ ਦੀ ਚੋਣ ਬਾਰੇ, ਟੱਬਰ, ਭੁਗੋਲ, ਜ਼ਿੰਮੇਵਾਰੀਆਂ ਅਤੇ ਮਹਾਂਦੀਪਾਂ ਦਰਮਿਆਨ ਸਫ਼ਰ ਨਾਲ ਜੁੜੇ, ਕਈ ਦਹਾਕੇ ਲਾ ਕੇ ਕੀਤੇ ਗੁੰਝਲਦਾਰ ਫ਼ੈਸਲੇ, ਇੱਕ ਚਾਰ ਸਾਲ ਦੀ ਨੇ ਤਾਂ ਝੱਟ ਕਰ ਦਿੱਤੇ। ਦਾਦੇ ਨੂੰ ਨੌਕਰੀ ਚਾਹੀਦੀ ਹੈ। ਹੋ ਸਕੇ ਤਾਂ ਵਾਸ਼ਿੰਗਟਨ ਡੀਸੀ ਵਿਚ ਹੀ। ਹੋ ਸਕੇ ਤਾਂ ਤੁਰ ਕੇ ਜਾਣ ਜਿੰਨੀ ਦੂਰੀ ਉੱਤੇ। ਉਹ ਝੱਟ ਲੱਭਣ ਲੱਗ ਪਈ। ਸਾਡਾ ਪਹਿਲਾ ਮੌਕਾ ਸਾਨੂੰ ਓਦੋਂ ਲੱਭ ਪਿਆ ਜਦੋਂ ਅਸੀਂ ਨੇੜੇ ਦੇ ਹੀ "ਟ੍ਰੇਡਰ ਜੋ" ਗਏ। ਉਸਨੂੰ "ਟ੍ਰੇਡਰ ਜੋ" ਪਸੰਦ ਹੈ ਕਿਉਂਜੋ ਚਾਰ-ਸਾਲ-ਵਾਲਿਆਂ ਦੀ ਕੁਦਰਤੀ ਸਾਂਝ ਜੋ ਹੁੰਦੀ ਹੈ ਉਨ੍ਹਾਂ ਥਾਹਾਂ ਨਾਲ ਜਿੱਥੇ ਉਨ੍ਹਾਂ ਦੇ ਵੱਡੇ, ਵੱਡੀਆਂ ਵੱਡੀਆਂ ਟ੍ਰਾਲੀਆਂ ਲਈ ਫਿਰਦੇ ਹਨ ਅਤੇ ਬੱਚੇ ਉਨ੍ਹਾਂ ਚੀਜ਼ਾਂ-ਵਸਤਾਂ ਲਈ ਵੀ ਜ਼ਿੱਦਾਂ ਕਰ ਕਰ ਵੇਖਦੇ ਹਨ ਜਿਹੜੀਆਂ ਉਂਝ ਤਾਂ ਖ਼ਰੀਦਣ ਦੀ ਸੂਚੀ ਵਿਚ ਨਹੀਂ ਹੁੰਦੀਆਂ। ਚੈੱਕਆਊਟ 'ਤੇ ਉਹ ਕੈਸ਼ੀਅਰ ਨੂੰ ਧਿਆਨ ਨਾਲ ਵੇਖੀ ਗਈ। ਉਹ ਖ਼ੁਸ਼ਰਹਿਣਾ ਸੀ, ਚੀਜ਼ਾਂ ਨੂੰ ਸਕੈਨ ਕਰ, ਲਿਫ਼ਾਫ਼ਿਆਂ ਵਿਚ ਪਾਉਂਦਾ ਸਭ ਨਾਲ ਗੱਲਾਂ ਬਾਤਾਂ ਮਾਰਦਾ। ਕੁਝ ਚਿਰ ਬਾਅਦ ਉਹ ਮੇਰੇ ਵੱਲ ਮੁੜੀ।

"ਦਾਦੇ, ਤੂੰ ਇੱਥੇ ਕੰਮ ਕਰ।" "ਕਿਹੜਾ?" "ਇਹ।" ਉਸ ਨੇ ਕੈਸ਼ੀਅਰ ਵੱਲ ਇਸ਼ਾਰਾ ਕੀਤਾ।

ਮੈਂ ਨੌਕਰੀ ਦਾ ਹਿਸਾਬ ਲਾਇਆ। ਠੀਕ ਹੀ ਲੱਗਦੀ ਸੀ। ਸਕੈਨਰ ਉੱਤੋਂ ਮੈਂ ਵੀ ਚੀਜ਼ਾਂ ਨੂੰ ਘੁਮਾਅ ਤਾਂ ਸਕਦਾ ਹੀ ਹਾਂ। ਗਿਣਤੀ ਕਰ ਸਕਦਾ ਹਾਂ। ਹੈਲੋ ਕਹਿ ਸਕਦਾ ਹਾਂ। ਥੈਲਿਆਂ ਵਿਚ ਚੀਜ਼ਾਂ ਤਾਂ ਪਾਉਂਦਾ ਹੀ ਰਿਹਾ ਹਾਂ।

ਸੋ, ਜਿਹੜੀਆਂ ਅਸੀਂ ਆਪਸ ਵਿਚ ਗੱਲਾਂ-ਬਾਤਾਂ ਕੀਤੀਆਂ ਉਨ੍ਹਾਂ ਦੇ ਹਿਸਾਬ ਨਾਲ ਤਾਂ, ਮੈਂ "ਟ੍ਰੇਡਰ ਜੋ" ਵਿਚ ਭਰਤੀ ਹੋ ਗਿਆ। ਪਹਿਲਾ ਅੱਧਾ ਘੰਟਾ ਵਧੀਆ ਰਿਹਾ। ਮੈਂ ਗੁਡ ਮਾਰਨਿੰਗ ਕਿਹਾ, ਰਾਸ਼ਨ ਅਤੇ ਹੋਰ ਸੌਦਾ-ਪੱਤਾ ਸਕੈਨ ਕੀਤਾ ਅਤੇ ਲੋਕਾਂ ਨੂੰ "ਤੁਹਾਡਾ ਦਿਨ ਚੰਗਾ ਰਹੇ" ਆਖਿਆ। ਫੇਰ ਇੱਕ ਗਾਹਕ ਨੇ ਇਕ ਹੋਰ ਲਿਫ਼ਾਫ਼ਾ ਮੰਗ ਲਿਆ। ਮੈਂ ਝਿਝਕ ਗਿਆ।

"ਤੈਨੂੰ ਸੱਚੀਂ ਦੋ ਚਾਹੀਦੇ ਹਨ?" ਉਹ ਮੇਰੇ ਵੱਲ ਝਾਕੀ ਗਿਆ। "ਮੇਰਾ ਖ਼ਿਆਲ ਹੈ ਕਿ- ਹਾਂ।"

ਮੈਂ ਉਸ ਦੀ ਕੀਤੀ ਖ਼ਰੀਦ ਓ ਫ਼ਰੋਖ਼ਤ ਉੱਤੇ ਨਜ਼ਰ ਮਾਰੀ। ਡਬਲਰੋਟੀ, ਆਂਡੇ, ਸਬਜ਼ੀਆਂ ਅਤੇ ਕੋਈ ਬਰਫ਼ ਹੋਈ ਹੋਈ ਚੀਜ਼। ਮੈਨੂੰ ਤਾਂ ਲੱਗਾ ਕਿ ਇੱਕੋ ਲਿਫ਼ਾਫ਼ੇ ਨੇ ਚੰਗਾ ਕੰਮ ਸਾਰ ਦੇਣਾ ਸੀ, ਪਰ ਓਦੋਂ ਤੱਕ ਮੈਂ ਏਨਾ ਕੁ ਤਾਂ ਅਮਰੀਕੀ ਗਾਹਕ-ਸੇਵਾ ਬਾਰੇ ਸਿੱਖ ਹੀ ਚੁੱਕਾ ਸੀ ਕਿ ਇਹ ਪਲ ਸ਼ਾਇਦ ਕਿਸੇ ਲੰਮੀ ਚੌੜੀ ਬਹਿਸ ਦਾ ਨਹੀਂ ਸੀ।

ਮੈਂ ਉਸ ਨੂੰ ਦੋ ਲਿਫ਼ਾਫ਼ੇ ਦੇ ਦਿੱਤੇ। ਕੁਝ ਚਿਰ ਬਾਅਦ ਕਿਸੇ ਨੇ 50 ਮਿਲੀਲਿਟਰ ਪਾਣੀ ਦੀਆਂ 10 ਬੋਤਲਾਂ ਮੁੱਲ ਲਈਆਂ। ਮੈਂ ਉਨ੍ਹਾਂ ਬੋਤਲਾਂ ਵੱਲ ਵੇਖਿਆ ਅਤੇ ਇਹ ਪੁੱਛਣੋਂ ਨਾ ਰਹਿ ਸਕਿਆ ਕਿ ਇੱਕੋ 5 ਲਿਟਰ ਦੀ ਬੋਤਲ ਠੀਕ ਨਹੀਂ ਸੀ ਰਹਿਣੀ, ਪਲਾਸਟਕ ਵੀ ਘੱਟ ਲੱਗਦਾ। ਇੱਕ ਕਿਸੇ ਹੋਰ ਗਾਹਕ ਨੇ ਇੱਕ ਹੋਰ ਪੈਕਟ ਦੇ ਅੰਦਰਵਾਰੋਂ ਇੱਕ ਨਿੱਕਾ ਲਪੇਟਿਆ ਪੈਕਟ ਚੁੱਕਿਆ ਅਤੇ ਮੈਂ ਇੱਕ ਹੋਰ ਨਿੱਕੀ ਜਿਹੀ ਟਿੱਪਣੀ ਕਰ ਦਿੱਤੀ। ਲੰਚ ਦੇ ਸਮੇਂ ਤੱਕ ਇਹ ਨਿੱਕੀਆਂ ਟਿੱਪਣੀਆਂ ਕੱਠੀਆਂ ਹੋ ਹੋ ਉਹ ਬਣ ਗਈਆਂ ਜਿਸ ਨੂੰ ਮੈਨੇਜਰ "ਗਾਹਕ ਨੂੰ ਅਣ-ਮੰਗੀ ਸਲਾਹ ਦੇਣੀ" ਦੱਸ ਰਿਹਾ ਸੀ। ਮੈਂ ਉਸ ਨੂੰ ਸਮਝਾਇਆ ਕਿ ਮੈਂ ਆਪਣੀ ਬਹੁਤੀ ਜ਼ਿੰਦਗੀ ਲੋਕਾਂ ਨੂੰ ਘੱਟ ਜ਼ਾਇਆ ਕਰਨ ਦੀ ਸਲਾਹ ਦਿੰਦਾ ਆਇਆ ਹਾਂ। ਅੱਗੋਂ ਉਸ ਨੇ ਸਮਝਾਅ ਦਿੱਤਾ ਕਿ "ਟ੍ਰੇਡਰ ਜੋ" ਵਿਚ ਮੇਰੀ ਮੁੱਖ ਜ਼ਿੰਮੇਵਾਰੀ ਸੌਦੇ-ਪੱਤੇ ਨੂੰ ਸਕੈਨ ਕਰਨ ਦੀ ਹੈ। ਵੇਖਿਆ ਜਾਏ ਤਾਂ ਅਸੀਂ ਦੋਏ ਆਪਣੀ ਆਪਣੀ ਥਾਂ ਠੀਕ ਸੀ। ਸਾਡੇ ਵਿੱਚੋਂ ਇੱਕ ਹੀ, ਖ਼ੈਰ, ਮਨੇਜਰ ਸੀ।

ਮੇਰੀ ਪੋਤੀ ਦੀ ਮੈਨੂੰ ਵਾਸ਼ਿੰਗਟਨ ਵਿਚ ਪੱਕਾ ਵਸਾਉਣ ਦੀ ਪਹਿਲੀ ਕੋਸ਼ਿਸ਼ ਫ਼ੇਲ੍ਹ ਸੀ।




ਉਹ ਨਿਰਾਸ ਹੋਈ, ਪਰ ਉਸ ਹਿੰਮਤ ਨਾ ਹਾਰੀ। ਚਾਰ-ਸਾਲ-ਦੇ ਪਾਸਾ ਪੁੱਠਾ ਪੈਣ ਤੋਂ ਬਾਅਦ ਵੱਧ ਛੇਤੀ ਨੌਂ ਬਰ ਨੌਂ ਹੋ ਜਾਂਦੇ ਹਨ, ਸਾਡੇ ਜਿਹੇ ਸਲਾਹਕਾਰਾਂ ਨਾਲੋਂ।

ਕੁਝ ਦਿਨਾਂ ਬਾਅਦ ਅਸੀਂ ਲੋਕਲ ਲਾਇਬ੍ਰੇਰੀ ਗਏ। ਮੇਰੀ ਪੋਤੀ ਨੂੰ ਬੱਚਿਆਂ ਵਾਲਾ ਪਾਸਾ ਪਸੰਦ ਹੈ, ਜਿੱਥੇ ਚਮਕਦੇ ਰੰਗਾਂ ਵਾਲੀਆਂ ਕਿਤਾਬਾਂ ਹੁੰਦੀਆਂ ਹਨ ਅਤੇ ਬਹੁਤ ਨਿੱਕੀਆਂ ਨਿੱਕੀਆਂ ਕੁਰਸੀਆਂ ਜਿਨ੍ਹਾਂ ਉੱਤੇ ਮੈਂ ਤਾਂ ਬੈਠ ਨਹੀਂ ਸਕਦਾ। ਓਥੇ ਕਹਾਣੀਆਂ ਸੁਣਾਉਣ ਦੇ ਸੈੱਸ਼ਨਾਂ ਬਾਰੇ ਨੋਟਿਸ ਲੱਗਾ ਸੀ ਕਿ ਇਹ ਮੰਗਲਵਾਰ ਅਤੇ ਵੀਰਵਾਰ ਹੁੰਦੇ ਹਨ। ਉਸਨੂੰ ਏਨੀ ਕੁ ਸਮਝ ਆਈ ਕਿ ਉਸ ਨੂੰ ਚਾਅ ਚੜ੍ਹ ਗਿਆ। ''ਦਾਦੇ, ਤੂੰ ਕਹਾਣੀਆਂ ਸੁਣਾਉਂਦਾ ਹੁੰਦਾ ਹੈਂ।'' ''ਹਾਂ।'' ''ਤੂੰ ਇੱਥੇ ਕੰਮ ਕਰ ਸਕਦਾ ਹੈਂ।'' ਇਹ, ਮੈਨੂੰ ਮੰਨਣਾ ਪਿਆ, ਮੇਰੇ ਲਈ ਵਧੇਰੇ ਫ਼ਿੱਟ ਕੰਮ ਸੀ। ਕਹਾਣੀਆਂ ਸੁਣਾਉਣੀਆਂ ਹਨ। ਨਾ ਕੋਈ ਮਤੇ ਪੇਸ਼ ਕਰਨੇ, ਨਾ ਬਜਟ, ਨਾ ਹਵਾਈ ਜਹਾਜ਼ਾਂ ਦੇ ਲਾਉਂਜ। ਬੱਸ ਕਹਾਣੀਆਂ, ਹਫ਼ਤੇ ਵਿਚ ਦੋ ਵਾਰ। ਛੇਤੀ ਹੀ ਮੈਨੂੰ ਇਹ ਕੰਮ ਮਿਲ ਗਿਆ।

ਆਪਣੇ ਪਹਿਲੇ ਦਿਨ, ਲਾਇਬ੍ਰੇਰੀਅਨ ਨੇ ਮੈਨੂੰ ''ਦ ਥ੍ਰੀ ਲਿਟਲ ਪਿੱਗਜ਼'' ਫੜਾਈ। ਇਹ ਕਿਹੜਾ ਮੁਸ਼ਕਿਲ ਕੰਮ ਹੈ, ਮੈਂ ਸੋਚਿਆ। ਹੌਂਸਲੇ ਨਾਲ ਸ਼ੁਰੂ ਹੋਇਆ। ਪਹਿਲੇ ਸੂਅਰ ਨੇ ਤੂੜੀ-ਪਰਾਲੀ ਨਾਲ ਘਰ ਬਣਾਇਆ। ਮੈਂ ਕੋਈ ਅੱਧਾ ਕੁ ਸਕਿੰਟ ਰੁਕਿਆ। ਤੂੜੀ-ਪਰਾਲੀ, ਆਖਿਰਕਾਰ, ਇੱਕ ਦਿਲਚਸਪ ਉਸਾਰੀ-ਸਮੱਗਰੀ ਹੈ। ਦੂਜੇ ਸੂਅਰ ਨੇ ਛਿਟੀਆਂ-ਸੋਟੀਆਂ ਵਰਤੀਆਂ। ਤੀਜੇ ਨੇ ਇੱਟਾਂ। ਮੈਂ ਆਪਣੇ ਆਪ ਨੂੰ ਕਮਾਲ ਦੇ ਠਰ੍ਹੰਮੇ ਨਾਲ ਰੋਕੀ ਰੱਖਿਆ, ਇੱਟਾਂ ਵਾਲਾ ਘਰ ਆਉਣ ਤੱਕ। ''ਬੱਚਿਓ,'' ਮੈਂ ਕਿਹਾ, ''ਇੱਟਾਂ ਬਹੁਤ ਤਕੜੀਆਂ ਤਾਂ ਹੁੰਦੀਆਂ ਹਨ, ਪਰ ਇਨ੍ਹਾਂ ਨੂੰ ਬਨਾਉਣ ਵਿਚ ਬਹੁਤ ਸਾਰੀ ਊਰਜਾ ਵੀ ਤਾਂ ਲੱਗਦੀ ਹੈ।'' ਲਾਇਬ੍ਰੇਰੀਅਨ ਨੇ ਸਿਰ ਚੁੱਕ ਕੇ ਵੇਖਿਆ। ਮੈਂ ਛੇਤੀ ਛੇਤੀ ਭੇੜੀਏ ਵੱਲ ਹੋਇਆ। ਲਓ, ਉਸ ਨੇ ਤੂੜੀ-ਪਰਾਲੀ ਵਾਲਾ ਘਰ ਫੂਕਾਂ ਮਾਰ ਕੇ ਉਡਾਅ ਦਿੱਤਾ ਅਤੇ ਫੇਰ ਲੱਕੜ-ਸੋਟੀ ਵਾਲਾ। ਮੈਂ ਉਸਾਰੀ ਪੱਖੋਂ ਇਨ੍ਹਾਂ ਦੀ, ਕਿਸੇ ਔਖੇ ਹਾਲ ਵਿਚ, ਹੰਢਣਸਾਰਤਾ ਅਤੇ ਉਸਾਰੀ ਦੇ ਮਿਆਰਾਂ ਬਾਰੇ ਚਰਚਾ ਕਰਨੋਂ ਆਪਣੇ ਆਪ ਨੂੰ ਰੋਕਿਆ। ਪਰ ਜਦੋਂ ਭੇੜੀਆ ਇੱਟਾਂ ਦਾ ਘਰ ਫੂਕਾਂ ਮਾਰ ਕੇ ਉਡਾਉਣ ਵਿਚ ਨਾਕਾਮਯਾਬ ਰਿਹਾ, ਮੈਂ ਫੇਰ ਡੋਲ ਗਿਆ ਅਤੇ ਬੱਚਿਆਂ ਨੂੰ ਪੁੱਛਿਆ ਕਿ -ਉਹ ਕੀ ਸੋਚਦੇ ਹਨ ਕਿ ਆਬੋ-ਹਵਾ ਦੇ ਪੱਖੋਂ ਕਿਹੜਾ ਘਰ ਸਭ ਤੋਂ ਕੰਮ ਦੀ ਚੋਣ ਹੋਏਗੀ?

ਇੱਕ ਬੱਚਾ ਕਹਿੰਦਾ, ''ਗੁਲਾਬੀ ਵਾਲਾ।'' ਗੁਲਾਬੀ ਘਰ ਕੋਈ ਹੈ ਨਹੀਂ ਸੀ। ਇੱਕ ਹੋਰ ਕਹਿੰਦਾ -ਭੇੜੀਏ ਨੂੰ ਸੂਅਰਾਂ ਨਾਲ ਰਹਿਣ ਲੱਗ ਪੈਣਾ ਚਾਹੀਦਾ ਹੈ। ਮੈਨੂੰ ਖ਼ਿਆਲ ਆਇਆ ਕਿ ਇਹ ਤਾਂ ਬੜਾ ਹੀ ਕਮਾਲ ਦਾ, ਅਗਲੇ-ਜ਼ਮਾਨੇ-ਵਾਲਾ ਹੱਲ ਹੈ -ਸਾਂਝੀਆਂ ਰਿਹਾਇਸ਼ਾਂ ਹੋਣ- ਪਰ ਲਾਇਬ੍ਰੇਰੀਅਨ ਨੂੰ, ਸਾਫ਼ ਹੀ ਪਤਾ ਲੱਗਦਾ ਸੀ ਕਿ, ਲੱਗ ਰਿਹਾ ਸੀ ਕਿ ਇਹ ਕਹਾਣੀਕਾਰੀ ਆਪਣੇ ਰਾਹੋਂ ਬਥੇਰੀ ਭਟਕ ਚੁੱਕੀ ਹੈ।

ਉਸ ਸੈੱਸ਼ਨ ਤੋਂ ਬਾਅਦ ਮੇਰੀ ਪੋਤੀ ਸੋਚੀਂ ਪਈ ਹੋਈ ਸੀ। ''ਤੂੰ ਬਸ ਕਹਾਣੀ ਪੜ੍ਹ ਕੇ ਸੁਣਾਉਣੀ ਹੁੰਦੀ ਹੈ।'' ''ਹਾਂ।'' ''ਤੈਨੂੰ ਹੋਰ ਹੋਰ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ।'' ''ਨਹੀਂ।'' ''ਫੇਰ ਕਿਉਂ ਕੀਤੀਆਂ?'' ਮੇਰੇ ਕੋਲ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਸੀ। ਯਾਨੀ ਨਗਰਪਾਲਿਕਾ ਲਾਇਬ੍ਰੇਰੀ ਵਿਚ ਸਟੋਰੀਟੈੱਲਰ ਵਾਲੀ ਮੇਰੀ ਨੌਕਰੀ ਥੋੜ੍ਹ-ਚਿਰੀ ਹੀ ਰਹੀ।

ਉਸਦਾ ਤੀਜਾ ਫੁਰਨਾ ''ਵਾਈਨ ਐਂਡ ਬਟਰ'' ਸੀ, ਗੁਆਂਢ ਦੀ ਹੀ ਇੱਕ ਕੈਫ਼ੇ ਜਿਸ ਅੱਗੋਂ ਅਸੀਂ ਕਦੇ ਕਦੇ ਲੰਘਦੇ ਸੀ। ਲੋਕ ਬੈਠੇ ਕਾਫ਼ੀ ਪੀ ਰਹੇ ਹੁੰਦੇ, ਮੇਜ਼ਾਂ ਥੱਲੇ ਕੁੱਤੇ ਸੁੱਤੇ ਹੁੰਦੇ ਅਤੇ ਕਿਸੇ ਨੂੰ ਵੀ ਕੋਈ ਖ਼ਾਸ ਜਲਦੀ ਨਾ ਲੱਗਦੀ। ਉਸ ਨੇ ਕਾਉਂਟਰ ਵੱਲ ਇਸ਼ਾਰਾ ਕੀਤਾ। ''ਤੂੰ ਇੱਥੇ ਕੰਮ ਕਰ ਸਕਦਾ ਹੈਂ।'' ''ਕੀ ਕਰਨਾ ਹੁੰਦਾ ਹੈ?'' ''ਕਾਫ਼ੀ ਫੜਾਉਣੀ ਹੈ।'' ਇੱਕ ਵਾਰ ਫੇਰ, ਕਮਾਲ ਦਾ ਤਰਕ। ਕਾਫ਼ੀ, ਮਸ਼ੀਨ ਤੋਂ ਕੱਪ ਨੂੰ ਜਾਂਦੀ ਹੈ। ਕੱਪ ਗਾਹਕ ਨੂੰ ਜਾਂਦਾ ਹੈ। ਦਾਦਾ ਵਾਸ਼ਿੰਗਟਨ ਰਹੇਗਾ। ਇਹੋ ਜਿਹਾ ਕੁਝ ਨਹੀਂ ਸੀ ਦਿਸਦਾ ਕਿ ਜਿਸ ਵਿਚ ਮੈਂ ਕੁਝ ਵਿਗਾੜ ਪਾ ਸਕਦਾ ਹੋਵਾਂ। ਕੁਝ ਕੁ ਚਿਰ ਤਾਂ ਮੈਨੂੰ ਇਹੋ ਲੱਗਾ। ''ਕੈਪੇਚੀਨੋ?'' ''ਆਹ ਲਓ ਜੀ।'' ''ਅਮੈਰੀਕਾਨੋ?'' ''ਕਿਉਂ ਨਹੀਂ!'' ਫੇਰ ਇੱਕ ਮੇਜ਼ 'ਤੇ ਬੈਠੇ ਕਿਸੇ ਗਾਹਕ ਨੇ ਚੀਨੀ ਦੇ ਕੱਪ ਦੀ ਥਾਂ ਡਿਸਪੋਜ਼ੇਬਲ ਕੱਪ ਮੰਗਿਆ। ਮੈਂ ਤਕਰੀਬਨ ਪੁੱਛ ਹੀ ਬੈਠਾ, ਪਰ ਵੇਲੇ ਸਿਰ ਆਪਣੇ ਆਪ ਨੂੰ ਰੋਕ ਲਿਆ। ਕੁਝ ਮਿਨਟਾਂ ਬਾਅਦ ਕਿਸੇ ਨੇ ਤਿੰਨ ਨੈਪਕਿਨ ਮੰਗੇ। ਮੈਂ ਉਸਨੂੰ ਬਿਨਾ ਕਿਸੇ ਟਿੱਪਣੀ ਤਿੰਨ ਫੜਾਅ ਦਿੱਤੇ। ਇਹ ਤਾਂ ਬਈ ਵਾਹਵਾ ਹੀ ਤਰੱਕੀ ਸੀ।

ਬਦਕਿਸਮਤੀ ਨਾਲ, ਇਹੋ ਜਿਹੀ ਚੁੱਪੀ ਮੈਨੂੰ ਬੇ-ਅਰਾਮ ਕਰ ਦਿੰਦੀ ਹੈ। ਸ਼ੁਰੂ ਮੈਂ ਇਥੋਂ ਹੋਇਆ: ਕਿ ਕੂੜੇ-ਦਾਨ ਮੁੜ-ਟਿਕਾਉਣ ਲੱਗ ਪਿਆ। ਫੇਰ ਮੈਂ ਕਿਹਾ ਬਈ ਇਹ ਕਾਫ਼ੀ ਗ੍ਰਾਉਂਡਜ਼ ਕਿੱਥੇ ਜਾਣੇ ਹਨ (ਭਿਓਂ ਕੇ ਬਣਾਈ ਕਾਫ਼ੀ ਬੀਆਂ ਦੀ ਰਹਿੰਦ ਖੂੰਹਦ- ਅਨੁ.)। ਫੇਰ ਮੈਂ ਉੱਚੀ ਦੇਣੀ 'ਸੋਚਿਆ' ਕਿ ਕੀ ਉਹ ਖਾਦ ਬਨਾਉਣ ਲਈ ਵਰਤੇ ਜਾ ਸਕਦੇ ਹਨ? ਉਸ ਤੋਂ ਬਾਅਦ ਛੇਤੀ ਹੀ ਮੈਂ ਮਾਲਿਕ ਨਾਲ ਮੁੜ-ਵਰਤੇ ਜਾਣ ਵਾਲੇ ਕੱਪਾਂ ਬਾਰੇ ਵਿਚਾਰ ਵਟਾਂਦਰਾ ਕਰ ਰਿਹਾ ਸੀ।




ਉਹ ਨਰਮ ਅਤੇ ਨਿਮਰ ਸੀ। ਬਹੁਤ ਹੀ ਨਿਮਰ ਅਤੇ ਨਰਮ। ਉਹੋ ਜਿਹੀ ਨਰਮੀ ਜੋ ਆਮ ਤੌਰ ’ਤੇ ਨੌਕਰੀ ਤੋਂ ਛੁੱਟੀ ਹੋ ਜਾਣ ਤੋਂ ਥੋੜ੍ਹੀ ਹੀ ਪਹਿਲਾਂ ਆਉਂਦੀ ਹੈ। ਦੁਪਹਿਰ ਦੇ ਖਾਣੇ ਵੇਲੇ ਤੱਕ ਮੇਰੀ ਪੋਤੀ ਮੇਰੇ ਲਈ ਕੋਈ ਹੋਰ ਨੌਕਰੀ ਲੱਭ ਰਹੀ ਸੀ।

ਤਿੰਨ ਨਾ-ਕਾਮਯਾਬ ਕੋਸ਼ਿਸ਼ਾਂ ਤੋਂ ਬਾਅਦ ਪੋਤੀ ਨੇ ਅਖੀਰ ਕੇਂਦਰੀ ਪੁਆੜਾ ਸਿੰਗਾਂ ਤੋਂ ਫੜਿਆ।

“ਇਹ ਤੈਨੂੰ ਕੱਢਦੇ ਕਿਉਂ ਰਹਿੰਦੇ ਹਨ?” ਇਹ ਕੋਈ ਇਹੋ ਜਿਹਾ ਸੁਆਲ ਨਹੀਂ ਸੀ ਜਿਸਦੀ ਤੁਹਾਨੂੰ ਸੱਤਰਾਂ ਦੇ ਹੋ ਕੇ ਆਸ ਹੁੰਦੀ ਹੈ।

ਮੈਂ ਉਸ ਨੂੰ ਕੋਈ ਸੂਝਵਾਨ ਜੁਆਬ ਦੇਣ ਬਾਰੇ ਸੋਚਿਆ – ਸੰਸਥਾਵਾਂ ਵਿਚ ਫਿਟ ਅਤੇ ਵੱਡੀ-ਉਮਰੇ ਢੁਕਵੇਂ ਹੋਣ ਬਾਰੇ, ਪਰ ਇਸਦੀ ਥਾਂ ਇਹ ਕਿਹਾ, “ਮੇਰਾ ਖ਼ਿਆਲ ਹੈ ਦਾਦਾ ਬੋਲਦਾ ਬਹੁਤਾ ਹੈ।”

ਉਸ ਨੇ ਝੱਟ ਦੇਣੀ ‘ਹਾਂ’ ਵਿਚ ਸਿਰ ਹਿਲਾਇਆ। ਲੱਗਦਾ ਸੀ ਕਿ ਇਹ ਘਾਟ ਤਾਂ ਚੰਗੀ ਤਕੜੀ ਤਰ੍ਹਾਂ ਸਾਬਤ ਹੋ ਚੁੱਕੀ ਸੀ। “ਉਹੋ ਤੇਰੀਆਂ ਵਾਤਾਵਰਣ (ਆਬੋ-ਹਵਾ) ਵਾਲੀਆਂ ਗੱਲਾਂ?” “ਹਾਂ।” ਉਸ ਇੱਕ ਪਲ ਸੋਚਿਆ ਅਤੇ ਫੇਰ ਕਿਹਾ- “ਫੇਰ ਨਾ ਕਰਿਆ ਕਰ ਉਹ ਗੱਲਾਂ।” ਬੜੇ ਬੜੇ ਸ਼ਾਨਦਾਰ ਪ੍ਰਬੰਧਕੀ ਸਲਾਹਕਾਰ ਲੱਭ ਪੈਂਦੇ ਹਨ ਜੋ ਇਸ ਨਾਲੋਂ ਮਾੜੀ ਸਲਾਹ ਲਈ ਕਿੰਨਾ ਕਿੰਨਾ ਪੈਸਾ ਕਢਾਅ ਲੈਂਦੇ ਹਨ।

ਮੈਂ ਹੱਸਿਆ, ਪਰ ਉਹ ਨਹੀਂ। ਉਹਦੇ ਲਈ, ਇਹ ਗੰਭੀਰ ਮਾਮਲਾ ਸੀ। ਥੋੜ੍ਹੇ ਜਿਹੇ ਮਹੀਨਿਆਂ ਬਾਅਦ ਦਾਦਾ ਆਉਂਦਾ ਹੈ, ਅਤੇ ਫੇਰ ਦਾਦਾ ਗ਼ਾਇਬ। ਜੇ ਇਸਦੀ ਵਜ੍ਹਾ ਕੰਮ ਸੀ, ਤਾਂ ਕੰਮ ਤਾਂ ਕਿਤਿਓਂ ਹੋਰੋਂ ਵੀ ਕੀਤਾ ਜਾ ਹੀ ਸਕਦਾ ਹੋਏਗਾ। ਜੇ ਨੌਕਰੀ ਸੀ ਸਾਰਾ ਪੁਆੜਾ, ਤਾਂ ਕੋਈ ਹੋਰ ਵੀ ਤਾਂ ਲੱਭੀ ਜਾ ਸਕਦੀ ਸੀ। ਅਤੇ ਜੇ ਦਾਦਾ ਇਸੇ ਲਈ ਨੌਕਰੀਆਂ ਤੋਂ ਕੱਢਿਆ ਜਾਈ ਜਾ ਰਿਹਾ ਹੈ ਕਿਉਂਕਿ ਉਹ ਬੋਲਦਾ ਬਹੁਤਾ ਹੈ, ਤਾਂ ਦਾਦਾ ਬੱਸ ਘੱਟ ਬੋਲੇ।

ਦੁਨੀਆ ਵਿਚ, ਜਦੋਂ ਤੁਸੀਂ ਚਾਰਾਂ ਦੇ ਹੋਵੋ, ਅਜੇ ਉਹ ਗੰਢਾਂ ਨਹੀਂ ਪਈਆਂ ਹੁੰਦੀਆਂ ਜਿਹੜੀਆਂ ਵੱਡੇ ਕਿੰਨੇ ਹੀ ਧਿਆਨ ਨਾਲ ਪਾਉਂਦੇ ਰਹਿੰਦੇ ਹਨ।

ਕੁਝ ਦਿਨਾਂ ਬਾਅਦ ਅਸੀਂ ਲਿੰਕਨ ਪਾਰਕ ਨੇੜੇ ਸੈਰ ਕਰ ਰਹੇ ਸੀ। ਮੇਰੇ ਜਾਣ ਦਾ ਸਮਾਂ ਨੇੜੇ ਆ ਰਿਹਾ ਸੀ ਅਤੇ ਉਸ ਨੂੰ ਇਹ ਪਤਾ ਸੀ ਕਿਉਂਕਿ ਸੂਟਕੇਸ ਮੁੜ ਦਿਸਣ ਲੱਗ ਪਿਆ ਸੀ। ਉਸ ਹਾਰ ਨਹੀਂ ਸੀ ਮੰਨੀ। ਅਚਾਨਕ ਉਸ ਨੇ ਇੱਕ ਬੈਂਚ ਵੱਲ ਇਸ਼ਾਰਾ ਕੀਤਾ। “ਦਾਦੇ, ਮੈਂ ਤੇਰੇ ਲਈ ਇੱਕ ਹੋਰ ਨੌਕਰੀ ਲੱਭ ਲਈ ਹੈ।” “ਫੇਰ ਤੋਂ?” “ਹਾਂ।” “ਕਿਹੜੀ?” “ਤੂੰ ਓਥੇ ਬੈਠਣਾ ਹੈ।” ਮੈਂ ਬੈਂਚ ਵੱਲ ਵੇਖਿਆ। “ਕੀ ਕਰਨ ਲਈ? “ਬੱਸ ਬੈਠਣੈਂ।” “ਬੱਸ ਏਨਾ ਹੀ?” ਉਸ ਨੇ ਹਾਂ ਵਿਚ ਸਿਰ ਹਿਲਾਇਆ। “ਕਿੰਨਾ ਚਿਰ?” ਉਸ ਇੱਕ ਪਲ ਸੋਚਿਆ। “ਮੇਰੇ ਆਉਣ ਤੱਕ।”

ਮੇਰੇ ਅੰਦਰ ਕੋਈ ਚੀਜ਼ ਬਹੁਤ ਚੁੱਪ ਹੋ ਗਈ। ਮੈਂ ਆਪਣੀ ਬਹੁਤੀ ਉਮਰ ਇੰਜਿਨੀਅਰਿੰਗ, ਪੜ੍ਹਾਉਨ, ਸਲਾਹ ਦੇਣ, ਲਿਖਣ, ਸਫ਼ਰ ਕਰਨ, ਜੱਥੇਬੰਦੀਆਂ, ਗਾਹਕਾਂ, ਰਿਪੋਰਟਾਂ ਅਤੇ ਸਲਾਹਕਾਰ ਹਸਤੀ ਵਜੋਂ ਬਿਤਾਏ ਹਨ। ਹਮੇਸ਼ਾ ਕੋਈ ਇੱਕ ਰੁਤਬਾ ਹੁੰਦਾ ਸੀ ਮੇਰਾ, ਕੋਈ ਜ਼ਿੰਮੇਵਾਰੀ, ਕੋਈ ਕੰਮ-ਮੁਕਾਊ ਤਰੀਕ ਅਤੇ ਮੇਰੇ ਤੋਂ ਕੋਈ ਆਸ। ਅਤੇ ਹੁਣ ਇੱਕ ਚਾਰ ਸਾਲਾਂ ਦੀ ਨੇ ਮੈਨੂੰ ਮੇਰੀ ਜ਼ਿੰਦਗੀ ਵਿਚ ਸਭ ਤੋਂ ਸੌਖੀ ਤਰ੍ਹਾਂ ਕੰਮ ਸਮਝਾਇਆ ਸੀ। ‘ਓਥੇ ਬਹਿ ਜਦੋਂ ਤੱਕ ਮੈਂ ਨਾ ਆਈ’।

ਉਹ ਕਿਹੜਾ ਲੱਭ ਹੀ ਰਹੀ ਸੀ! ਅਸਲ ਵਿਚ ਤਾਂ, ਬਿਲਕੁਲ ਨਹੀਂ ਸੀ ਲੱਭ ਰਹੀ ਉਹ ਕੈਸ਼ੀਅਰ, ਕਹਾਣੀ-ਸੁਣਾਵੇ, ਜਾਂ ਕਾਫ਼ੀ-ਵਰਤਾਵੇ ਦਾ ਕੰਮ। ਉਹ ਤਾਂ ਲੱਭ ਰਹੀ ਸੀ ਦਾਦੇ ਨੂੰ ਰੱਖੀ ਰੱਖਣ ਦਾ ਰਾਹ।

ਬੱਚਿਆਂ ਵਿਚ ਇੱਕ ਕਮਾਲ ਦੀ ਕਾਬਲੀਅਤ ਹੁੰਦੀ ਹੈ- ਉਨ੍ਹਾਂ ਸਾਰੀਆਂ ਸਮਝਾਂ ਨੂੰ ਲਾਹ-ਉਧੇੜਨ ਦੀ ਜਿਨ੍ਹਾਂ ਨਾਲ ਕਿ ਵੱਡੇ ਆਪਣੀਆਂ ਜ਼ਿੰਦਗੀਆਂ ਸ਼ਿੰਗਾਰਦੇ ਰਹਿੰਦੇ ਹਨ। ਮੈਂ ਸੋਚ ਰਿਹਾ ਸੀ ਮੁੰਬਈ ਅਤੇ ਵਾਸ਼ਿੰਗਟਨ ਬਾਰੇ; ਉਹ ਸੋਚ ਰਹੀ ਸੀ ਕੱਲ੍ਹ ਦੀ ਸਵੇਰ ਬਾਰੇ। ਮੈਂ ਸੋਚ ਰਿਹਾ ਸੀ ਜ਼ਿੰਮੇਵਾਰੀਆਂ ਅਤੇ ਹਵਾਈ ਉਡਾਨਾਂ; ਉਹ ਅਸਮੰਜਸ ਵਿਚ ਸੀ ਕਿ ਕੱਲ੍ਹ ਜਦੋਂ ਉਹ ਪਰਤੇਗੀ ਤਾਂ ਮੈਂ ਓਥੇ ਹੋਵਾਂਗਾ ਕਿ ਨਹੀਂ।

ਸ਼ਾਇਦ ਇਸੇ ਲਈ ਉਸਦੀ ਇਹ ਅਖੀਰੀ ਨੌਕਰੀ ਮੇਰੇ ਲਈ ਬਾਕੀ ਸਾਰੀਆਂ ਨਾਲੋਂ ਫ਼ਿੱਟ ਸੀ। ਕਿਸੇ ਯੋਗਤਾ ਦੀ ਲੋੜ ਨਹੀਂ। ਕੋਈ ਤਜਰਬਾ ਜ਼ਰੂਰੀ ਨਹੀਂ। ਕੋਈ ਇੰਟਰਵਿਊ ਨਹੀਂ ਸੀ ਹੋਣੀ, ਕੋਈ ਕੰਮ-ਪੇਸ਼ਕਾਰੀ ਦੀ ਪਰਖ ਨਹੀਂ ਸੀ ਅਤੇ ਕੋਈ ਰਿਟਾਇਰਮੈਂਟ ਉਮਰ ਨਹੀਂ। ਸੱਤਰਾਂ ਦਾ ਹੋ ਕੇ, ਕਿੰਨੇ ਹੀ ਗੁੰਝਲਦਾਰ ਅਹੁਦਿਆਂ ਤੋਂ ਬਾਅਦ, ਅਖੀਰ ਮੈਨੂੰ ਇੱਕ ਅਹੁਦਾ ਮਿਲਿਆ ਸੀ ਜਿਸਦੀਆਂ ਜ਼ਿੰਮੇਵਾਰੀਆਂ ਮੈਂ ਪੂਰੀ ਤਰ੍ਹਾਂ ਸਮਝਦਾ ਸੀ-

ਥਾਂ: ਵਾਸ਼ਿੰਗਟਨ, ਡੀਸੀ। ਅਹੁਦਾ: ਦਾਦਾ। ਕੰਮ: ਇਰਦ ਗਿਰਦ ਰਹਿਣਾ। ਮੈਂ ਆਪਣੀ ਪੋਤੀ ਵੱਲ ਵੇਖਿਆ। ਸਵਾਨਾ, ਉਸਦੀ ਡੌਗ, ਚੁੱਪਚਾਪ ਉਸਦੇ ਨੇੜੇ ਬੈਠੀ ਸੀ। ਇੱਕ ਪਲ ਲਈ, ਦੋਏ ਮੈਨੂੰ ਮੇਰਾ ਜੁਆਬ ਉਡੀਕਦੀਆਂ ਲੱਗੀਆਂ। ਸਵਾਨਾ ਨੇ ਸਿਰ ਚੁੱਕ ਕੇ ਮੇਰੇ ਵੱਲ ਤੱਕਿਆ।“ਲੈ ਲੈ, ਬੇਲੀਆ,” ਉਹ ਕਹਿੰਦੀ ਜਾਪਦੀ ਸੀ। ਘੱਟੋਘੱਟ, ਮੈਨੂੰ ਤਾਂ ਇਹੋ ਮੈਨੂੰ ਲੱਗਾ। ਸ਼ਾਇਦ, ਏਨੇ ਸਾਲਾਂ ਬਾਅਦ, ਅਖੀਰ, ਮੈਨੂੰ ਉਹ ਨੌਕਰੀ ਦਿੱਤੀ ਜਾ ਰਹੀ ਸੀ ਜਿਸ ਲਈ ਕਿ ਓਥੇ ਹੀ ਰਹਿ ਪੈਣਾ ਸਹੀ ਲੱਗਦਾ ਸੀ।

ਅਨੁ: ਪੂਨਮ ਸਿੰਘ MD Environmental Management Centre Pvt Ltd, Maharashtra. from LinkedIn. https://prasadmodakblog.com/2026/08/18/grandpa-i-found-you-a-job/com/2026/08/18/grandpa-i-found-you-a-job/

# ਰੇਡੀਓ ਦੀਆਂ ਯਾਦਾਂ -32

## ਦੇਵਿੰਦਰ ਮਹੇਂਦਰੂ

## ਸੀਜ਼ਨ -2



**ਪਿਛਲੇ** ਹਫ਼ਤੇ ਨਸੀਬ ਸਿੰਘ ਮਿਨਹਾਸ ਦਾ ਫ਼ੋਨ ਆਇਆ। ਕਰੀਬ ਇੱਕ ਘੰਟਾ ਗੱਲ ਹੁੰਦੀ ਰਹੀ। ਸੱਠਾਂ ਮਿੰਟਾਂ ਵਿੱਚ ਪੰਜਾਹ ਮਿੰਟ ਤੋਂ ਜ਼ਿਆਦਾ ਉਹ ਬੋਲੇ। ਬੜੇ ਪਿਆਰ ਨਾਲ ਹੁੰਗਾਰਾ ਭਰਿਆ, ਮੈਂ। ਇਸ ਲਈ ਕਿ ਫ਼ੋਨ ਉਨ੍ਹਾਂ ਕੀਤਾ ਸੀ ਤੇ ਸਾਡੀ ਗੱਲ ਸਾਲਾਂ ਬਾਅਦ ਹੋ ਰਹੀ ਸੀ..। ਦੂਸਰਾ, ਉਹ ਗੱਲ ਕਰ ਰਹੇ ਸਨ ਕਿ ਉਨ੍ਹਾਂ ਕੀ ਕੀ ਹਾਸਲ ਕਰ ਲਿਆ ਸੀ। ਗੱਲ ਕੱਟਣਾ ਤਮੀਜ਼ ਦੇ ਘੇਰੇ ਵਿੱਚ ਨਹੀਂ ਸੀ ਆਉਂਦਾ।

ਨਸੀਬ ਸਿੰਘ ਮਿਨਹਾਸ ਐਫ਼ ਐੱਮ ਧਰਮਸ਼ਾਲਾ ਵਿੱਚ ਕੁਲੀਗ ਸਨ, ਮੇਰੇ। ਉਨ੍ਹਾਂ ਦੇ ਫ਼ੋਨ ਨੇ ਕੁਝ ਸਾਲ ਪਹਿਲਾਂ ਦੇ ਇੱਕ ਹੋਰ ਫ਼ੋਨ ਦੀ ਯਾਦ ਦੁਆ ਦਿੱਤੀ। ਜਲੰਧਰ ਰੇਡੀਓ ਦੀ ਇੱਕ ਪਿਆਰੀ ਸ਼ਖ਼ਸੀਅਤ ਦਾ ਫ਼ੋਨ ਸੀ, ਇਸੇ ਤਰ੍ਹਾਂ ਘੰਟੇ ਤੋਂ ਕੁਝ ਵੱਧ ਸਮੇਂ ਦਾ। ਉਸ ਗੱਲਬਾਤ ਵਿੱਚ ਵੀ ਮੇਰੇ ਵੱਲੋਂ ਹੁੰਗਾਰੇ ਸਨ, ਸਿਰਫ਼। ਉਨ੍ਹਾਂ ਵੀ ਆਪਣੇ ਬਾਰੇ ਉਹ ਸਾਰਾ ਕੁਝ ਦੱਸਿਆ ਜਿਸਦੀ ਜਾਣਕਾਰੀ ਮੈਨੂੰ ਪਹਿਲਾਂ ਤੋਂ ਹੀ ਸੀ।

ਇਹ ਗੱਲ ਲਿਖਦਿਆਂ ਹੱਸ ਰਹੀ ਹਾਂ ਮੈਂ। ਵਧੀਆ ਸਰੋਤਾ ਹੋਣ ਦਾ ਖ਼ਿਤਾਬ ਮਿਲਣਾ ਚਾਹੀਦਾ ਹੈ ਮੈਨੂੰ। ਇਹ ਵੀ ਸੋਚ ਰਹੀ ਹਾਂ, ਕਿੰਨੀ ਜ਼ਰੂਰਤ ਹੁੰਦੀ ਹੈ ਕਈ ਵਾਰ, ਕਿਸੇ ਅਜਿਹੇ ਦੀ ਜਿਹੜਾ ਬੱਸ ਸ਼ਾਂਤੀ ਨਾਲ ਸੁਣ ਸਕੇ ਸਾਨੂੰ।

ਰੇਡੀਓ ਸਦਾ ਸ਼ੁਕਰਗੁਜ਼ਾਰ ਰਹੇਗਾ ਉਨ੍ਹਾਂ ਸਰੋਤਿਆਂ ਦਾ ਜਿਨ੍ਹਾਂ ਹਮੇਸ਼ਾ ਉਸ ਦੇ ਪ੍ਰੋਗਰਾਮ ਏਨੇ ਪਿਆਰ ਨਾਲ ਸੁਣੇ ਤੇ ਚਿੱਠੀਆਂ ਦੇ ਰੂਪ ਵਿੱਚ ਆਪਣੇ ਹੁੰਗਾਰੇ ਸਾਡੇ ਤੱਕ ਪਹੁੰਚਾਏ।

ਦੋ ਸਾਲ ਪਹਿਲਾਂ ਚੰਡੀਗੜ੍ਹ ਵਿੱਚ ਗੁਰਜੀਤ ਮਿਲੀ ਸੀ। ਉਸ ਨੇ ਡਾਇਰੀ ਵਿੱਚ ਤਰੀਕਾਂ ਲਿਖੀਆਂ ਹੋਈਆਂ ਸਨ ਸਾਰੀਆਂ, ਜਦੋਂ ਜਦੋਂ ਜਲੰਧਰ ਦੇ "ਦੇਸ ਪੰਜਾਬ" ਪ੍ਰੋਗਰਾਮ ਵਿੱਚ ਉਨ੍ਹਾਂ ਦੀਆਂ ਚਿੱਠੀਆਂ ਸ਼ਾਮਲ ਕੀਤੀਆਂ ਗਈਆਂ ਸਨ! ਚਿੱਠੀਆਂ ਦਾ ਏਨਾ ਮਹੱਤਵ ਹੁੰਦਾ ਹੈ ਰੇਡੀਓ ਵਿੱਚ, ਕਿ ਹਰ ਕੈਪੀਟਲ ਸਟੇਸ਼ਨ ਵਿੱਚ ਇੱਕ ਅਲੱਗ ਵਿਭਾਗ ਹੁੰਦਾ ਹੈ "ਆਡੀਅੰਸ ਰਿਸਰਚ" ਯਾਨੀ ਸਰੋਤਿਆਂ ਬਾਰੇ ਖੋਜ ਦਾ, ਜਿੱਥੇ ਪੂਰੀ ਖੋਜ ਹੁੰਦੀ ਹੈ ਕਿ ਪ੍ਰੋਗਰਾਮ, ਉਸ ਸਟੇਸ਼ਨ ਦੇ, ਕਿੰਨੇ ਕੁ ਪਸੰਦ ਕੀਤੇ ਜਾਂਦੇ ਹਨ ਤੇ ਕਿੱਥੇ ਕਿੱਥੇ ਸਰੋਤਿਆਂ ਨੂੰ ਕਮੀਆਂ ਨਜ਼ਰ ਆਉਂਦੀਆਂ ਹਨ; ਕਿਸ ਤਰ੍ਹਾਂ ਸੁਧਾਰ ਕੀਤਾ ਜਾ ਸਕਦਾ ਹੈ ਪ੍ਰੋਗਰਾਮਾਂ ਵਿੱਚ- ਚਿੱਠੀਆਂ ਰਾਹੀਂ ਸਰੋਤਿਆਂ ਦੇ ਭੇਜੇ ਸੁਝਾਵਾਂ ਉੱਤੇ ਅਮਲ ਕਰ ਕੇ।

ਅੱਜਕੱਲ੍ਹ ਤਾਂ ਫ਼ਰਮਾਇਸ਼ ਗੀਤਾਂ ਦੀ ਫ਼ੋਨ 'ਤੇ ਹੀ ਆਉਂਦੀ ਹੈ। ਚਿੱਠੀਆਂ ਦਾ ਰਿਵਾਜ਼ ਤਾਂ ਰਿਹਾ ਹੀ ਨਹੀਂ। ਬਹੁਤ ਘੱਟ ਸਰੋਤੇ ਚਿੱਠੀਆਂ ਲਿਖਦੇ ਹਨ। "ਕਥਾ ਲੋਕ" ਦੀਆਂ ਕਹਾਣੀਆਂ ਸੁਣ ਕੇ ਬੇਹਿਸਾਬ ਚਿੱਠੀਆਂ ਆਉਂਦੀਆਂ ਹੁੰਦੀਆਂ ਸਨ। ਫ਼ੋਨ ਵੀ ਆਉਂਦਾ ਸੀ ਕੋਈ, ਟਾਵਾਂ ਟਾਵਾਂ। ਮੋਬਾਈਲ ਤਾਂ ਉਦੋਂ ਅਜੇ ਆਏ ਨਹੀਂ ਸਨ। ਤੇ ਲੈਂਡ ਲਾਈਨ ਫ਼ੋਨ ਕਿਸੇ ਕਿਸੇ ਘਰ ਹੀ ਲੱਗਾ ਹੁੰਦਾ ਸੀ। ਏਨੀ ਤਰੀਫ਼ ਪੜ੍ਹ ਕੇ ਹੋਰ ਵਧੀਆ ਕਹਾਣੀਆਂ ਲੱਭਣ ਨੂੰ ਦਿਲ ਕਰਦਾ ਸੀ! ਤੇ ਪ੍ਰੋਡਕਸ਼ਨ 'ਤੇ ਵੀ ਜ਼ਿਆਦਾ ਮਿਹਨਤ ਕਰਨ ਦੀ ਪ੍ਰੇਰਨਾ ਮਿਲਦੀ ਸੀ।

ਪੰਜਾਬੀ ਦੀ ਕਹਾਣੀ ਵਿਧਾ ਬਹੁਤ ਅਮੀਰ ਹੈ। ਕਵਿਤਾ ਨਾਵਲ ਤੇ ਹੋਰ ਵਿਧਾਵਾਂ ਵਿੱਚ ਵੀ ਅੱਛਾ ਲਿਖਿਆ ਜਾ ਰਿਹਾ ਹੈ -ਪਰ ਕਹਾਣੀ ਨੂੰ ਸਭ ਤੋਂ ਉੱਪਰ ਹੀ ਰੱਖਾਂਗੇ। ਪੰਜਾਬੀ ਕਹਾਣੀ ਵਿਸ਼ਵ ਪੱਧਰ 'ਤੇ ਵੱਖ ਵੱਖ ਭਾਸ਼ਾਵਾਂ ਵਿੱਚ ਲਿਖੀਆਂ ਜਾ ਰਹੀਆਂ ਕਹਾਣੀਆਂ ਨੂੰ ਟੱਕਰ ਦਿੰਦੀ ਹੈ। ਮੈਨੂੰ ਮਾਣ ਹੈ ਕਿ ਸਾਲ ਓ ਸਾਲ ਕਹਾਣੀਆਂ 'ਤੇ ਅਧਾਰਤ ਇਸ ਪ੍ਰੋਗਰਾਮ ਨਾਲ ਜੁੜੀ ਰਹੀ ਮੈਂ।

ਅਸੀਂ ਹਫ਼ਤੇ ਵਿੱਚ ਇੱਕ ਦਿਨ ਪੰਜਾਬੀ ਤੋਂ ਅਲਾਵਾ ਹੋਰ ਭਾਸ਼ਾ ਦੀ ਕਹਾਣੀ ਵੀ ਇਸ ਵਿੱਚ ਸ਼ਾਮਲ ਕਰਦੇ ਸਾਂ।

ਲੋਕ ਮਨ ਕਵਿਤਾ ਨਾਲੋਂ ਜ਼ਿਆਦਾ ਕਹਾਣੀ ਨਾਲ ਜੁੜਦਾ ਹੈ।

ਕਹਾਣੀ ਮਨ ਵਿੱਚ ਮਨੁੱਖ ਦੇ ਨਾਲ ਨਾਲ ਤੁਰਦੀ ਹੈ, ਇਸ ਲਈ।

ਬਹੁਤ ਸਾਰੀਆਂ ਅਵਾਜ਼ਾਂ ਤੁਸੀਂ ਕਦੇ ਭੁੱਲ ਨਹੀਂ ਸਕਦੇ, ਰੇਡੀਓ ਨਾਲ ਜੁੜੇ ਲੋਕਾਂ ਦੀਆਂ, ਅਕਸਰ!

ਪਰ ਇਹ ਵੀ ਨਹੀਂ ਕਿ ਰੇਡੀਓ ਤੋਂ ਬਾਹਰ ਮੋਹ ਲੈਣ ਵਾਲੀਆਂ ਅਵਾਜ਼ਾਂ ਦੀ ਕੋਈ ਘਾਟ ਹੈ। ਕਦੇ ਕਿਤੇ ਕੋਈ ਅਜਿਹੀ ਅਵਾਜ਼ ਤੁਹਾਨੂੰ ਬੰਨ੍ਹ ਕੇ ਬਿਠਾਅ ਲੈਂਦੀ ਹੈ। ਤੁਸੀਂ ਸੋਚਦੇ ਹੋ ਇਸ ਨੂੰ ਰੇਡੀਓ 'ਤੇ ਹੋਣਾ ਚਾਹੀਦਾ ਸੀ। ਕਹਿੰਦੇ ਵੀ ਹੋ, ਸਲਾਹ ਵੀ ਦਿੰਦੇ ਹੋ -ਪਰ ਗਰੈਜੂਏਟ ਹੋਣਾ ਜ਼ਰੂਰੀ ਸ਼ਰਤ ਹੁੰਦੀ ਹੈ। ਉਮਰ ਵੀ ਪੈਂਤੀ ਤੋਂ ਵੱਧ ਨਹੀਂ ਹੋਣੀ ਚਾਹੀਦੀ। ਮਨ ਵੀ ਹੋਣਾ ਜ਼ਰੂਰੀ ਹੈ- ਰੇਡੀਓ ਨਾਲ ਜੁੜਨ ਦਾ!

### ਆਓ ਜਾਣੀਏ-

## ਸਿੰਧ ਰੇਡੀਓ ਦੇ ਕਲਾਕਾਰ



1 ਸਤੰਬਰ, 2007, ਬਹੁਤ ਮਸ਼ਹੂਰ ਰੇਡੀਓ ਪੇਸ਼ਕਾਰ, ਟੀਵੀ ਐਂਕਰ ਸੱਯਦ ਸਾਲੇਹ ਮੁਹੰਮਦ ਸ਼ਾਹ ਚਲਾਣਾ ਕੀਤਾ। 1937 ਵਿਚ ਹੈਦਰਾਬਾਦ, ਸਿੰਧ, ਨੇੜੇ ਪਿੰਡ ਦਰਯਾ ਬੇਗ਼ ਮੁਗ਼ਲ ਜੰਮੇ, ਰੇਡੀਓ ਪਾਕਿਸਤਾਨ ਹੈਦਰਾਬਾਦ ਦੇ ਪ੍ਰੋਗ੍ਰਾਮ "ਫ਼ਤਹਿ ਖਾਨ ਦੀ ਕਚਹਿਰੀ" ਵਿਚ ਫ਼ਤਿਹ ਖਾਨ ਵਾਂਗ ਬਹੁਤ ਯਾਦ ਕੀਤੇ ਜਾਂਦੇ - ਜੋ ਕੋਈ ਅੱਧੀ ਸਦੀ ਬੇਰੋਕ ਚੱਲਿਆ। ਇੱਕੋ ਇੱਕ ਰੇਡੀਓ ਆਰਟਿਸਟ ਜਿਨ੍ਹਾਂ ਦੇ ਨਾਂ ਉੱਤੇ ਸੀ ਪ੍ਰੋਗਰਾਮ। ਮਹਾਨ ਸੂਫ਼ੀ ਸ਼ਾਇਰ ਸ਼ਾਹ ਅਬਦੁਲ ਲਤੀਫ਼ ਭਿੱਟਾਈ ਦੇ ਵੱਡੇ ਪ੍ਰਸੰਸਕ- ਰੇਡੀਓ ਪਾਕਿਸਤਾਨ ਨੇ ਉਨ੍ਹਾਂ ਦੀ ਹੀ ਅਵਾਜ਼ ਵਿਚ ਭਿਟਾਈ ਦੀ ਸ਼ਾਇਰੀ ਰਿਕਾਰਡ ਕੀਤੀ। ਇਸ ਮਹਾਨ ਸੂਫ਼ੀ ਕਵੀ ਦੇ ਮਿਸਰਿਆਂ ਨੂੰ ਸੁਨਾਣ ਦੀ ਉਨ੍ਹਾਂ ਦੀ ਬੇਮਿਸਾਲ ਮੁਹਾਰਤ ਸੀ। ਸਿੰਧੀ ਫ਼ਿਲਮ "ਰੰਗ ਮਹਲ" ਵਿਚ ਐਕਟਰ ਸਨ। ਪ੍ਰੋਗ੍ਰਾਮ "ਔਤਾਕ" ਪੇਂਡੂ ਦਰਸ਼ਕਾਂ ਵਿਚ ਬੜਾ ਹਰਮਨਪਿਆਰਾ ਸੀ।

# ਪ੍ਰੀਤ-ਮੇਲ ਤੇ ਪ੍ਰੀਤ-ਮਿਲਣੀ

## ਗੁਰਬਖ਼ਸ਼ ਸਿੰਘ

ਅਗਸਤ-ਨਵੰਬਰ 1936



**ਕਾਬਲ** ਦਰਿਆ ਦੇ ਪਾਰਲੇ ਕੰਢੇ ਤਕ ਕੁਝ ਸਨੇਹੀ ਸਾਨੂੰ ਛੱਡਣ ਆਏ। ਘਰ ਦਾ ਸਾਰਾ ਲਟਾ-ਪਟਾ ਬੇੜੀਆਂ ਵਿਚੋਂ ਲਹਿ ਗੱਡਿਆਂ ਵਿਚ ਲੱਦਿਆ ਗਿਆ, ਵਾਹੀ ਦੀਆਂ ਪਹੀਆਂ ਵਾਲੀਆਂ ਮਸ਼ੀਨਾਂ ਟ੍ਰੈਕਟਰ ਦੇ ਪਿੱਛੇ ਜੁੜੀਆਂ ਗਈਆਂ, ਤੇ ਸਾਡੀ ਡੇਅਰੀ ਦੀਆਂ ਮੱਝੀਆਂ ਗਾਈਆਂ ਦਾ ਵਗ ਟਨ-ਟਨ ਕਰਦਾ ਚਾਲੇ ਪੈ ਤੁਰਿਆ।

ਸਨੇਹੀਆਂ ਨਾਲ ਸ਼ੁਭ-ਇੱਛਾਵਾ ਵਟਾ ਕੇ ਆਪਣੀਆਂ ਸਵੇਰਾਂ ਸ਼ਾਮਾਂ ਦੇ ਮਹਿਰਮ ਦਰਿਆ ਨੂੰ ਅਲਵਿਦਾ ਆਖਣ ਲਈ ਜਦੋਂ ਕੰਢੇ ਨਾਲ ਛਲਕਦੇ ਉਹਦੇ ਪਾਣੀ ਵਿਚ ਮੈਂ ਦੋਵੇਂ ਆਪਣੇ ਹੱਥ ਪਾਏ, ਭਰਿਆ ਬੁੱਕ ਬੁੱਲ੍ਹਾਂ ਨਾਲ ਲਾਇਆ, ਤੇ ਬੁੱਕ 'ਚੋਂ ਪਾਣੀ ਨਾਲ ਪੋਟੇ ਭਿਉਂ ਕੇ ਅੱਖਾਂ ਨਾਲ ਛੁਹਾਏ, ਤਾਂ ਮੇਰੇ ਦਿਲ ਵਿਚ ਉਸ ਤਰ੍ਹਾਂ ਦਾ ਕੁਝ ਹੋਇਆ ਜਿਸ ਤਰ੍ਹਾਂ ਦਾ ਬਾਲਪਨ ਵਿਚ ਬੇਬੇ ਜੀ ਕੋਲੋਂ ਕਿਸੇ ਦੇ ਦੇਸ-ਨਿਕਾਲੇ ਦੀਆਂ ਕਹਾਣੀਆਂ ਸੁਣ ਕੇ ਹੋਇਆ ਕਰਦਾ ਸੀ।

ਰੇਲ ਦੇ ਸਟੇਸ਼ਨ ਉਤੇ ਇੱਕ ਵੈਗਨ ਵਿਚ ਘਰ ਦਾ ਸਾਮਾਨ, ਦੂਜੀ ਵਿੱਚ ਮਸ਼ੀਨਾਂ , ਤੇ ਤੀਜੀ ਵਿਚ ਮੱਝੀਆਂ ਗਾਈਆਂ ਚੜ੍ਹਵਾ ਕੇ ਅਸੀਂ ਸਰਹੱਦੀ ਸੂਬਾ ਛੱਡ ਆਏ ਤੇ ਸੰਨ 1936 ਦੇ ਅਗਸਤ ਮਹੀਨੇ ਦੇ ਸ਼ੁਰੂ ਵਿਚ ਅਸੀਂ ਮਾਡਲ ਟਾਊਨ ਲਾਹੌਰ ਪਹੁੰਚ ਗਏ। ਓਦੋਂ ਅਜੇ ਇਹ ਪੂਰਾ ਵੱਸਿਆ ਨਗਰ ਨਹੀਂ ਸੀ, ਨਾ ਇਹਦੇ ੭ਮੀਨੀ ਟੁਕੜਿਆਂ ਦੀ ਏਡੀ ਮੰਗ ਸ਼ੁਰੂ ਹੋਈ ਸੀ, ਜੇਡੀ ਅਗਲੇ ਦੋ ਵਰ੍ਹਿਆਂ ਵਿਚ ਸਾਡੇ ੂਥੇ ਰਹਿੰਦਿਆਂ ਰਹਿੰਦਿਆਂ ਹੋ ਗਈ।

ਮਾਡਲ ਟਾਊਨ ਵਿਚ ਰਹਿਣ ਲਈ ਕੋਠੀ ਮੇਰੇ ਪਿਤਾ ਜੀ ਦੇ ਇੱਕ ਮਿੱਤਰ, ਰਾਏ ਬਹਾਦਰ ਸਰਦਾਰ ਲਹਿਣਾ ਸਿੰਘ ਜੀ ਨੇ ਦਿੱਤੀ ਤੇ ਮੇਰੇ ਪਿਤਾ ਜੀ ਦੇ ਦੂਜੇ ਇੱਕ ਮਿੱਤਰ, ਸਰਦਾਰ ਰਘਬੀਰ ਸਿੰਘ ਜੀ ਨੇ, ਜਿਹੜੇ ਪਿਨਸ਼ਨ ਪਾ ਕੇ ਮਾਡਲ ਟਾਊਨ ਵਿਚ ਕੋਠੀ ਬਣਾ ਕੇ ਰਹਿ ਰਹੇ ਸਨ, ਨਵੀਂ ਥਾਏਂ ਰਿਹਾਇਸ਼ ਦੀਆਂ ਸਭ ਚਿੰਤਾਵਾਂ ਤੋਂ ਮੈਨੂੰ ਸੁਰਖ਼ਰੂ ਕਰ ਦਿੱਤਾ। ਦੋ ਸਾਤਿਆਂ ਦੇ ਅੰਦਰ ਹੀ ਅਸੀਂ ਓਥੇ ਏਸ ਤਰ੍ਹਾਂ ਰਹਿ ਰਹੇ ਸਾਂ ਜਿਸ ਤਰ੍ਹਾਂ ਅਸੀਂ ਉਥੋਂ ਦੇ ਪੁਰਾਣੇ ਵਸਨੀਕ ਸਾਂ। "ਪ੍ਰੀਤ ਲੜੀ" ਦੇ ਸਨੇਹੀਆਂ ਨੇ ਵੀ ਸਾਡੀ ਪੁਛ-ਗਿਛ ਉਥੇ ਵਾਹਵਾ ਵਧਾ ਦਿੱਤੀ।

ਨਵੀਂਆਂ ਕੋਠੀਆਂ ਵਿੱਚ ਬਗੀਚੇ ਲੁਆਣਾ ਮੇਰਾ ਪਹਿਲਾ ਸੁਆਦਲਾ ਰੁਝੇਵਾਂ ਸੀ। ਮੇਰੇ ਮਾਲਕ ਮਕਾਨ ਵੀ ਰੀਝਾਂ ਵਾਲੇ ਭਾਗਵਾਨ ਸਨ। ਛੇ-ਛੇ ਕਨਾਲਾਂ ਦੇ ਦੋ ਹੋਰ ਟੁਕੜਿਆਂ ਵਿਚ, ਕੋਠੀ ਦੇ ਨਾਲ ਹੀ, ਮਾਲਟਿਆਂ ਤੇ ਨਿੰਬੂਆਂ ਦੇ ਬਾਗ ਲੁਆਣ ਦੀ ਸੌਂਪਣਾ ਉਨ੍ਹਾਂ ਮੈਨੂੰ ਕਰ ਦਿੱਤੀ। ਓਦੋਂ ਮਾਡਲ ਟਾਊਨ ਕਮੇਟੀ ਵੱਲੋਂ ਕੋਠੀਆਂ ਵਿਚ ਨਲਕੇ ਅਜੇ ਨਹੀਂ ਸਨ ਲੱਗੇ ਹੋਏ; ਮੇਰੇ ਮਾਲਕ-ਮਕਾਨ ਨੇ ਪਾਣੀ ਦੀਆਂ ਘਰੇਲੂ ਟੈਂਚੀਆਂ ਸਾਡੀ ਕੋਠੀ ਵਿੱਚ ਲੁਆ ਦਿੱਤੀਆਂ। ਚੌਹ ਮਹੀਨਿਆਂ ਵਿਚ ਹੀ ਵਾੜਾਂ ਹਰੀਆਂ ਹੋ ਪਈਆਂ, ਘਾਹ ਦੇ ਚਮਨ ਕਤਰੇ ਗਏ, ਬੂਟੇ ਨਿਸਰ ਆਏ, ਤੇ ਫੁੱਲ ਵੀ ਟਹਿਕਣ ਲੱਗ ਪਏ। ਘੁੱਗੀ-ਰੰਗੀਆਂ ਸਾਡੀਆਂ ਦੋਹਾਂ ਨਵੀਆਂ ਕੋਠੀਆਂ ਦੀ ਫੱਬਣ ਦੀਆਂ ਗੱਲਾਂ ਹੋਣ ਲੱਗ ਪਈਆਂ।

ਇੱਕ ਦਿਨ ਇੱਕ ਅੰਗਰੇਜ਼ ਮੁਟਿਆਰ, ਮਿਸਿਜ਼ ਰੋਜ਼ ਮੈਨੂੰ ਮਿਲਣ ਆਈ। ਉਸ ਦੱਸਿਆ ਕਿ ਉਹ ਸਜ-ਵਿਆਹੀ, ਹੁਣੇ ਹੁਣੇ ਲੰਦਨੋਂ ਹਿੰਦੁਸਤਾਨ ਆਈ ਸੀ। ਉਹਦਾ ਪਤੀ ਉਡਾਰੂ ਸੀ, ਤੇ ਹਵਾਈ ਅੱਡਾ ਮਾਡਲ ਟਾਊਨ ਦੇ ਨਾਲ ਹੀ ਸੀ। ਉਹਨੂੰ ਜ਼ਿੰਦਗੀ ਦਾ ਬੜਾ ਥੋੜਾ ਤਜਰਬਾ, ਤੇ ਪ੍ਰਦੇਸ ਦਾ ਤਜਰਬਾ ਉੱਕਾ ਕੋਈ ਨਹੀਂ ਸੀ। ਹਵਾਈ ਅੱਡੇ ਦੇ ਅਫ਼ਸਰ ਨੇ ਉਹਨੂੰ ਮੇਰਾ ਪਤਾ ਦੱਸਿਆ ਸੀ, ਕਿ ਮੈਂ ਯੂਰਪ ਦਾ ਸਫ਼ਰ ਕੀਤਾ ਹੋਇਐ, ਤੇ ਮੈਂ ਇੱਕ "Love Link" ("ਪ੍ਰੀਤ ਲੜੀ") ਰਿਸਾਲੇ ਦਾ ਸੰਪਾਦਕ ਹਾਂ। ਏਸ ਜਾਣ ਪਛਾਣ ਤੋਂ ਪ੍ਰਭਾਵਤ ਹੋ ਕੇ ਉਹ ਨਾ ਸਿਰਫ਼ ਸਾਡੇ ਨਾਲ ਦੀ ਕੋਠੀ ਮੇਰੇ ਕੋਲੋਂ ਕਿਰਾਏ ਲੈਣ ਲਈ ਹੀ ਆਈ ਸੀ, ਉਹ ਮੇਰੀ ਦੋਸਤਾਨਾ ਨਿਗਰਾਨੀ ਹੇਠਾਂ ਰਹਿਣ ਦੀ ਇੱਛਾ ਨਾਲ ਆਈ ਸੀ, ਕਿਉਂਕਿ ਉਹਦੇ ਪਤੀ ਨੇ ਮਹੀਨੇ 'ਚ ਦਸ ਪੰਦਰਾਂ ਦਿਨ ਬਾਹਰ ਰਹਿਣਾ ਹੁੰਦਾ ਸੀ।

ਮਿਸਿਜ਼ ਰੋਜ਼ ਤੇ ਅਸੀਂ ਨਾ ਸਿਰਫ਼ ਗੁਆਂਢੀ ਹੀ ਬਣ ਗਏ, ਇੱਕ ਡੂੰਘੀ ਸਾਂਝ ਸਾਡੇ ਦੋਹਾਂ ਪਰਵਾਰਾਂ ਵਿੱਚ ਪੈਦਾ ਹੋ ਗਈ। ਜਦੋਂ ਉਹਦੇ ਪਤੀ ਨੂੰ ਇੱਕ ਦੋ ਦਿਨ ਇਕੱਠੇ ਬਾਹਰ ਰਹਿਣਾ ਪੈ ਜਾਂਦਾ, ਤਾਂ ਉਹ ਨਵਤੇਜ ਨੂੰ ਆਪਣੀ ਕੋਠੀ ਸੌਣ ਲਈ ਉਹਦੀ ਮਾਂ ਕੋਲੋਂ ਮੰਗ ਲਿਜਾਂਦੀ ਸੀ। ਨਵਤੇਜ ਉਦੋਂ ਯਾਰਾਂ ਵਰ੍ਹਿਆਂ ਦਾ ਸੀ। ਨਵਤੇਜ ਤੇ ਮਿਸਿਜ਼ ਰੋਜ਼ ਦੀ ਚੰਗੀ ਦੋਸਤੀ ਹੋ ਗਈ। ਏਸ ਦੋਸਤੀ ਦੇ ਸੰਬੰਧ ਵਿਚ ਮਿਸਿਜ਼ ਰੋਜ਼ ਹੱਸ ਕੇ ਆਖਦੀ ਸੀ- "ਜਦੋਂ ਕਦੇ ਰਾਤੀਂ ਇਹਨੂੰ ਡਰ ਲੱਗਦਾ ਮਲੂਮ ਹੁੰਦੈ, ਇਹ "ਆਂਟੀ" ਆਖ ਕੇ ਮੇਰੇ ਪਲੰਘ ਉਤੇ ਆ ਜਾਂਦੈ, ਤੇ ਜਦੋਂ ਮੈਨੂੰ ਡਰ ਲੱਗਦਾ ਜਾਪਦੈ, ਮੈਂ ਇਹਨੂੰ 'ਵਾਜ ਮਾਰ ਕੇ, ਆਪਣੇ ਨਾਲ ਬੁਲਾ ਲੈਂਦੀ ਹਾਂ।

ਤੇ ਫੇਰ ਭੇਤ-ਭਰੀ ਮੁਸਕਣੀ ਨਾਲ ਮੁਸਕਰਾ ਕੇ ਉਹ ਆਖਦੀ- "ਪਤਾ ਨਹੀਂ ਇਹ ਡਰ ਸਾਡਾ ਸੱਚਾ ਹੁੰਦੈ, ਜਾਂ ਅਸੀਂ ਦੋਵੇਂ ਬਹਾਨਾ ਹੀ ਬਣਾ ਲੈਂਦੇ ਹਾਂ।"

ਪ੍ਰੀਤ ਨਗਰ ਦਾ ਸੁਪਨਾ ਮੈਂ ਸਮਾਧ ਅਕਾਲੀ ਫੂਲਾ ਸਿੰਘ ਉਤੇ ਹੀ ਬਣਾ ਲਿਆ ਤੇ ਪ੍ਰੀਤ-ਸੈਨਾ ਦੀ ਇੱਕ ਅਤਿ ਆਦਰਸ਼ਕ ਜਿਹੀ ਤਜਵੀਜ਼ ਮੈਂ ਓਥੋਂ ਹੀ "ਪ੍ਰੀਤ ਲੜੀ" ਵਿਚ ਛਾਪ ਦਿੱਤੀ ਸੀ। ਅਜ ਉਹਨੂੰ ਜਦੋਂ ਮੈਂ ਪੜ੍ਹਦਾ ਹਾਂ, ਆਪਣੀ ਅਕਲ ਤੇ ਆਪਣੇ ਪਾਠਕਾਂ ਦੀ ਝਬ-ਯਕੀਨੀ ਉਤੇ ਹੱਸ ਪੈਂਦਾ ਹਾਂ, ਪਰ ਓਦੋਂ ਉਹ ਤੇ ਮੈਂ ਦੋਵੇਂ ਬੜੇ ਸਹੀ ਜਾਪਦੇ ਸਾਂ।

ਸੀ.ਪੀ. (ਬਰਤਾਨਵੀ ਸਰਕਾਰ ਵੱਲੋਂ 1861 ਵਿਚ ਘੜਿਆ ਸੈਂਟ੍ਰਲ ਪ੍ਰੋਵਿੰਸ ਨਾਂ ਦਾ ਪ੍ਰਸ਼ਾਸਕੀ ਇਲਾਕਾ- ਸੰ.) ਵਿਚ ਪਚਮਰੀ ਦੇ ਕੋਲ ਕਿਸੇ ਅੰਗਰੇਜ਼

# ਪ੍ਰੀਤ-ਮੇਲ ਤੇ ਪ੍ਰੀਤ-ਮਿਲਣੀ

ਨਾਂ ਦੇ ਮਾਲਕ ਦੇ ਵਿਸ਼ਾਲ ਜੰਗਲ ਤੇ ਫ਼ਾਰਮ ਦੀ ਦੱਸ ਮੈਨੂੰ ਪਈ, ਉਹ ਆਪਣੀ ਜਾਇਦਾਦ ਵੇਚ ਕੇ ਦੇਸ ਚਲੇ ਜਾਣਾ ਸੋਚ ਰਿਹਾ ਸੀ। ਉਹਦੇ ਨਾਲ ਮੈਂ ਖ਼ਤ-ਪੱਤਰੀ ਕੀਤੀ ਤੇ ਓੜਕ ਸਰਦਾਰ ਪ੍ਰੀਤਮ ਸਿੰਘ ਚਾਹਲ, ਬੀ.ਏ.ਐਲ.ਐਲ.ਬੀ., ਆਪਣੇ ਸਿਆਣੇ ਮਿੱਤਰ ਤੇ ਸਲਾਹਕਾਰ, ਨੂੰ ਨਾਲ ਲੈਕੇ ਸੀ.ਪੀ. ਜਾਣ ਦੀ ਤਿਆਰੀ ਕਰ ਲਈ। ਪਹਿਲਾਂ ਖ਼ਿਆਲ ਉਥੇ ਪ੍ਰੀਤ ਲਗਰ ਵਸਾਣ ਦਾ ਬਣਿਆ ਸੀ, ਪਰ ਚਾਹਲ ਜੀ ਦੀ ਸਿਆਣਪ ਨੇ ਮੈਨੂੰ ਵਰਜ ਲਿਆ।

ਮਿਸਿਜ਼ ਰੋਜ਼ ਨੂੰ ਮੇਰੀ ਨਿਗਰਾਨੀ ਵਿਚ ਰਹਿਣ ਦਾ ਕੁਝ ਸੁਆਦ ਆਉਣ ਲੱਗ ਪਿਆ ਸੀ। ਜਦੋਂ ਉਹਨੂੰ ਮੈਂ ਇੱਕ ਡੇਢ ਹਫ਼ਤੇ ਲਈ ਸੀ.ਪੀ. ਜਾਣਾ ਦੱਸਿਆ, ਤਾਂ ਉਦਾਸ ਜਿਹਾ ਮੂੰਹ ਬਣਾ ਕੇ ਉਹ ਮੇਰੇ ਮੋਢੇ ਨਾਲ ਲੱਗ ਗਈ। ਤੇ ਮੇਰੇ ਚਲੇ ਜਾਣ ਦੇ ਤੀਜੇ ਦਿਨ ਬਾਅਦ ਉਹਦੀ ਉਦਾਸੀ ਲਗਪਗ ਦੁਖ ਵਿਚ ਬਦਲ ਗਈ, ਜਦੋਂ ਉਹਦਾ ਨੌਕਰ ਉਹਦੇ ਕੰਨਾਂ ਦਾ ਇੱਕ ਕਾਂਟਾ ਚੁਰਾ ਕੇ ਨੱਠ ਗਿਆ। ਆਪਣੇ ਦੇਸ ਦੀ ਸਹਾਇਕ ਪੁਲੀਸ ਦੀ ਗਿਝੀ ਹੋਈ ਨੇ ਥਾਣੇ ਰਿਪੋਟ ਭੇਜ ਦਿੱਤੀ। ਥਾਣੇ ਵਾਲਿਆਂ ਉਹਦੇ ਬਿਆਨ ਲੈ ਲਏ, ਤੇ ਉਹਦੀ ਮੋਟਰ ਵਿੱਚ ਹੀ ਉਹਨੂੰ ਏਉਂ ਕਚਹਿਰੀਆਂ ਵਿੱਚ ਭੁਆਇਆਂ ਕਿ ਉਹ ਰੋਣ-ਹਾਕੀ ਹੋਈ ਹੋਈ ਸੀ ਜਦੋਂ ਮੈਂ ਵਾਪਸ ਆਇਆ ।

ਸਵੇਰੇ ਮੈਨੂੰ ਚਮਨ ਵਿਚ ਖਲੋਤਾ ਵੇਖ ਕੇ ਉਹ ਆਪਣੇ ਮੋਟਰ-ਗਰਾਜ ਕੋਲੋਂ ਦੌੜਦੀ ਮੇਰੇ ਵਲ ਆ ਰਹੀ ਸੀ। ਮੈਂ ਵੀ ਕਾਹਲੀ ਤੁਰਦਾ ਅੱਗੋਂ ਵਾਲੀ ਹੋ ਪਿਆ। ਸਾਡੇ ਰਾਹ ਵਿਚ ਸਾਡੇ ਪੂਰਬੀ ਮਾਲੀ ਦੀ ਪਤਨੀ ਖਲੋਤੀ ਸੀ। ਮਿਸਿਜ਼ ਰੋਜ਼ ਮੇਰੇ ਗਲ ਨਾਲ ਚੰਬੜ ਗਈ। ਸਾਨੂੰ ਏਸ ਹਾਲਤ ਵਿੱਚ ਵੇਖ ਕੇ ਵਿਚਾਰੀ ਮਾਲਣ ਏਡਾ ਸ਼ਰਮਾਈ ਕਿ ਉਸ ਨੇ ਲੰਮਾ ਸਾਰਾ ਘੁੰਡ ਕੱਢ ਲਿਆ। ਉਹ ਹੈਰਾਨ ਹੋ ਗਈ ਸੀ ਕਿ ਉਹਦਾ ਸਰਦਾਰ ਵੀ, ਜੀਹਨੂੰ ਉਹ ਬੜਾ ਇੱਜ਼ਤਦਾਰ ਇਨਸਾਨ ਸਮਝਦੀ ਸੀ ਕਿਸੇ ਬੇਗਾਨੀ ਔਰਤ ਨਾਲ ਸ਼ਰੇ-ਆਮ ਏਡਾ ਬੇ-ਸ਼ਰਮ ਹੋ ਸਕਦਾ ਸੀ। ਮਿਸਿਜ਼ ਰੋਜ਼ ਦੀਆਂ ਮੋਟੀਆਂ ਭੂਰੀਆਂ ਅੱਖਾਂ ਵਿੱਚ ਅੱਥਰੂ ਭਰੇ ਪਏ ਸਨ। ਉਸ ਤਰਲਾ ਲੈ ਕੇ ਆਖਿਆ, "ਓ ਮਿਸਟਰ ਸਿੰਘ! ਮੇਰੇ ਦੂਜੇ ਕੰਨ ਦਾ ਕਾਂਟਾ ਪੁਲੀਸ ਨੂੰ ਦੁਆ ਦਿਓ, ਕਿਸੇ ਤਰ੍ਹਾਂ ਉਹ ਮੇਰਾ ਖਹਿੜਾ ਛੱਡ ਦੇਣ, ਮੈਂ ਆਪਣੀ ਦਰਖ਼ਾਸਤ ਵਾਪਸ ਲੈ ਲੈਂਦੀ ਹਾਂ- ਉਹਨਾਂ ਤਾਂ ਮੈਨੂੰ ਐਉਂ ਖ਼ੁਆਰ ਕੀਤਾ ਹੈ ਜਿਉਂ ਚੋਰ ਮੈਂ ਹੀ ਹੁੰਦੀ ਹਾਂ।"

ਮਿਸਿਜ਼ ਰੋਜ਼ ਦਾ ਕੁਝ ਲੰਮੇਰਾ ਜ਼ਿਕਰ ਮੈਂ ਏਸ ਲਈ ਕੀਤਾ ਹੈ, ਕਿ ਏਸ ਚੰਗੀ ਭੋਲੀ ਅੰਗਰੇਜ਼ ਸੱਜਣੀ ਨਾਲ ਮੇਰਾ ਸੰਖੇਪ ਜਿਹਾ ਰਿਸ਼ਤਾ ਮੇਰੇ ਪਿਆਰ-ਫ਼ਲਸਫ਼ੇ ਦੀ ਇੱਕ ਗਵਾਹੀ ਹੈ। ਗਾਂਧੀ ਜੀ ਦਾ ਜੀਵਨ "ਸੱਚ" ਨਾਲ ਉਨ੍ਹਾਂ ਦੇ ਤਜਰਬੇ ਸਨ; ਮੇਰਾ ਜੀਵਨ "ਪਿਆਰ" ਨਾਲ ਮੇਰੇ ਤਜਰਬੇ ਹਨ। ਮਿਸਿਜ਼ ਰੋਜ਼ ਮੇਰੇ ਨਾਲੋਂ ਅੱਧੀ ਉਮਰ ਦੀ ਸੀ। ਨਿੱਗਰ ਸਿੱਕਿਆਂ ਦੀ ਦੁਨੀਆ, ਲੰਦਨ, ਤੋਂ ਆਈ ਸੀ। ਉਥੇ ਇੱਕ ਜਵਾਨ ਇਸਤਰੀ ਕਿਸੇ ਦੀ ਪਤਨੀ, ਜਾਂ ਪ੍ਰੇਮਕਾ, ਜਾਂ ਰਖੇਲੀ, ਤੇ ਜਾਂ ਮਾਂ ਭੈਣ ਹੀ ਹੋ ਸਕਦੀ ਹੈ। ਜਿਦ੍ਹੇ ਨਾਲ ਇਨ੍ਹਾਂ ਰਿਸ਼ਤਿਆਂ ਵਿੱਚੋਂ ਕੋਈ ਵੀ ਨਹੀਂ, ਉਹ ਅਜਨਬੀ ਹੈ, ਜਿਹੜਾ ਬੁੱਤਾ ਉਹ ਅਜਨਬੀ ਇਸਤਰੀ ਸਾਰ ਸਕੇ, ਉਹਦੇ ਲਈ ਵਰਤੀ ਜਾਂ ਅਣ-ਪੁੱਛੀ ਛੱਡੀ ਜਾਂਦੀ ਹੈ।

ਪਰ ਮਿਸਿਜ਼ ਰੋਜ਼ ਨੇ ਮੈਨੂੰ ਦੱਸਿਆ ਕਿ ਉਸ ਨੇ ਇੱਕ ਵਾਰੀ ਨਹੀਂ, ਕਈ ਵਾਰੀ ਆਪਣੇ ਪਤੀ ਕੋਲੋਂ ਪੁੱਛਿਆ ਸੀ, "ਮਿਸਟਰ ਸਿੰਘ ਦੀ ਉਮਰ ਮੇਰੇ ਪਿਤਾ ਜਿੰਨੀ ਹੋਵੇਗੀ ਤੇ ਉਹਦਾ ਆਦਰ ਵੀ ਮੈਂ ਪਿਤਾ ਵਾਂਗ ਹੀ ਕਰਦੀ ਹਾਂ। ਪਰ ਇਹ ਮੇਰੇ ਅੰਦਰ ਕਿਹੋ ਜਿਹਾ ਜਜ਼ਬਾ ਹੈ ਕਿ ਜਦੋਂ ਉਹ ਆਪਣੇ ਚਮਨ ਵਿੱਚ ਖਲੋਤਾ ਹੁੰਦੇ, ਮੈਂ ਚਾਹੁੰਦੀ ਹਾਂ ਉਹ ਮੇਰੇ ਵੱਲ ਤੱਕੇ, ਤੇ ਜਦੋਂ ਕਦੇ ਉਹ ਕਦਮ ਪੁੱਟਦੈ, ਮੈਂ ਚਾਹੁੰਦੀ ਹਾਂ, ਉਹ ਮੇਰੇ ਵੱਲ ਆਉਂਦਾ ਹੋਵੇ।"

ਉਹਦੇ ਪਤੀ ਨੇ ਆਪਣੇ ਸਿਗਰਟ ਦਾ ਧੂੰਆਂ ਹਵਾ ਵਿਚ ਛੱਡਦਿਆਂ ਬੇ-ਧਿਆਨੀ ਨਾਲ ਆਖ ਛੱਡਿਆ ਸੀ- "ਮਿਸਟਰ ਸਿੰਘ ਚੰਗਾ ਆਦਮੀ ਹੈ।"

"ਨਹੀਂ, ਨਹੀਂ," ਮਿਸਿਜ਼ ਰੋਜ਼ ਨੇ ਕਾਹਲਾ ਜਿਹਾ ਉੱਤਰ ਦਿੱਤਾ ਸੀ, "'ਚੰਗੇ' ਆਦਮੀਆਂ ਕੋਲੋਂ ਮੈਨੂੰ ਸਹਿਮ ਲੱਗਦੈ, ਚੰਗਿਆਈ ਦੀ ਸ਼ੁਹਰਤ ਰੱਖਣ ਵਾਲੇ ਕਿਸੇ ਨੂੰ ਚਾਹ ਦਾ ਕੱਪ ਹੱਥ ਕੰਬੇ ਬਿਨਾਂ ਫੜਾ ਨਹੀਂ ਸਕਦੀ, ਪਰ ਮਿਸਟਰ ਸਿੰਘ ਨੂੰ ਕੱਪ ਫੜਾਂਦਿਆਂ ਮੇਰਾ ਜੀਅ ਕਰਦੈ ਉਹਦੇ ਹੱਥ ਨਾਲ ਮੇਰੀ ਉਂਗਲ ਛੂਹ ਜਾਏ।"

ਤੇ ਉਸ ਨੇ ਇਹੀ ਸਵਾਲ ਇੱਕ ਦਿਨ ਮੇਰੇ ਕੋਲੋਂ ਪੁੱਛਿਆ, ਜਿਸ ਸਵਾਲ ਦਾ ਆਪਣੇ ਪਤੀ ਕੋਲੋਂ ਮਿਲਿਆ ਉੱਤਰ ਉਹਨੂੰ ਸੰਤੁਸ਼ਟ ਨਹੀਂ ਸੀ ਕਰ ਸਕਿਆ। ਮੈਂ ਉਹਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਖ਼ਿਆਲਾਂ ਦੀ ਨਵੀਂ ਲੱਭੀ ਸਾਂਝ ਵਿੱਚ ਇੱਕ ਡੂੰਘੀ ਤਸੱਲੀ ਹੁੰਦੀ ਹੈ, ਪਰ ਜਜ਼ਬਿਆਂ ਦੀ ਸਾਂਝ ਵਿੱਚ ਸਜਰੇ ਇਸ਼ਕ ਵਰਗਾ ਨਸ਼ਾ ਹੁੰਦਾ ਹੈ। ਜਦੋਂ ਨਿਰਾ ਹਮ-ਖ਼ਿਆਲ ਹੀ ਨਹੀਂ, ਹਮ-ਜਜ਼ਬਾ ਕੋਈ ਸਾਡੀ ਜ਼ਿੰਦਗੀ ਵਿੱਚ ਆਵੇ, ਜਿਦ੍ਹੇ ਵਿੱਚ ਖ਼ਿਆਲਾਂ ਦੀ ਕੋਮਲਤਾ ਲਈ ਸਾਡੇ ਵਰਗੀ ਪ੍ਰਸ਼ੰਸਾ ਹੋਵੇ, ਜਿਹੜਾ ਦੂਜਿਆਂ ਦੀ ਦਿਲ-ਰੱਖਣੀ ਨੂੰ ਸਾਡੇ ਵਾਂਗ ਹੀ ਪਹਿਲ ਦੇਂਦਾ ਹੋਵੇ, ਜਿਦ੍ਹਾ ਦਿਲ ਨਿੱਕੀ ਤੋਂ ਨਿੱਕੀ ਮਿਹਰਬਾਨੀ ਲਈ ਉੱਚਾ ਹੁੰਗਾਰਾ ਦੇਣ ਲਈ ਕਾਹਲਾ ਪੈ ਜਾਂਦਾ ਹੋਵੇ, ਉਹਦੇ ਮੇਲ ਵਿੱਚ ਇਹ ਕੁਝ ਹੁੰਦੈ, ਜੋ ਉਸ ਮੈਨੂੰ ਦੱਸਿਆ ਸੀ। ਜਦੋਂ ਕਿਸੇ ਦੂਜੇ ਵਿੱਚ ਅਸੀਂ ਉਹੀ ਸੁਪਨੇ ਤੇ ਉਹੀ ਦਰਦ ਉਠਦੇ ਪਛਾਣ ਲੈਂਦੇ ਹਾਂ, ਜਿਹੜੇ ਚਿਰਾਂ ਤੋਂ ਸਾਡੇ ਦਿਲੋਂ ਉਠਦੇ ਜਾਂ ਉਠਣ ਉਠਣ ਕਰਦੇ ਹੋਣ, ਤਾਂ ਉਸ ਦੂਜੇ ਵਿੱਚ ਸਾਨੂੰ ਆਪਣਾ ਇੱਕ ਭਾਗ ਮਹਿਸੂਸ ਹੋਣ ਲੱਗ ਪੈਂਦਾ ਹੈ। ਪਿਆਰ ਦੀ ਭਾਵਨਾ ਦੂਜੇ ਵਿੱਚ ਆਪਣੀ ਪਛਾਣ ਹੀ ਹੁੰਦੀ ਹੈ। ਇਹ ਪਛਾਣ ਜੇ ਚੋਖੀ ਤਿੱਖੀ ਹੋਵੇ, ਤਾਂ ਇਹਦੇ ਵਿੱਚ ਉਹ ਕੁਝ ਵੀ ਹੁੰਦਾ ਹੈ, ਜਿਹਨੂੰ "ਇਸ਼ਕ-ਗੁਦਗੁਦੀ" ਆਖ ਸਕਦੇ ਹਾਂ। ਭਾਵੇਂ ਏਸ ਪਛਾਣ ਵਾਲ ਸਾਡਾ ਕੁਝ ਵੀ ਨਾ ਲੱਗਦਾ, ਨਾ ਲੱਗ ਹੀ ਸਕਦਾ ਹੋਵੇ, ਉਹਦੇ ਨੇੜੇ ਹੋਣ ਦੀ ਖਿੱਚ ਸਾਡੇ ਜੀਵਨ ਵਿੱਚ ਇੱਕ ਨਵਾਂ ਉਤਸ਼ਾਹ ਪੈਦਾ ਕਰ ਦੇਂਦੀ ਹੈ। ਇਹਦੇ ਵਿੱਚ ਵਸਲ ਦੀ ਬੇ-ਖ਼ੁਦੀ ਭਾਵੇਂ ਨਹੀਂ ਹੁੰਦੀ, ਪਰ ਕਿਸੇ ਪ੍ਰੀਤ-ਮੇਲ ਦਾ ਵਿਸਮਾਦ ਜ਼ਰੂਰ ਹੁੰਦਾ ਹੈ।

ਮਿਸਿਜ਼ ਰੋਜ਼ ਨੂੰ ਮੈਂ ਆਪਣੀ "ਨੰਨ੍ਹੀ ਲਿਲ੍ਹਾ" ਦੀ ਕਹਾਣੀ ਸੁਣਾਈ, "ਭੂਆ ਬਰਕਤੇ" ਤੇ "ਸ਼ਬਦਾਂ ਦੀ ਰਾਣੀ" ਦੀ ਗੱਲ ਸੁਣਾਈ। ਕਈ ਖ਼ਤ ਪੜ੍ਹ ਕੇ ਸੁਣਾਏ ਜਿਹੜੇ "ਪ੍ਰੀਤ ਲੜੀ" ਦੇ ਅਣਡਿੱਠੇ ਪਾਠਕਾਂ,

*ਇਸਤਰੀਆਂ ਤੇ ਮਰਦਾਂ ਵੱਲੋਂ ਰੋਜ਼ਾਨਾ ਮੈਨੂੰ ਆਉਂਦੇ ਸਨ। ਉਨ੍ਹਾਂ ਨੇ "ਪ੍ਰੀਤ ਲੜੀ" ਦੇ ਪੰਨਿਆਂ ਵਿਚੋਂ ਉਹਨਾਂ ਸੁਪਨਿਆਂ ਦੀ ਝਲਕ ਵੇਖ ਲਈ ਸੀ, ਜਿਹੜੇ ਚਿਰਾਂ ਤੋਂ ਅਣ-ਵਿਆਖੇ ਉਹਨਾਂ ਦੇ ਦਿਲਾਂ ਵਿਚ ਧੜਕਦੇ ਰਹੇ ਸਨ। ਇਹ ਪਾਠਕ ਉਤਾਵਲੇ ਹੋ ਕੇ ਮੈਨੂੰ ਲਿਖ ਰਹੇ ਸਨ ਕਿ ਛੇਤੀ ਹੀ ਉਹਨਾਂ ਨਾਲ ਪ੍ਰੀਤ-ਮਿਲਣੀ ਕਰਾਂ, ਜਿਦ੍ਹੇ ਵਿੱਚ ਪ੍ਰੀਤ-ਨਗਰ ਦੀ ਤਜਵੀਜ਼ ਨੇਪਰੇ ਚਾੜ੍ਹੀ ਜਾਵੇ, ਤੇ ਉਹ ਪ੍ਰੀਤ-ਨਗਰ ਦੀ ਨੀਂਹ ਧਰੀ ਜਾਵੇ ਜਿੱਥੇ ਜ਼ਿੰਦਗੀ ਦੇ ਆਸ਼ਕ ਨਿਰਜਿੰਦ ਰਸਮਾਂ ਤੇ ਰਵਾਇਤਾਂ ਅਨੁਸਾਰ ਝਟ ਟਪਾਣ ਦੀ ਥਾਂ ਆਪਣੇ ਸੁਆਦਾਂ ਤੇ ਆਪਣੀ ਅਕਲ ਅਨੁਸਾਰ ਆਪਣੇ ਵਰਗੇ ਸਾਥੀਆਂ ਨੂੰ ਪ੍ਰਸ਼ੰਸਾ ਦੇਂਦਿਆਂ ਤੇ ਉਹਨਾਂ ਕੋਲੋਂ ਪ੍ਰਸ਼ੰਸਾ ਲੈਂਦਿਆਂ ਜ਼ਿੰਦਗੀ ਨੂੰ ਮਾਣ ਸਕਣ।*

ਮਿਸਿਜ਼ ਰੌਜ਼ ਨੂੰ ਚਾਅ ਚੜ੍ਹ ਗਿਆ, ਜਦੋਂ "ਪ੍ਰੀਤ ਲੜੀ" ਦਾ ਖ਼ਿਆਲ ਪ੍ਰਵਾਨ ਕਰਨ ਵਾਲਿਆਂ ਦੀ ਮਿਲਣੀ 22 ਨਵੰਬਰ ਐਤਵਾਰ ਨੂੰ ਬੁਲਾਣ ਦਾ ਆਪਣਾ ਫ਼ੈਸਲਾ ਮੈਂ ਉਹਨੂੰ ਸੁਣਾਇਆ। ਏਸ ਮਿਲਣੀ ਨੂੰ ਚੰਗੀ ਤਰ੍ਹਾਂ ਸਮਝ ਸਕਣ ਲਈ ਉਸ ਨੇ ਮੇਰੇ ਕੋਲੋਂ "ਪ੍ਰੀਤ ਲੜੀ" ਦੇ ਪਹਿਲੇ ਦੋ ਸਾਲਾਂ ਦੇ ਸਾਰੇ ਅੰਕ ਲੈ ਕੇ ਪੜ੍ਹੇ ਜਿਨ੍ਹਾਂ ਦਾ ਕੁੱਝ ਭਾਗ ਅੰਗਰੇਜ਼ੀ ਵਿੱਚ ਲਿਖਿਆ ਹੁੰਦਾ ਸੀ।

21 ਨਵੰਬਰ 1936 ਵਾਲੀ ਰਾਤ ਨੂੰ ਸਾਡੀ ਕੋਠੀ ਵਿੱਚ ਕੋਈ ਵਿਆਹ ਰਚਿਆ ਹੋਇਆ ਸੀ! 22 ਨਵੰਬਰ ਨੂੰ ਕੋਠੀ ਦੇ ਨਾਲ ਨਾਲ ਬਾਰਾਂ ਕਨਾਲਾਂ ਦੇ ਖੁੱਲ੍ਹੇ ਟੁਕੜੇ ਵਿੱਚ ਪੰਡਾਲ ਲੱਗਾ ਹੋਇਆ, ਕੁਰਸੀਆਂ ਡੱਠੀਆਂ ਹੋਈਆਂ, ਤੇ ਵੱਖਰੇ ਸਾਇਬਾਨਾਂ ਹੇਠਾਂ ਖਾਣਾ ਤਿਆਰ ਹੋ ਗਿਆ ਸੀ।

ਕੋਈ ਢਾਈ ਸੌ ਵੀਰਾਂ ਤੇ ਭੈਣਾਂ ਨੇ ਦਰਸ਼ਨ ਦਿੱਤੇ, ਦਰਸ਼ਕਾਂ ਦੀ ਸ਼੍ਰੇਣੀ ਇਹੋ ਜਿਹੀ ਸੀ, ਕਿ ਉਹ ਕਿਸੇ ਪਾਰਲੀਮੈਂਟ ਦਾ ਇਜਲਾਸ ਜਾਪਦਾ ਸੀ। ਇਹਦੇ ਵਿੱਚ ਕਾਨਫ਼ੰਸਾਂ ਜਾਂ ਦੀਵਾਨਾਂ ਵਰਗਾ ਜੋਸ਼ ਖਰੋਸ਼ ਨਹੀਂ ਸੀ, ਖ਼ਿਆਲਾਂ ਭਰਿਆ ਅਮਨ ਸੀ, ਦਿਲੋਂ ਉਪਜੀ ਮਰਯਾਦਾ ਸੀ। ਪ੍ਰਬੰਧਕਾਂ ਦੇ ਸਦਕਾ ਬਿਲਕੁਲ ਨਹੀਂ- ਪ੍ਰਬੰਧਕ ਤਾਂ ਕੋਈ ਦਿਸਦਾ ਨਹੀਂ ਸੀ- ਸੁਘੜ ਸੁਹਣੇ ਅਖ਼ਲਾਕ ਦਾ ਠਰੰਮ੍ਹਾ ਸੀ।

ਸਭ ਤੋਂ ਪਹਿਲਾਂ ਪ੍ਰੋਫ਼ੈਸਰ ਮੋਹਨ ਸਿੰਘ ਜੀ ("ਪੰਜ ਦਰਿਆ" ਰਸਾਲੇ ਦੇ ਬਾਨੀ) ਨੇ "ਜਵਾਨੀ" ਉਤੇ ਆਪਣੀ ਕਵਿਤਾ ਸੁਣਾਈ। ਫੇਰ ਏਸ ਮਿਲਣੀ ਦਾ ਪ੍ਰਧਾਨ ਚੁਣਨ ਦੀ ਤਜਵੀਜ਼ ਪੇਸ਼ ਹੋਈ। ਕਾਨਫ਼੍ਰੰਸਾਂ ਤੇ ਦੀਵਾਨਾਂ ਦੇ ਪ੍ਰਧਾਨ ਚੁਣਨੇ ਔਖੇ ਨਹੀਂ ਹੁੰਦੇ। ਅਨੇਕਾਂ ਉਮੀਦਵਾਰ ਚੁਣੇ ਜਾਣ ਲਈ ਮਾਇਆ ਦੇਣ ਨੂੰ ਵੀ ਤਿਆਰ ਹੁੰਦੇ ਹਨ। ਪਰ ਏਸ ਮਿਲਣੀ ਦੇ ਪ੍ਰਧਾਨ ਦੀ ਪਹਿਲੀ ਸਿਫ਼ਤ ਇਹ ਹੋਣੀ ਸੀ ਕਿ ਉਹਨੂੰ ਅਗਾਂਹ ਹੋ ਕੇ ਰਹਿਣੋਂ ਡਾਢਾ ਸੰਕੋਚ ਹੋਵੇ। ਇਹੋ ਜਿਹਾ ਇੱਕ ਸੱਜਣ ਪਿਛਾਂਹ ਬੈਠਾ ਮੈਂ ਤਾੜ ਲਿਆ, ਤੇ ਜਿਹੜੇ ਜਤਨਾਂ ਨਾਲ ਮੈਂ ਉਨ੍ਹਾਂ ਦਾ ਸੰਕੋਚ ਹਟਾਇਆ, ਉਹ ਮੈਂ ਹੀ ਜਾਣਦਾ ਹਾਂ। ਪ੍ਰੋਫ਼ੈਸਰ ਮੋਹਨ ਸਿੰਘ ਜੀ ਤੇ ਸਰਦਾਰ ਗੋਪਾਲ ਸਿੰਘ "ਦਰਦੀ" ਜੀ (ਹੁਣ ਡਾਕਟਰ ਗੋਪਾਲ ਸਿੰਘ ) ਦੀ ਪ੍ਰੋੜ੍ਹਤਾ ਉਤੇ ਨੌਜਵਾਨਾਂ ਦੇ ਓਦੋਂ ਹਰਮਨ-ਪਿਆਰੇ ਪ੍ਰੋਫ਼ੈਸਰ ਨਰਿੰਜਨ ਸਿੰਘ ਜੀ ਨੇ ਪ੍ਰਧਾਨਗੀ ਦਾ ਪਦ ਸੰਭਾਲਿਆ ।

1936 ਵਿੱਚ ਪੰਜਾਬ ਵਿੱਚ ਆਪਣੀ ਮਾਂ-ਬੋਲੀ ਦੀ ਥਾਂ ਦਾ ਅਨੁਮਾਨ ਦੇਣ ਲਈ ਮੈਂ ਇੱਕ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। ਪ੍ਰੋਫ਼ੈਸਰ ਨਰਿੰਜਨ ਸਿੰਘ ਜੀ ਦੀ ਸਾਦਗੀ ਤੇ ਉਨ੍ਹਾਂ ਦਾ ਸੁਦੇਸ਼-ਸਨੇਹ ਪ੍ਰਸਿੱਧ ਸਨ, ਪਰ ਮੈਨੂੰ ਹੈਰਾਨੀ ਹੋਈ ਜਦੋਂ ਉਨ੍ਹਾਂ ਆਪਣਾ ਭਾਸ਼ਨ ਅੰਗਰੇਜ਼ੀ ਵਿੱਚ ਦੇਣਾ ਚਾਹਿਆ। ਕਈ ਬੇਨਤੀਆਂ ਆਈਆਂ ਕਿ ਉਹ ਪੰਜਾਬੀ ਵਿਚ ਬੋਲਣ, ਪਰ ਉਨ੍ਹਾਂ ਦੱਸਿਆ ਕਿ ਕਿਸੇ ਜਨਤਕ ਇਕੱਠ ਵਿੱਚ ਉਨ੍ਹਾਂ ਕਦੇ ਪੰਜਾਬੀ ਬੋਲ ਕੇ ਵੇਖੀ ਨਹੀਂ, ਤੇ ਏਸ ਸਿਆਣੇ ਇਕੱਠ ਵਿੱਚ ਉਹ ਨਵੇਂ ਤਜਰਬੇ ਦਾ ਖ਼ਤਰਾ ਸਹੇੜਨਾ ਨਹੀਂ ਚਾਹੁਣਗੇ, ਏਸ ਲਈ ਉਹ ਅੰਗਰੇਜ਼ੀ ਦੀ ਓਟ ਲੈਣਗੇ। ਉਸ ਵੇਲੇ ਦਾ ਸਾਡਾ ਸਮਾਜਕ ਵਾਯੂ-ਮੰਡਲ ਹੀ ਏਸ ਤਰ੍ਹਾਂ ਦਾ ਸੀ। ਘਰਾਂ ਵਿੱਚ ਪਿਤਾ "ਡੈਡੀ" ਅਖਵਾਂਦੇ ਤੇ ਬੱਚਿਆਂ ਨੂੰ ਮੁਢਲੀ ਵਿੱਦਿਆ ਅੰਗਰੇਜ਼ੀ ਵਿੱਚ ਸ਼ੁਰੂ ਕਰਾਣਾ ਸਭਿਅਤਾ ਦੀ ਸਨਦ ਗਿਣਦੇ ਸਨ। ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਤੇ ਪ੍ਰੋਫ਼ੈਸਰ ਜਦੋਂ ਆਪਣੇ ਪੁਰਾਣੇ ਵਿਦਿਆਰਥੀਆਂ ਦਾ ਸੰਮੇਲਨ ਕਰਦੇ, ਉਦੋਂ ਵੀ ਉਹਨਾਂ ਨਾਲ ਅੰਗਰੇਜ਼ੀ ਵਿਚ ਗੱਲਾਂ ਕਰਦੇ, ਤੇ ਬਹੁਤ ਵਿਦਿਆਥੀਆਂ ਨੂੰ ਅੰਗਰੇਜ਼ੀ ਬੋਲਣ ਦਾ ਅਭਿਆਸ ਨਾ ਹੋਣ ਕਰਕੇ ਉਹ ਅਵਾਕ ਹੀ ਰਹਿੰਦੇ।

ਮੈਂ, ਜਿਸ ਨੂੰ ਮੇਰੇ ਸਮਾਲੋਚਕ ਅਮ੍ਰੀਕਾ ਤੇ ਯੂਰਪ ਦਾ ਸ਼ੈਦਾਈ ਆਖ ਕੇ ਭੰਡਦੇ ਸਨ, ਪੰਜਾਬੀ ਵਿੱਚ ਆਪਣੇ ਕਿਰਪਾਲੂਆਂ ਦਾ ਸਵਾਗਤ ਕੀਤਾ ਤੇ ਪ੍ਰੀਤ-ਸੈਨਾ ਦੀ ਆਪਣੀ ਸਕੀਮ ਬਹਿਸ ਲਈ ਪੇਸ਼ ਕੀਤੀ। ਕੇਡੀ ਅਣਹੋਣੀ ਜਿਹੀ ਉਹ ਸਕੀਮ ਸੀ, ਪਰ ਜਿਥੇ ਬਹੁਤੇ ਦਿਲਾਂ ਵਿੱਚ ਕੋਈ ਪਿਆਰ-ਭਰੀ ਤਾਰ ਲੰਘਦੀ ਹੋਵੇ, ਉਥੇ ਅਣਹੋਣੀਆਂ ਵੀ ਹੋਣਹਾਰ ਜਾਪਣ ਲੱਗ ਪੈਂਦੀਆਂ ਹਨ। ਧਰਮ ਵੱਲੋਂ ਤੂਫਾਨੀ ਮੁਖ਼ਾਲਫਤ ਦੇ ਬਾਵਜੂਦ, ਨੌਜਵਾਨਾਂ ਨੇ "ਪ੍ਰੀਤ-ਲੜੀ" ਦੇ ਖ਼ਿਆਲ ਨੂੰ ਲਗਪਗ ਇੱਕ ਪ੍ਰੀਤ-ਲਹਿਰ ਬਣਾ ਦਿੱਤਾ ਸੀ। ਬੜੀ ਥੋੜੀ ਨੁਕਤਾਚੀਨੀ ਹੋਈ ਤੇ ਜਿਹੜੀ ਹੋਈ ਵੀ ਉਹ ਨਿਗੂਣੇ ਪੱਖਾਂ ਉਤੇ। ਸਕੀਮ ਦੀ ਬੁਨਿਆਦੀ ਆਰਥਕਤਾ, ਅਸੰਭਵ ਜਿਹੀ ਨਿਯਮਾਵਲੀ ਉਤੇ ਲਗਪਗ ਕੋਈ ਸ਼ੰਕਾ ਨਾ ਉਠਿਆ। ਪ੍ਰੋਫ਼ੈਸਰ ਪ੍ਰੀਤਮ ਸਿੰਘ ਜੀ (ਬਹਾਈ ਸੰਸਥਾ ਦੇ ਮੋਢੀ) (ਵਿਸ਼ਵੀ, ਇੱਕ-ਰੱਬੀ ਧਰਮ, 19ਵੀਂ ਸਦੀ ਦੇ ਪਰਸ਼ੀਆ, ਹੁਣ ਈਰਾਨ, ਵਿਚ ਬਣਾਇਆ ਗਿਆ, ਬਾਨੀ ਸਨ ਬਹਾਈਉੱਲਾਹ, ਜਿਨ੍ਹਾਂ ਸਾਰੀ ਮਨੁੱਖਤਾ ਦੇ ਰੂਹਾਨੀ ਏਕੇ ਉੱਤੇ ਜ਼ੋਰ ਦਿੱਤਾ- ਸੰ.) ਨੇ ਬਹਿਸ ਵਿੱਚ ਸਰਗਰਮ ਹਿੱਸਾ ਲਿਆ। ਇਨ੍ਹਾਂ ਵੀ ਅੰਗਰੇਜ਼ੀ ਵਿਚ ਹੀ ਗੱਲ-ਬਾਤ ਕੀਤੀ, ਕਈ ਸ਼ੰਕੇ ਵੀ ਉਠਾਏ, ਪਰ ਸਕੀਮ ਦੇ ਸਿਰਫ਼ ਸਤੱਈ ਢਾਂਚੇ ਬਾਰੇ, ਤੇ ਓੜਕ ਇਨ੍ਹਾਂ ਪੂਰਨ ਸੰਮਤੀ ਪ੍ਰਗਟ ਕੀਤੀ। ਹਰ ਖ਼ਿਆਲ ਦੇ ਵਿਦਵਾਨ ਦਰਸ਼ਕ ਆਏ ਹੋਏ ਸਨ, ਤੇ ਦੋ ਸਮਾਗਮਾਂ ਵਿੱਚ ਅਨੇਕਾਂ ਪ੍ਰਸ਼ਨ ਕੀਤੇ ਗਏ ਜਿਨ੍ਹਾਂ ਦੇ ਉੱਤਰਾਂ ਨੂੰ, ਜਿਹੜੇ ਓਦੋਂ ਮੈਂ ਜਾਂ ਮੇਰੇ ਪ੍ਰਸ਼ੰਸਕਾਂ ਨੇ ਦਿੱਤੇ, ਜਦੋਂ ਹੁਣ ਮੈਂ ਪੜ੍ਹਦਾ ਹਾਂ ਤਾਂ ਉਹ ਮੈਨੂੰ ਬਿਲਕੁਲ ਸੰਤੁਸ਼ਟ ਨਹੀਂ ਕਰਦੇ, ਪਰ ਉਸ ਵੇਲੇ

# ਪ੍ਰੀਤ-ਮੇਲ ਤੇ ਪ੍ਰੀਤ-ਮਿਲਣੀ

ਸ਼ਾਇਦ ਮੇਰੇ ਖ਼ਿਆਲਾਂ ਦੀ ਸਾਦਗੀ ਤੇ ਨਵੀਨਤਾ ਵਿੱਚ ਨਿਰਛਲਤਾ ਦਾ ਕੋਈ ਜਾਦੂ ਹੋਣੈ, ਕਿ ਚੋਟੀ ਦੇ ਵਿਦਵਾਨਾਂ ਤੇ ਸਮਾਲੋਚਕਾਂ ਦੀ ਇਕੱਤਰਤਾ ਵਿਚ ਮੇਰੀ ਗ਼ੈਰ-ਅਮਲੀ ਜਿਹੀ ਸਕੀਮ ਪ੍ਰਵਾਨ ਚੜ੍ਹ ਗਈ।

ਪ੍ਰਸ਼ਨੋਤਰੀ ਜਦੋਂ ਥਕਾਵੀਂ ਹੁੰਦੀ ਜਾਪੀ ਤਾਂ ਅੱਧੇ ਘੰਟੇ ਲਈ ਭਾਈ ਇਨਾਇਤ ਜੀ ਤੇ ਉਨ੍ਹਾਂ ਦੀ ਟੋਲੀ ਨੇ ਸੰਗੀਤ ਨਾਲ ਤਾਜ਼ਗੀ ਮੋੜ ਲਿਆਂਦੀ। ਬਾਅਦ ਵਿੱਚ ਓਥੇ ਪੰਡਾਲ ਵਿਚ ਹੀ ਖਾਣੇ ਦਾ ਪ੍ਰਬੰਧ ਕੀਤਾ ਗਿਆ। ਸੱਜਣਾਂ ਮਿੱਤਰਾਂ ਨੇ ਗਲਵਕੜੀਆਂ ਪਾਈਆਂ, ਹਾਸੀ ਮਸਖਰੀ ਨੇ ਚਿਤ ਹੌਲੇ ਕਰ ਦਿੱਤੇ। ਦਿਨ ਚੰਗਾ ਸੀ, ਆਲਾ ਦੁਆਲਾ ਫੁੱਲਾਂ ਨਾਲ ਛਿਟਕਿਆ ਸੀ, ਸ਼ਹਿਰ ਦੇ ਭੀੜ-ਭੜੱਕੇ ਤੇ ਸ਼ੋਰ ਸ਼ਰਾਬੇ ਤੋਂ ਦੂਰ ਖੁੱਲ੍ਹੇ ਥਾਂ ਵਿੱਚ ਇਹ ਮਿਲਣੀ ਕਈਆਂ ਦੇ ਦਿਲਾਂ ਵਿੱਚ ਮਿੱਠੀ ਤੇ ਅਨੋਖੀ ਯਾਦ ਬਣੀ ਰਹੀ ਹੋਵੇਗੀ।

ਤਿੰਨ ਵਜੇ ਦੂਜਾ ਸਮਾਗਮ ਸ਼ੁਰੂ ਹੋ ਗਿਆ-ਧਨੀ ਰਾਮ "ਚਾਤ੍ਰਿਕ" ਜੀ, ਗੋਪਾਲ ਸਿੰਘ "ਦਰਦੀ" ਤੇ ਰਘਬੀਰ ਸਿੰਘ "ਬੀਰ" (ਪਿੱਛੋਂ "ਆਤਮ-ਸਾਇੰਸ" ਵਾਲੇ) ਨੇ ਕਵਿਤਾਵਾਂ ਪੜ੍ਹੀਆਂ। ਬੀਰ ਜੀ ਦੀ ਮਜ਼੍ਹਬ ਉਤੇ ਕਵਿਤਾ ਬੜੀ ਸਲਾਹੀ ਗਈ।

ਸ਼ਾਮ ਦੇ ਸਮਾਗਮ ਵਿੱਚ ਸੰਤ ਗੋਕਲ ਸਿੰਘ ਜੀ ਤੇ ਸਰਦਾਰ ਬਲਬੀਰ ਸਿੰਘ ਜੀ, ਬੀ.ਏ. ਨੇ ਕਈ ਸਵਾਲ ਕੀਤੇ। ਉਹਨਾਂ ਦਾ ਮੋਟਾ ਇਤਰਾਜ਼ ਇਹਨਾਂ ਲਫ਼ਜ਼ਾਂ ਵਿੱਚ ਸੀ : "ਪ੍ਰੀਤ-ਸੈਨਾ ਦੀ ਸਕੀਮ ਹੈ ਤਾਂ ਬੜੀ ਚੰਗੀ, ਪਰ ਇਹਦੇ ਕਰਤਾ ਨੇ ਮਜ਼੍ਹਬ ਨੂੰ ਬੇ-ਹੱਕ ਥਾਂ ਪਰ ਥਾਂ ਕੋਸਿਆ ਹੈ।"

ਸੰਤ ਜੀ ਨੇ ਮੇਰੀ ਜਿਸ ਗੱਲ ਨੂੰ ਮਜ਼੍ਹਬ ਦਾ ਕੋਸਣਾ ਸਮਝਿਆ ਉਹ ਸਿਰਫ਼ ਏਨੀ ਹੀ ਸੀ ਕਿ ਮੈਂ ਪ੍ਰੀਤ-ਸੈਨਾ ਦੀ ਸਕੀਮ ਵਿੱਚ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਨੂੰ ਕੋਈ ਥਾਂ ਏਸ ਲਈ ਨਹੀਂ ਦਿੱਤੀ ਸੀ, ਕਿ ਇਹਨਾਂ ਸੰਬੰਧੀ ਨਿਤ ਪੈਂਦੇ ਪੁਆੜੇ ਪ੍ਰੀਤ-ਸਿਪਾਹੀਆਂ ਦਾ ਸਮਾਂ ਨਾ ਮੱਲੀ ਰੱਖਣ। ਉਂਜ ਤਾਂ ਮਜ਼੍ਹਬ ਦੇ ਜ਼ਿੰਦਗੀ ਵਿਚ ਮਹਾਨ ਕਰਤਵ ਦਾ ਚੋਖਾ ਮੁਤਾਲਿਆ ਕਰਨ ਕਰਕੇ ਮਜ਼੍ਹਬ ਨੂੰ ਮੈਂ ਆਪੋ ਆਪਣੇ ਸਮੇਂ ਦੀ ਸਿਖਰ-ਕਲਪਨਾ ਦੇ ਰੂਪ ਵਿੱਚ ਹਮੇਸ਼ਾ ਆਦਰ ਕਰਦਾ ਰਿਹਾ ਹਾਂ। ਏਸ ਸਿਖਰੀ ਕਲਪਨਾ ਦੁਆਰਾ ਨੀਵੀਂਆਂ ਵਾਦੀਆਂ ਦੇ ਧੂੜ ਧਮਾਕੇ ਦਾ ਬੱਦਲ ਵੀ ਮੋਈਆਂ ਰਸਮਾਂ ਦੇ ਰੂਪ ਵਿੱਚ ਇਕੱਠਾ ਹੋਇਆ ਰਹਿੰਦਾ ਹੈ। ਮੈਂ ਸਿਰਫ਼ ਸੱਚ ਉਤੇ ਪਸਰੀ ਏਸ ਧੁੰਦ ਦੇ ਖਿਲਾਫ਼ ਹੀ ਕਦੇ ਕੁਝ ਆਖਿਆ ਹੈ, ਮਜ਼੍ਹਬ ਦੇ ਖਿਲਾਫ਼ ਨਹੀਂ।

ਚੰਗੀ ਗੱਲ ਇਹ ਸੀ ਕਿ ਧਾਰਮਿਕ ਸਮਾਲੋਚਕਾਂ ਨੇ ਵੀ ਏਥੇ ਆਪਣੇ ਸ਼ੰਕੇ ਬੜੇ ਕੋਮਲ ਸ਼ਬਦਾਂ ਵਿੱਚ ਪ੍ਰਗਟ ਕੀਤੇ, ਇਹੋ ਜਿਹੀ ਰਵਾਦਾਰੀ ਅੱਗੇ ਕਦੇ ਮੇਰੇ ਹਿੱਸੇ ਨਹੀਂ ਸੀ ਆਈ।

ਬਹਿਸ ਦੇ ਅੰਤ ਉਤੇ ਪ੍ਰੋਫ਼ੈਸਰ ਮੋਹਨ ਸਿੰਘ ਜੀ ਨੇ ਆਪਣੀ ਪ੍ਰਸਿੱਧ ਕਵਿਤਾ "ਸਾਡੇ ਖੂਹ ਉਤੇ ਵਸਦਾ ਰੱਬ ਨੀ" ਬੜੀਆਂ ਲਟਕਾਂ ਨਾਲ ਪੜ੍ਹੀ। ਏਸ ਕਵਿਤਾ ਨੇ ਦੋ ਘੜੀਆਂ ਲਈ ਰੱਬ ਨੂੰ ਖੂਹ ਤੋਂ ਮੰਗਾ ਕੇ ਸਾਡੀ ਮਿਲਣੀ ਵਿਚ ਲਿਆ ਵਸਾਇਆ।

ਅਖੀਰ ਵਿੱਚ ਭਾਈ ਇਨਾਇਤ ਜੀ ਨੇ ਆਪਣੇ ਸਾਜ਼-ਸੰਗੀਤ ਨਾਲ ਸੋਚਾਂ ਦੀ ਥਕਾਵਟ ਨੂੰ ਨਿੱਤ ਨਵੇਂ ਰਹਿਣ ਦੀ ਲੈਅ ਵਿੱਚ ਬਦਲ ਦਿੱਤਾ। ਰਾਤ ਦਾ ਸਮਾਗਮ ਸਿਰਫ਼ ਮਿਸਿਜ਼ ਫ਼ਰੇਡਾ ਬੇਦੀ ਜੀ ਦੇ ਵਖਿਆਨ ਲਈ ਰੱਖਿਆ ਹੋਇਆ ਸੀ, ਪਰ ਉਨ੍ਹਾਂ ਨੂੰ ਅਚਾਨਕ ਰਾਵਲਪਿੰਡੀ ਜਾਣ ਲਈ ਤਾਰ ਆ ਗਈ। ਏਸ ਲਈ ਜਿਹੜੇ ਸੱਜਣਾਂ ਨੇ ਜਾਣਾ ਚਾਹਿਆ ਉਹ ਚਲੇ ਗਏ। ਸੱਠ ਸੱਤਰ ਭੈਣਾਂ ਤੇ ਵੀਰ ਇਕੱਠਿਆਂ ਬਹਿ ਕੇ ਖਾਣ ਦੀ ਖੁਸ਼ੀ ਲੈਣ ਲਈ ਠਹਿਰ ਗਏ। ਉਹਨਾਂ ਵਿੱਚੋਂ ਵੀ ਕਈ ਰਾਤੀਂ ਮੈਨੂੰ ਆਪਣੀ ਸੰਗਤ ਦੀ ਖੁਸ਼ੀ ਦੇਣ ਲਈ ਰਹਿ ਪਏ। ਰਾਤ ਦੀਆਂ ਖ਼ਾਮੋਸ਼ ਘੜੀਆਂ ਵਿੱਚ ਦੇਰ ਤਕ ਅਸੀਂ ਕਿਸੇ ਪ੍ਰੀਤ-ਨਗਰ ਦੇ ਸੁਪਨੇ ਜੋੜਦੇ ਰਹੇ। ਮਿਸਿਜ਼ ਰੋਜ਼ ਦੀ ਮੋਟਰ ਦੋ ਦਿਨ ਪਿਆਰਾ ਸਿੰਘ ਦਾਤਾ ਜੀ (ਹੁਣ ਨੈਸ਼ਨਲ ਬੁੱਕ ਸ਼ਾਪ, ਦਿੱਲੀ ਦੇ ਮਾਲਕ) ਦੀ ਹੁਨਰਮੰਦ ਡਰਾਈਵਰੀ ਹੇਠਾਂ ਮਿਲਣੀ ਦੇ ਕੰਮਾਂ ਵਿੱਚ ਚੱਕਰ ਲਾਂਦੀ ਰਹੀ ਸੀ, ਤੇ ਆਪ ਮਿਸਿਜ਼ ਰੋਜ਼ ਅਨੋਖੇ ਚਾਅ ਨਾਲ ਪ੍ਰੀਤ-ਮਿਲਣੀ ਦੀ ਹਰ ਅਦਾਅ ਨੂੰ ਮਾਣਦੀ ਰਹੀ ਸੀ।

ਆਪਣੇ ਉਤੇ ਪ੍ਰਭਾਵ ਦੱਸਦਿਆਂ ਮਿਸਿਜ਼ ਰੋਜ਼ ਨੇ ਮੈਨੂੰ ਦੂਜੇ ਦਿਨ ਆਖਿਆ ਸੀ, "ਇਹ ਮੇਰਾ ਸੁਨਹਿਰੀ ਦਿਨ ਹੈ- ਇਹਦੇ ਵਰਗੇ ਬਹੁਤੇ ਦਿਨ ਮੇਰੀ ਜ਼ਿੰਦਗੀ ਵਿੱਚ ਨਹੀਂ ਆਏ।"

ਧੰਨਵਾਦ ਸ.ਸ. ਹੁੰਦਲ- ਸੰ. ਲੇਖ ਵਿਚ ਸਾਰੇ ਮੋਟੇ ਹੋਏ ਅੱਖਰ ਅਸੀਂ ਕੀਤੇ ਹਨ- ਸੰ.

# ਖੰਡ ਦੀ ਅਸਲੀ ਕੀਮਤ-

## *ਭਾਰਤ ਨੇ ਦੁਨੀਆ ਨੂੰ ਖੰਡ ਦਿੱਤੀ, ਪਰ ਇਸਦਾ ਨਾਂ ਵੀ ਗੁਆ ਬੈਠਾ*

*ਗੰਨੇ ਕਰਕੇ ਭਾਰਤੀ ਕਾਮੇ ਸ਼ੂਗਰ ਬਸਤੀਆਂ ਵਿਚ ਲਿਜਾਏ ਗਏ।*



ਸਦਫ਼ ਹੁਸੈਨ @CurryUpSadaf

ਭਾਰਤ ਨੇ ਦੁਨੀਆ ਨੂੰ ਦਿੱਤੀ, ਪਰ ਉਸਦਾ ਨਾਮ ਤੱਕ ਵੀ ਸਾਡਾ ਦਿੱਤਾ ਨਹੀਂ ਹੈ। ਗੰਨਾ ਕੋਈ ਤਿੰਨ ਹਜ਼ਾਰ ਸਾਲ ਪਹਿਲਾਂ ਨਿਊ ਗਿਨੀ ਤੋਂ ਆਇਆ ਸੀ। ਪੁਰਾਣੇ ਵਪਾਰ ਰਾਹਾਂ ਤੋਂ ਇਹ ਚੱਬਿਆ ਹੀ, ਚੂਪਿਆ ਹੀ ਜਾਂਦਾ ਸੀ ਤੇ ਪੀਤਾ ਹੀ ਜਾਂਦਾ ਸੀ।

ਭਾਰਤ ਨੇ ਈਰਾ ਦੇ ਸ਼ੁਰੂ-ਸ਼ੁਰੂ ਵਿੱਚ ਜੂਸ ਨੂੰ ਉਬਾਲ ਕੇ ਤੁਕੜੇ ਬਣਾਏ, ਕ੍ਰਿਸਟਲ ਰੂਪ ਬਣਾਇਆ, ਜੋ ਸਟੋਰ, ਵੇਚੇ, ਟਰਾਂਸਪੋਰਟ ਹੋ ਸਕਦਾ ਸੀ।

ਸ਼ਰਕਰਾ, ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਮਤਲਬ ਹੈ ਰੋੜੇ, ਬਜਰੀ ਵਗੈਰਾ। ਅਰਬਿਕ ਵਿੱਚ ਇਹ ਸੱਕਰ ਬਣ ਗਿਆ, ਫਰੈਂਚ ਵਿੱਚ ਸੁਕਰੇ, ਅਖੀਰ ਇੰਗਲਿਸ਼ ਵਿੱਚ ਸ਼ੂਗਰ।

ਭਾਰਤ ਵਿੱਚ ਇਹ ਲਗਜ਼ਰੀ ਤੇ ਦਵਾਈ ਸੀ, ਆਮ ਲੋਕ ਗੁੜ ਖਾਂਦੇ ਸੀ। ਗੁੜ ਦਾ ਨਾਮ ਕਦੇ ਨਹੀਂ ਬਦਲਿਆ। ਅੱਜ ਕਈ ਸ਼ਹਿਰਾਂ ਦੇ ਨਾਮ ਗੁੜ ਨਾਲ ਜੁੜੇ ਨੇ, ਜੀਆਈ ਟੈਗਡ ਹਨ ਲੋਕਲ ਜੈਗਰੀ।

ਇੰਡੀਆ ਨੇ ਸ਼ੂਗਰ ਦੀ ਕਾਢ ਕੱਢੀ ਤੇ ਦੁਨੀਆ ਨੂੰ ਸਿਖਾਈ। ਛੇ ਸੌ ਸੰਤਾਲੀ ਏ.ਡੀ। ਵਿੱਚ ਟੈਂਗ ਬਾਦਸ਼ਾਹ ਨੇ ਬਿਹਾਰ ਭੇਜੇ ਸੀ ਆਦਮੀ ਸਿੱਖਣ ਦੇ ਲਈ। ਚੀਨ ਨੇ ਪੂਰਾ ਰੰਗ ਪੂਰਾ ਕੱਢ ਦਿੱਤਾ ਤੇ ਹੋਰ ਚਿੱਟੀ ਬਣਾ ਦਿੱਤੀ। ਸਾਡੀ ਪੂਰੀਆਂ ਸੁਨੇਰੀ ਸੀ। ਇਸ ਹੋਰ ਚਿੱਟੀ ਹੋਈ ਖੰਡ ਦਾ ਨਾਮ ਚੀਨੀ ਹੋ ਗਿਆ।

ਸਤਾਰਾਂ ਸੌ ਸੱਤਰ ਵਿੱਚ ਚੀਨੀ ਵਪਾਰੀ ਨੇ ਕਲਕੱਤਾ ਵਿੱਚ ਹੀ ਰਿਫਾਇਨਰੀ ਲਾ ਦਿੱਤੀ, ਬੰਗਾਲ ਦੀ ਪਹਿਲੀ ਰਿਫਾਇਨਰੀ। ਬੰਗਾਲੀਆਂ ਨੇ ਇਸ ਨੂੰ ਚੀਨੀ ਸੱਦਿਆ।

ਰਾਕ ਕ੍ਰਿਸਟਲ ਮਿਸਰੀ ਜੋ ਹੈ, ਇਹ ਮਿਸਰੀ ਕਹਾਂਦੀ ਹੈ। ਮਿਸਰੀ ਮਿਸਰ ਦੇ, ਕਿ ਇਹ ਸਾਨੂੰ ਮਿਸਰ ਤੋਂ ਆਈ ਹੈ।

ਜਦੋਂ ਅਠਾਰਾਂ ਸੌ ਤੇਤੀ ਵਿੱਚ ਬ੍ਰਿਟਨ ਨੇ ਆਪਣੇ ਰਾਜ ਤੋਂ ਸਲੇਵਰੀ ਹਟਾ ਦਿੱਤੀ, ਗੰਨਾ ਉਗਾਉਂਦੇ ਵੱਡੇ ਜ਼ਿਮੀਂਦਾਰਾਂ ਨੂੰ ਮੁਸ਼ਕਿਲ ਆ

ਗੰਨੇ ਦੀ ਕਾਸ਼ਤ ਬਹੁਤ ਹੀ ਔਖਾ, ਡਾਢਾ ਕੰਮ ਸੀ, ਪਰ ਸਿਸਟਮ ਨੇ ਉਨ੍ਹਾਂ ਕੋਲ ਬੰਦੁਆ ਮਜ਼ਦੂਰ ਪਹਿਲਾਂ ਹੀ ਪੇਸ਼ ਕੀਤੇ ਹੋਏ ਸਨ, ਜੋ ਹੁਣ ਕਾਨੂੰਨੀ ਤੌਰ ’ਤੇ ਨਹੀਂ ਸੀ ਮਿਲ ਰਹੇ। ਇਸ ਲਈ ਇਹ ਜ਼ਮੀਨਦਾਰ ਇਸ ਤਰ੍ਹਾਂ ਦੀ ਮਜ਼ਦੂਰੀ ਲੱਭਣ ਤੁਰ ਪਏ, ਜੋ ਉਨ੍ਹਾਂ ਹੀ ਸਸਤੀ ਵੀ ਹੋਵੇ ਅਤੇ ਜਿਸ ਉੱਤੇ ਕੰਟਰੋਲ ਕਰਨਾ ਹੋਰ ਸੌਖਾ ਹੋਵੇ। ਤੇ ਇਹ ਉਨ੍ਹਾਂ ਨੂੰ ਇੰਡੀਆ ਵਿੱਚ ਲੱਭ ਗਏ।

ਅਠਾਰ੍ਹਾਂ ਸੌ ਚੌਂਤੀ ਤੋਂ ਲੈ ਕੇ ਉੱਨੀ ਸੌ ਵੀਹ ਤੱਕ ਕੋਈ ਦਸ ਲੱਖ ਇੰਡੀਅਨ ਸ਼ੂਗਰ ਕੋਲੋਨੀਆਂ ਵਿੱਚ ਸਮੁੰਦਰੀ ਜਹਾਜ਼ਾਂ ਰਾਹੀਂ ਲਿਜਾਏ ਗਏ, ਬਹੁਤੇ ਬਿਹਾਰ ਅਤੇ ਪੂਰਬੀ ਉੱਤਰ ਪ੍ਰਦੇਸ਼ ਤੋਂ, ਜੋ ਭੋਜਪੁਰੀ ਅਤੇ ਅਵਧੀ ਬੈਲਟ ਹੈ।

ਇਨ੍ਹਾਂ ਆਪਣੇ ਲਈ ਇਕ ਨਵਾਂ ਨਾਂ ਬਣਾ ਲਿਆ—ਗਿਰਮਿਟੀਆ, ਅੰਗਰੇਜ਼ੀ ਲਫ਼ਜ਼ ਐਗਰੀਮੈਂਟ ਤੋਂ। ਉਹ ਕੌਂਟਰੈਕਟ ਸੀ, ਜੋ ਇਨ੍ਹਾਂ ਨੂੰ ਬੰਨ੍ਹਦਾ ਸੀ।

ਕੋਈ ਪੰਜ ਲੱਖ ਇਨ੍ਹਾਂ ਮਜ਼ਦੂਰਾਂ ਵਿੱਚੋਂ ਇਕੋ ਡੀਪੋ ਤੋਂ ਲੰਘੇ—ਆਪ੍ਰਵਾਸੀ ਘਾਟ, ਮੌਰੀਸ਼ਸ ਵਿੱਚ—ਜਿੱਥੇ ਬ੍ਰਿਟਿਸ਼ ਇਸ ਨੂੰ ਸ਼ਰੇਆਮ ਇਕ ਵੱਡਾ ਤਜਰਬਾ ਕਰਨਾ ਦੱਸ ਰਹੇ ਸਨ।



ਭਾਰਤੀ ਖੇਤਮਜ਼ਦੂਰ ਵੱਢਿਆ ਗੰਨਾ ਢੋਹ ਕੇ ਖੜ੍ਹਾ ਹੈ, ਮਰੀਸ਼ਸ, 1842

ਤਜਰਬਾ ਇਹ ਕਿ ਕੀ ਕੋਈ ਆਜ਼ਾਦ ਆਦਮੀ, ਜਿੰਨਾ ਚਿਰ ਚਾਹੋ, ਉਨਾ ਚਿਰ ਇਕ ਗੁਲਾਮ ਵਾਂਗ ਕੰਮ ਕਰ ਸਕਦਾ ਹੈ ਕਿ ਨਹੀਂ? ਬਸ ਇਸ ਨੂੰ ਐਗਰੀਮੈਂਟ ਅਰੇਂਜਮੈਂਟ ਜਾਂ ਕੁਝ ਕਹਿਣਾ ਪਏਗਾ, ਉਸ ਦੀ ਤਨਖਾਹ ਕੋਈ ਅਜਿਹੀ ਹੋਵੇ, ਜੋ ਕਿ ਤਨਖਾਹ ਘੱਟ ਅਤੇ ਸਜ਼ਾ ਵੱਧ ਲੱਗ ਰਹੀ ਹੋਵੇ।

ਫਿਜੀ ਵਿੱਚ ਇਕ ਮਿਸ਼ਨਰੀ, ਜੌਨ ਵੇਅਰ ਬਰਟਨ ਨੇ ਉੱਥੇ ਇਸ ਢਾਂਚੇ ਦੇ ਥੱਲੇ ਗੰਨਾ ਅਸਟੇਟਾਂ ਨੂੰ ਵੇਖਿਆ ਅਤੇ ਲਿਖਿਆ ਕਿ ਗੁਲਾਮੀ ਨਾਲੋਂ ਫਰਕ ਸਿਰਫ਼ ਇਹ ਹੈ ਕਿ ਇਸ ਦਾ ਨਾਮ ਫਰਕ ਹੈ ਅਤੇ ਸਾਲਾਂ ਦੀ ਗਿਣਤੀ ਫਰਕ ਹੈ।

ਮਰਦ, ਆਦਮੀ ਇਸ ਨੂੰ ਨਰਕ ਸੱਦਦੇ ਸੀ, ਜਿੱਥੇ ਇਹ ਉਤਰੇ ਸਨ।

## ਮਹਾਤਮਾ ਗਾਂਧੀ ਦਾ ਮਹਾਤਮਾ ਬਨਣਾ – ਅਤੇ ਖੰਡ!

ਇਹ ਸਾਰੀ ਤਕਲੀਫ਼ ਜ਼ਾਇਆ ਨਹੀਂ ਗਈ। ਜਦੋਂ ਮੋਹਨਦਾਸ ਗਾਂਧੀ ਅਠਾਰ੍ਹਾਂ ਸੌ ਤ੍ਰਿਆਨਵੇਂ ਵਿੱਚ ਨਾਤਾਲ ਗਏ, ਉਹ ਇਕ ਨੌਜਵਾਨ ਬੈਰਿਸਟਰ ਸਨ। ਸਾਊਥ ਅਫ਼ਰੀਕਾ ਦੇ ਸਮੁੰਦਰ ਕੰਢੇ ਦੀ ਇਕ ਬਰਤਾਨਵੀ ਕੋਲੋਨੀ ਵਾਂਗ, ਨਾਤਾਲ ਖੰਡ ਪੈਦਾ ਕਰਨ ਉੱਤੇ ਟੇਕ ਰੱਖਦਾ ਸੀ ਤੇ ਇਸ ਨੇ ਕੋਈ ਡੇਢ ਲੱਖ ਇੰਡੀਅਨ...ਇਨ੍ਹਾਂ ਖੇਤਾਂ, ਗੰਨਾ ਖੇਤਾਂ ਵਿੱਚ ਕੰਮ ਕਰਨ ਲਈ ਲਿਆਂਦੇ ਸਨ। ਇਹ ਇਨ੍ਹਾਂ ਖੇਤਾਂ, ਖੇਤਾਂ ਦੇ ਕਾਮਿਆਂ ਨਾਲ ਮਾੜਾ ਵਿਹਾਰ ਸੀ, ਜੋ ਉਹ ਜਿਹਾ ਨਹੀਂ ਸੀ ਜੋ ਇੰਡੀਆ ’ਚ ਹੋ ਰਿਹਾ ਸੀ, ਜਿਸ ਨਾਲ ਹੀ ਪਹਿਲਾਂ ਗਾਂਧੀ ਪਲਿਟੀਕਲੀ ਸਰਗਰਮ ਹੋਏ।

ਉਨ੍ਹਾਂ ਕਿਹਾ ਕਿ ਇਹ ਜੋ ਬੰਧੂਆ ਸਿਸਟਮ ਹੈ, ਗੁਲਾਮੀ ਵਰਗਾ ਹੈ। 1915 ਵਿੱਚ ਭਾਰਤ ਆਉਣ ਤੋਂ ਬਾਅਦ ਗਾਂਧੀ ਨੇ ਗੰਨਾ ਪਲਾਂਟੇਸ਼ਨ ਦੇ ਕਾਮਿਆਂ ਦੀ ਹਾਲਤ ਨੂੰ ਆਪਣਾ ਪਹਿਲਾ ਵੱਡਾ ਮੁੱਦਾ ਬਣਾਇਆ। ਬੰਬਈ ਵਿੱਚ ਇਕ ਭਾਸ਼ਣ ਦਿੱਤਾ ਇਸ ਵਪਾਰ ਦੇ ਖਿਲਾਫ ਤੇ ਬੰਬੇ ਕ੍ਰੋਨੀਕਲ ਵਿੱਚ।

ਇਸ ਮੁਹਿੰਮ ਦੇ ਨਤੀਜੇ ਵਜੋਂ ਵਾਈਸਰਾਇ ਨੇ 1917 ਵਿੱਚ ਇਹ ਬੰਦਵਾ ਢਾਂਚਾ ਬੰਦ ਕੀਤਾ। ਇਕ ਮਹੀਨੇ ਬਾਅਦ ਚੰਪਾਰਨ ਦੇ ਕਿਸਾਨਾਂ ਨੇ ਗਾਂਧੀ ਨੂੰ ਬਿਹਾਰ ਸੱਦਿਆ, ਜੋ ਉਨ੍ਹਾਂ ਦੇ ਮਹਾਤਮਾ ਬਣਨ ਲਈ ਪਹਿਲਾ ਕਦਮ ਬਣ ਗਿਆ।

ਮਾਈਗਰੰਟ ਪਰਵਾਸੀ ਫ੍ਰਿਟਰ। ਇਨ੍ਹਾਂ ਕਾਮਿਆਂ ਨੇ ਸਿਰਫ਼ ਇਕ ਵਜ੍ਹਾ ਹੀ ਨਹੀਂ ਦਿੱਤੀ ਗਾਂਧੀ ਨੂੰ ਸਪੋਰਟ ਕਰਨ। ਗਿਰਮਿਟੀਏ ਜਿਹੜੇ ਸਨ, ਉਹ ਜਹਾਜ਼ਾਂ ’ਤੇ ਚੜ੍ਹੇ, ਚੜ੍ਹਦੇ ਸੀ ਸਿਰਫ਼ ਥੋੜ੍ਹਾ ਜਿਹਾ ਆਪਣਾ ਸਮਾਨ ਲੈ ਕੇ, ਜਿਹਦੇ ਵਿੱਚ ਇਕ ਮਿੱਠਾ ਵੀ ਹੁੰਦਾ ਸੀ, ਜਿਸਨੂੰ ਗੁਲਗੁਲਾ ਕਹਿੰਦੇ ਸੀ।

ਗੁਲਗੁਲਾ ਇਕ ਨਿੱਕੀ ਜਿਹੀ ਕਾਲੀ, ਗਾੜ੍ਹੇ ਰੰਗ ਦੀ ਗੇਂਦ ਵਰਗੀ ਚੀਜ਼ ਹੈ, ਜਿਸਨੂੰ ਕਣਕ ਦੇ ਆਟੇ ਅਤੇ ਗੁੜ ਨਾਲ ਬਣਾਇਆ ਜਾਂਦਾ ਹੈ ਅਤੇ ਕਈ ਵਾਰ ਇਹਦੇ ਵਿੱਚ ਸੌਂਫ ਪਾਈ ਜਾਂਦੀ ਹੈ ਅਤੇ ਇਸ ਨੂੰ ਤੇਲ ਵਿੱਚ ਤਲਿਆ ਜਾਂਦਾ ਹੈ।

ਇਹ ਬਿਹਾਰ ਵਾਲੇ ਇਲਾਕੇ ਤੋਂ ਆਉਂਦਾ ਹੈ ਤੇ ਸਫ਼ਰ ਦੇ ਲਈ ਇਹ ਬਹੁਤ ਅੱਛਾ ਖਾਜਾ ਹੁੰਦਾ ਹੈ ਕਿਉਂਕਿ ਫਰਾਈਡ ਹੈ ਤੇ ਇਹਦੇ ਵਿੱਚ ਗੁੜ ਹੁੰਦਾ ਹੈ।

ਇਹ ਡਿਸ਼ ਪਰਵਾਸ ਲਈ ਗਇਆਨਾ ਤੇ ਤ੍ਰਿਨਿਦਾਦ ਪਰਵਾਸ ਲਈ ਉਹ ਨਾਲ ਲੈ ਕੇ ਜਾਂਦੇ ਸੀ, ਜਿੱਥੇ ਉੱਥੋਂ ਦੇ ਲੋਕਲ ਫਲੇਵਰ ਵਿੱਚ ਰਲ ਗਏ। ਜਦੋਂ



ਆਪ੍ਰਵਾਸੀ ਘਾਟ, ਪੋਰਟ ਲੁਈਸ, ਮਰੀਸ਼ਸ ਵਿੱਚ, ਉਹ ਡੀਪੋ, ਜਿੱਥੋਂ ਤਕਰੀਬਨ ਪੰਜ ਲੱਖ ਭਾਰਤੀ ਇੰਡੈਂਚਰਡ ਲੇਬਰ ਲੰਘਿਆ ਸੀ।

ਗੁੜ ਦੀ ਥਾਂ ਦੇ ਉੱਤੇ ਉੱਥੋਂ ਦੀ ਖੰਡ, ਪਲਾਂਟੇਸ਼ਨ ਦੀ ਖੰਡ ਲੈ ਲਈ ਤੇ ਆਟੇ ਦਾ ਜਿਹਾ ਬੈਟਰ ਸੀਗਾ, ਉਹਦੇ ਵਿੱਚ ਬਹੁਤੇ ਪਕਾਏ ਹੋਏ ਲੋਕਲ ਕੇਲਿਆਂ ਦਾ ਫਲੇਵਰ ਆ ਗਿਆ। ਇਸ ਲਈ ਕਰੀਬੀਅਨ ਵਰਜਨ ਜੋ ਹੈ ਗੁਲਗੁਲੇ ਦਾ, ਉਹ ਹੁਣ ਹੈ ਬਨਾਨਾ ਫ੍ਰਿਟਰ, ਜੋ ਉਹ ਆਪਣੇ ਫਾਗਵਾ, ਯਾਨੀ ਫਾਗ, ਫੱਗਣ ਦੇ ਜਸ਼ਨ ਦਾ ਇਕ ਹਿੱਸਾ ਵਜੋਂ ਤਲਦੇ ਹਨ।

ਸਾਊਥ ਅਫਰੀਕਾ ਵਿੱਚ ਭਾਰਤੀ ਪਰਿਵਾਰ ਅੱਜਕੱਲ੍ਹ ਇਹੀ ਡਿਸ਼ ਬਿਨਾ ਕੇਲਿਆਂ ਦੇ ਬਣਾਉਂਦੇ ਹਨ ਤੇ ਇਸ ਦੀ ਥਾਂ ਇਲਾਇਚੀ ਜਾਂ ਜਾਇਫਲ ਵਰਤਦੇ ਹਨ ਤੇ ਇਹ ਅਜੇ ਵੀ ਇਸ ਨੂੰ ਗੁਲਗੁਲਾ ਜਾਂ ਗੁਗੂਲਾ ਕਹਿੰਦੇ ਨੇ।

ਇੰਡੋ-ਕਰੀਬੀਅਨ ਜਾਂ ਇੰਡੋ-ਫਿਜੀਅਨ ਪਰਿਵਾਰਾਂ ਨੇ ਇਸ ਨੂੰ ਬ੍ਰਿਟੇਨ ਵਿੱਚ ਇੰਟਰਡਿਊਸ ਕੀਤਾ ਤੇ ਉੱਥੇ ਇਹ ਸਾਊਥਹਾਲ ਦੇ ਗ੍ਰੋਸਰੀ ਦੁਕਾਨਾਂ ਵਿੱਚ ਅਜੇ ਵੀ ਗੁਲਗੁਲਾ ਕਹਿ ਕੇ ਲੱਭਦਾ ਹੈ ਜਾਂ ਸਿੰਪਲੀ ਇੰਡੀਅਨ ਡੋਨਟ।

ਇਹ ਰੈਸਿਪੀ ਜੋ ਸਾਰੀ ਦੁਨੀਆ ਵਿੱਚ ਫੈਲਣੀ, ਖੰਡ ਦੀ ਸ਼ੂਗਰ ਦੀ ਫਾਰਮਿੰਗ ਕਰਕੇ ਥਾਂ-ਥਾਂ ਰੂਪ ਬਦਲਾਉਂਦੀ ਰਹੀ, ਪਰ ਨਾ ਉਹੀ ਰਿਹਾ।

ਹੁਣ ਅੱਜ ਜਸ਼ਨਾਂ ਦਾ, ਤਿਉਹਾਰਾਂ ਦਾ ਮੌਸਮ ਹੈ, ਤੇ ਖੰਡ ਦੀਆਂ ਕੀਮਤਾਂ ਬਹੁਤ ਵਧ ਰਹੀਆਂ ਹਨ। ਮਾਰਕੀਟ ਸਾਨੂੰ ਇਹ ਤਾਂ ਦੱਸਦੀ ਹੈ ਕਿ ਅੱਜ ਸ਼ੂਗਰ ਦੀ ਕੀਮਤ ਕਿੰਨੀ ਹੈ, ਪਰ ਹਿਸਟਰੀ ਸਾਨੂੰ ਇਹ ਦੱਸ ਸਕਦੀ ਹੈ ਕਿ ਇਸ ਵਾਸਤੇ ਕਿੰਨੀ ਕੀਮਤ ਤਾਰੀ ਗਈ ਹੈ।

ਅਨੁ: ਪੂਨਮ ਸਿੰਘ

**ਸਦਫ਼ ਹੁਸੈਨ** ਸ਼ੈੱਫ ਅਤੇ ਖਾਣ-ਪਾਣ ਬਾਰੇ ਕਹਾਣੀਆਂ ਵਾਲੇ

*ਇੱਕ ਸਵਲ: ਕੀ ਪੰਜਾਬੀ ਦਾ ਗੰਨਾ ਸ਼ਬਦ ਕਿਤੇ 'ਨਿਊ ਗਿਨੀ ਅਤੇ ਗਯਾਨਾ ਕਰਕੇ ਹੀ ਤਾਂ ਨਹੀਂ ਬਣਿਆ? ਇਸ ਦਾ ਇਤਿਹਾਸ ਲੱਭੀਏ। -ਸੰ.*

ਦਿ ਟ੍ਰਿਬਿਊਨ, 6 ਸਤੰਬਰ 2026

## ਨੀਂਦ
## ਪਰਮਜੀਤ ਕੌਰ

**ਨੀਂਦ** ਇੱਕ ਦੇਸ਼ ਹੈ,
ਜਿੱਥੇ ਕੋਈ
ਪਾਸਪੋਰਟ ਨਹੀਂ ਮੰਗਦਾ।

ਅਮੀਰ ਦੀ ਨੀਂਦ,
ਏ.ਸੀ. ਵਾਲੇ ਕਮਰੇ ਵਿੱਚ
ਸਹਿਮੀ ਹੋਈ ਹੈ,
ਗਰੀਬ ਦੀ ਨੀਂਦ,
ਫੁੱਟਪਾਥ 'ਤੇ ਨੰਗੀ ਪਈ ਹੈ,
ਪਰ ਕੀ ਦੋਵ੍ਹਾਂ ਦੀ ਨੀਂਦ
ਇੱਕੋ ਜਿਹੀ ਗੂੜ੍ਹੀ ਹੈ?

ਮੇਰੀ ਮਾਂ ਕਹਿੰਦੀ ਸੀ
"ਪੁੱਤ, ਨੀਂਦ ਵਿੱਚ ਰੱਬ ਮਿਲਦੈ"
ਮੈਂ ਵੱਡਾ ਹੋ ਕੇ ਦੇਖਿਆ –
ਨੀਂਦ ਵਿੱਚ ਤਾਂ ਬੰਦਾ
ਖ਼ੁਦ ਨੂੰ ਮਿਲਦਾ ਹੈ।

ਕਿਸਾਨ ਦੀ ਨੀਂਦ ਵਿੱਚ,
ਕਣਕ ਦੇ ਸਿੱਟੇ ਉੱਗਦੇ ਨੇ,
ਮਜ਼ਦੂਰ ਦੀ ਨੀਂਦ ਵਿੱਚ,
ਇੱਟਾਂ ਆਪਣੇ ਆਪ ਲੱਗ ਜਾਂਦੀਆਂ ਨੇ,
ਤੇ ਮੇਰੇ ਵਰਗੇ ਮਾਸਟਰ ਦੀ ਨੀਂਦ 'ਚ,
ਸਾਰੇ ਬੱਚੇ ਪਾਸ ਹੋ ਜਾਂਦੇ ਨੇ।

ਸਭ ਤੋਂ ਮਿੱਠੀ ਨੀਂਦ ਕਿਹੜੀ ਹੈ?
ਉਹ ਜੋ ਕਰਜ਼ਾ ਲੈ ਕੇ ਸੌਂਦਾ ਹੈ?
ਨਹੀਂ...
ਸਭ ਤੋਂ ਮਿੱਠੀ ਨੀਂਦ ਉਹ ਹੈ,
ਜੋ ਦਿਨ ਭਰ ਕਿਸੇ ਦੇ ਕੰਮ ਆ ਕੇ
ਸੌਂਦਾ ਹੈ।

ਅੱਜ ਕੱਲ੍ਹ ਨੀਂਦ
ਬਜ਼ਾਰ 'ਚ ਵਿਕਦੀ ਹੈ,
ਗੋਲੀਆਂ ਦੇ ਰੂਪ ਵਿੱਚ,
ਸਿਰਹਾਣਿਆਂ ਦੇ
ਇਸ਼ਤਿਹਾਰਾਂ ਵਿੱਚ,
ਪਰ ਅਸਲੀ ਨੀਂਦ ਤਾਂ ਅੱਜ ਵੀ,
ਮਾਂ ਦੀ ਲੋਰੀ ਵਿੱਚ ਹੀ
ਆਉਂਦੀ ਹੈ।

ਹੇ ਪ੍ਰਮਾਤਮਾ!
ਕੁਝ ਦੇਣਾ ਹੀ ਹੈ ਤਾਂ
ਇੱਕ ਚੀਜ਼ ਦੇ:

ਮੇਰੇ ਹਿੱਸੇ ਦੀ ਨੀਂਦ,
ਉਸ ਬੱਚੇ ਨੂੰ ਦੇ ਦੇ,
ਜੋ ਭੁੱਖਾ ਸੌਂ ਰਿਹਾ ਹੈ
ਉਸ ਮਾਂ ਨੂੰ ਦੇ ਦੇ,
ਜੋ ਬਿਮਾਰ ਪੁੱਤ ਦੀ
ਚਾਰਪਾਈ ਕੋਲ ਜਾਗ ਰਹੀ ਹੈ,
ਉਸ ਜਵਾਨ ਨੂੰ ਦੇ ਦੇ,
ਜੋ ਕੱਲ੍ਹ ਦੇ ਇੰਟਰਵਿਊ ਦੀ
ਚਿੰਤਾ ਵਿੱਚ ਜਾਗ ਰਿਹਾ ਹੈ।

ਮੈਂ ਤਾਂ ਸੌਂ ਲਵਾਂਗਾ,
ਮੇਰੀਆਂ ਅੱਖਾਂ ਵਿੱਚ ਤਾਂ,
ਮੇਰੀ ਮਾਂ ਦੀ ਲੋਰੀ ਦੀ ਖੁਮਾਰੀ ਅਜੇ
ਵੀ ਬਾਕੀ ਹੈ,
ਪਰ ਉਹਨਾਂ ਨੂੰ ਸੰਵਾਅ ਦੇ,
ਜਿਹਨਾਂ ਦੀਆਂ ਅੱਖਾਂ ਵਿੱਚ,
ਨੀਂਦ ਨਹੀਂ, ਸਿਰਫ਼ ਸਵਾਲ ਨੇ।

ਨਾਭਾ, 9463954610,7888523095

## ਜਾਗੋ ਗ੍ਰਾਹਕ ਜਾਗੋ! – ਮਾੜੀ ਧਾਤ ਦੇ ਦੰਦ!

ਟੁੱਟ-ਡਿੱਗ ਚੁੱਕੇ ਦੰਦਾਂ ਦੀ ਥਾਂ ਨਵੇਂ ਨਕੋਰ ਦੰਦ ਲਾ ਦੇਣ ਦਾ ਰਿਵਾਜ਼ ਕਾਫ਼ੀ ਜ਼ੋਰ ਫੜ ਰਿਹਾ ਹੈ- ਥਾਂ ਥਾਂ ਹੱਸਦੇ ਦੰਦਾਂ ਵਾਲੇ ਇਸ਼ਤਿਹਾਰ ਲੱਗੇ ਹਨ। ਇੰਪਲਾਂਟ ਵਾਲੇ ਮਹਿੰਗੇ ਦੰਦ ਲਾਉਣ ਲਈ ਕਿਸੇ ਨਾਮਵਰ ਇਮਾਨਦਾਰ ਡਾਕਟਰ ਕੋਲ ਹੀ ਜਾਣਾ ਚਾਹੀਦਾ ਹੈ- ਤਾਂ ਕਿ ਤੁਹਾਡੇ ਨਾਲ ਧੋਖਾ ਨਾ ਹੋ ਜਾਵੇ। ਵਿਦੇਸ਼ੋਂ ਆਉਂਦੀਆਂ ਮਹਿੰਗੀਆਂ ਮਿਲਦੀਆਂ ਧਾਤਾਂ, ਟਾਈਟੇਨੀਅਮ ਵਗੈਰਾ, ਦੀ ਥਾਂ ਸਸਤੀਆਂ- ਨਿਕਲ ਵਰਗੀਆਂ- ਧਾਤਾਂ ਨਾਲ ਗ਼ਾਜ਼ੀਆਬਾਦ ਵਗੈਰਾ ਵਿਚ, ਪੁਰਾਣੇ ਰਹਿ ਚੁੱਕੇ ਡਿਸਟ੍ਰਿਬਿਊਟਰ ਆਪ ਹੀ ਨਿਰਮਾਤਾ ਬਣ ਗਏ ਹਨ! ਉਨ੍ਹਾਂ ਹੀ ਕੰਪਨੀਆਂ (ਕੋਰੀਆ ਵਗੈਰਾ ਦੀਆਂ) ਦੇ ਨਾਂ ਵਰਤ, ਪੁਰਾਣੇ ਅਸਲੀ ਨੰਬਰ ਵੀ, ਦੰਦ ਵੇਚ ਰਹੇ ਹਨ। ਸਸਤਾ ਮਾਲ ਵੀ ਦੂਣੇ ਤੀਣੇ ਦੇ ਮੁੱਲ! ਅਕਸਰ ਇੱਕੋ ਦਿਨ ਵਿਚ ਦਸ ਦਸ ਦੰਦ ਵੀ ਲਾ ਦਿੰਦੇ ਹਨ! ਗੱਲ ਇਹ ਹੈ ਕਿ ਨਿਕਲ ਧਾਤ ਤੋਂ ਸਖ਼ਤ, ਜਾਨਲੇਵਾ ਵੀ, ਅਲਰਜੀ ਹੋ ਸਕਦੀ ਹੁੰਦੀ ਹੈ- ਨਾਰੀਆਂ ਨੂੰ ਹਰ 5 ਵਿਚੋਂ ਇੱਕ ਨੂੰ, ਮਰਦਾਂ ਨੂੰ ਹਰ 25 ਵਿੱਚੋਂ 1 ਨੂੰ। ਅਜੇ ਪਿੱਛੇ ਜਿਹੇ ਹੀ, ਮੋਹਾਲੀ ਵਿਚ, ਕੈਨੇਡਾ ਤੋਂ ਆਈ ਕਾਫ਼ੀ ਜਵਾਨ ਪੰਜਾਬੀ ਨਾਰੀ ਨੇ ਇੱਥੇ ਸਸਤਾਈ ਵੇਖ ਆਪਣੇ ਕਈ ਦੰਦਾਂ ਉੱਤੇ ਇੱਕੋ ਵੇਲੇ ਅਜਿਹਾ 'ਕੰਮ' ਕਰਾਇਆ, ਖਰੜ ਦੇ ਕਿਸੇ ਡਾਕਟਰ ਕੋਲੋਂ। ਉਸ ਦੀ ਮੌਤ ਹੋ ਗਈ ਸੀ! ਕੇਸ ਚੱਲ ਰਿਹਾ ਹੈ। ਫੜੇ ਜਾਣ ਉੱਤੇ ਇਹ ਬੇਇਮਾਨ ਡੈਂਟਿਸਟ ਅੱਧੇ ਕੁ ਪੈਸੇ ਵਾਪਿਸ ਕਰਦੇ ਫਿਰਦੇ ਹੁੰਦੇ ਹਨ। – ਪੂਨਮ ਸਿੰਘ

# Maafi, Kafi, Anchahi: The unwanted daughters in Haryana's voter rolls: *The SIR exercise was an unsettling reminder that disparaging names for women were common until a few decades ago.*

-- Samiksha, Phd student JNU




Women standing in a lne to vote in May 2024.

The names of some women voters stood out while I was looking up my parents' details in the 2002 voter list for the Special Intensive Revision exercise being conducted in Haryana.

"Bhateri" and "Bharpai" seemed to be common names that were repeated across voter lists. Bhateri comes from the Haryanvi word "bhatera", which means enough, while the word "Bharpai" indicates something that is surplus or plentiful. It was an unsettling realisation that these names for women were common up until a few decades ago.

They are a reflection of Haryana's deep-seated preference for sons. The 1981 Census noted that Haryana had only 870 females per 1,000 males, (national average 933 females per 1,000 males). .... Conversations with women in my family and neighbourhood revealed that ...for the women bearing such names, it was humiliating but also something they had come to live with.

I asked my neighbour, also named Bhateri, what she felt about her name. She sighed and said, "Baby, bhunda to lagya ae kare." Sister, it does feel deeply unpleasant.

She added: "It is humiliating to be labelled as a burden to your family."

An aunt recalled how in her village, Dubaldhan Majra, a neighbour's daughter-in-law had seven daughters, the youngest named "Khatam", (finish or stop). The woman's eighth child was a son. The older women ...expressed little distress about such names, saying ..it was common, and some even believed that such names were effective in stopping more daughters from being born in a family.

Younger women with such names, though fewer in numbers, were more indignant and critical. A 36-year-old woman named Maafi, which means forgiveness... recalled: when she moved to Rohtak for higher education, her name evoked surprise, discomfort and even ridicule from her classmates. When Maafi would introduce herself, she would be asked, "Ayein, kitni bhaan ho tham? Tu aakhri hai ke?" How many sisters are you in total? Are you the last one?

Maafi said names like hers were humiliating, conveying how her family viewed women and gender rights. She said her name was also an indicator of her family's social and economic background as one with limited access to education and not very well-off. Maafi considered getting her name officially changed, but the long-drawn out, legal-bureaucratic process dissuaded her. Although she is known as Maafi in her natal village, she introduced herself as "Tamanna" in her marital village, a name she has informally taken on. She asserts that it is a step towards changing how the world sees her.

## The unwanted women

The history of such disparaging names likely stretches back to the 1940s and 1950s. ...as some of the women with such names in the electoral lists for my neighborhood were in their late 60s and early 90s.

Conversations ....uncovered more unpleasant names. Older and even younger women, as they remembered the names of their friends, aunts, neighbours, relatives and grandmothers. Some of these names included Dadka (the sound produced when something burdensome falls unexpectedly from above); Dhapa (Dhap.. refers to a state of being "full") ..referring to the number of girls in a family; Rambhateri (God "we have had enough girl children"). Bohti (plenty); Sarli, (suitably enough); Baadho (extra). Anchahi, (unwanted); Manbhari (to one's heart's content). Women I spoke to pointed out that usually, it was not the first or the second daughters who were given disparaging names but the fourth or the fifth daughter.

After the introduction of sex determination technologies, the possibility of having five or more daughters in a family reduced significantly. Women I spoke to believe this led to a decrease in the number of girls with such names, which suggests that this decline in the later decade was prompted by the misuse of sex determination technology and not necessarily due to a progressive change in the outlook of Haryanvi society.

In later years, around the 1970s, ...popular names included Seema, (Hindi word for limit); Mafi, (begging forgiveness);

Kafi (enough); Antima, which the last one), Khamosh, (quiet) Santosh (satisfied). These names reflect ...the prejudice was wrapped in an indirect and softer vocabulary.
Another set of names that caught my attention in the 2002 voter list were of women named after fruits and other edible items. ..Santro (the orange fruit); Angoori (angoor, grapes); Kelo/Kelapati from the (banana), Anaro (pomegranate); Pataso ( patasa, a sugar candy), Barfi (the milk-based sweet)....(objects of consumption?).
The men's names starkly differed: Mahaveer, or great warrior; Balwan, referring to one who is strong and well-built; Paramjeet, who is supreme in victory; Kuldeep, the light of the family; and the like. These names indicate the fondness with which sons were welcomed in the family, and the potential they were expected to achieve in their lives. ...the state's sex ratio in recent years indicates that Haryanvi society still favours male children. Haryana's sex ratio at birth showed signs of improvement, rising from 879 in 2011 to 923 by 2019. But it had plummeted to 895 girls per 1,000 boys in the first half of 2026.
Names constitute one's identity, ..also ..social values and cultural histories of communities we belong to. The names marking out the undesirability of women forced them to carry the weight of the perceived insignificance for their lifetime. Though no longer pervasive anymore, these names are remnants of the state's legacy of gender bias which persists in different forms, with different names.

scroll.com

## NEW BOOk "Unclaimed" The Fault Lines Beneath the Normal / Vandana Shukla



Vandana Shukla is wonderfully gifted, wearing many hats! One knew of some of these and gleaned information from LinkedIn, about many others in her long career- but her *gift for writing short stories, and research on social transition in Ladakh* (resulting in her book with that intriguingly humourous name Monk Postpones Nirvana), Phd in Communalism and Partition of India- surprise and surpass!
Definitely, her dazzlingly wide, varied experience - a leading name in journalism, a respected freelance writer on art and culture- fed her pen for writing fiction, as did an MA in English Literature, industrial and corporate coaching for Eicher and some others, translating from Hindi of Madhushala and Kamayani, teaching postgraduates and undergraduates in Chitkara University and management students at RIMA, interviews with eminent artists for Lalit Kala Akademi and not least- the editorship of the first web magazine dedicated to art, CartnArt.
She encountered a whole lot of characters to skilfully interweave, play with and present. What is indeed mind-boggling is her exposure to some real filth of the human-world that she brings to her genteel readers in a detached, matter of fact and witty manner - making them flinch and relax at the same time! The narrator's voice is gender-neutral and she can portray street-satire and the vulgarity of some of her characters and yet get a guffaw as her readers are getting it 'first hand'!
The ten stories in this book, published by "The Browser" has 177 pages, with sincere compliments from Urvashi Butalia and Kishwar Desai on the back flap. The world within these pages, with what have to be based on true stories from our own India and especially our own Punjab, are so captivating - horrying and relieving at the same time- that one cannot rest until the last page has been devoured.
Among this variety of characters you meet a flabbergasting and endearing traditional Rajasthani rural daai (nanny); an incestuous father; a very different trauma left by the decade of terrorism in Punjab; a feudal-lordly-entitled romantic professor of English who rapes his employee's newly-wed bride; the problem and ultimately healing presented by a wealthy Gujrati new-daughter-in-law's embarrassing compassion for a sickly stray bitch to her new-rich, haughty-beaurocrat Punjabi marital family; the plight and also the bafflement of an impotent groom on his wedding night. Each story, polished over a few decades, hugely entertains and informs, delights and sobers up the reader.

Poonam Singh Amazon Rs 315/-

# I see you in my sleep / Awake, you are an absence I endure: Mukul Kesavan



## Note to a Sparrow

(A poem for vanishing sparrows- for World Nature Conservation Day.)

In childhood, chasing chidiyas round a room
was sport. Exhausted, you would fall and flutter.
I'd switch the fan off first to ward off doom;
I was a wanton boy… not a nutter.
We didn't have a proper word for sparrow,
You were generic birds who lived at home,
Like dogs and sibs, but not as pets or kin,
Free to flit past Amma's straight-and-narrow,
To feed and nest and roam,
To fly, while grounded mammals mooched within.

I haven't raced you now in sixty years,
My children have no memories of you,
In times deranged by grand extinction fears
I wonder what the two of you will do.
I see your painted head and inky bib,
The twitchy way you tilt your head and cheep,
I see her face, pale eyebrowed and demure,
Your wife for life, this hot and flighty rib.
I see you in my sleep;
Awake, you are an absence I endure.

An absent sparrow is an awful thing,
An order of the ordinary gone,
The nightingale forgetting how to sing
Is not the same, the world will carry on.
I want you back inside my balcony
Astir within your made-to-measure nest,
Intent on kissing up a brood of you.
I'll find an icon of Saint Anthony
To guard your sated rest,
You'll be a sign the world is back in true.

Or not. Two fostered sparrows won't repair
A broken world or douse the hidden fire, That fogs your balcony with charry air, And folds the earth into a poisoned gyre.
And yet, to share a common wall with you
To live adjacently will be a prize, Because you'll be
this house's soul, its numen.

I see you whir and light upon my shoe
Look up and meet my eyes,
And clock the mad conceit of being human.



scroll.com

INTERESTING INFO-
by *PRASAD MODAK*
(inclusivecapitalism.com)

## INCLUSIVE CAPITALISM

Capitalism, designed well, can lift people out of poverty, and power global innovation and growth. Yet tackling today's global challenges requires greater partnership across business, policy and society. To serve people and the planet for the long term, capitalism must also adapt and take the lead in finding solutions to benefit all stakeholders – not only those at the top.

A GLOBAL PLATFORM FOR INCLUSIVE CAPITALISM
2014- ESTABLISHED IN AFTERMATH OF FINANCIAL CRISIS-
200M WORKERS REPRESENTED ACROSS THE COUNCIL'S LEADERSHIP NETWORK
163 COUNTRIES
INTERNATIONAL REACH ACROSS MARKETS & SECTORS
Cross-Sector Leadership Network
EXECUTIVES, INVESTORS, AND POLICY LEADERS THE MOMENT Capitalism is facing a historic pivot point, one defined by the rapid deployment of AI, against the backdrop of widening wealth disparity.

### A Wise Quote




*nothing can be more gratifying than*
*to be wholly welcome*
*in another heart*
*with all the*
*force and truth of love*
*no part of you*
*rejected or*
*pressed to change*
*not even*
*the severest*
*or the insecure*
*or the broken*
*a heart*
*strong and tender enough*
*to contain*
*the possible in you*
*(almanacofbirds.org)*

*From "An Almanac of Birds: 100 Divinations for Uncertain Days" originated from writer Maria Popova's personal search for guidance and meaning Available as book of Cards INR 3863.34 Amazon*

FROM CONCEPT TO MARKET-LED REFORM: The Council convenes business, investment, and policy leaders to identify convergence around inclusive capitalism, and transform those ideals into practical initiatives, frameworks and tools for action. This work has helped advance market-led reform that creates long-term value while addressing inequality, sustainability and economic transition.
WORKFORCE DEVELOPMENT: The Council works with business and policy leaders to ensure workers benefit from — rather than bear the burden of — economic transitions, including those driven by AI deployment. The question that inspired the Council remains open and more relevant than ever: How can leaders practically mobilize the will and the tools to expand the benefits of capitalism more equitably?
THE COUNCIL'S ROLE The Council's convening strategy has given rise to an influential network committed to private-sector reform and market-backed policy for more inclusive growth.
The Council's approach aligns business, capital and policy around shared goals to create systems-level change: Convening global CEOs, institutional investors and civic leaders for real-world impact.
AJAY BANGA's message: "Purpose and Profit, when placed side by side are partners who empower each other; that is possible to do well by doing good; and it recognizes that when the world thrives, we all thrive."



# PARKASH HOSPITAL

**A Multi Super Speciality Hospital**

**Dr. Parkash S. Dhillon**

M.S, M.Ch. (Orthopaedics)

Bone & Joint Specialist

Mob.: 9501811077

**Joint Replacement Centre**

- ★ Total Knee Replacement
- ★ Total Hip Replacement
- ★ Shoulder Replacement
- ★ All Types of Trauma Care Centre
- ★ Deformities Correctioin Centre

Ex-Servicemen Are Also Given Treatment Here.

G.T. ROAD, PUTLIGHAR, AMRITSAR

Contact :- 0183-2211177

Email: parkashdhillon@gmail.com Website: info@parkashhospital

# Rediscover the pure, natural & nourishing taste of food made with unprocessed ingredients.

At **Back to Source**, we believe that
*"Our Food must be our Medicine,*
*and our Medicine must be our Food."*

In a world where the true taste of natural, wholesome food has been forgotten, we are dedicated to bringing back the purity and richness of unprocessed, preservative-free ingredients. Our mission is to help people rediscover the authentic flavors and nourishment that comes from real, thoughtfully prepared food.

We honour ancient traditions by using slow cooking methods in brass and copper utensils, ensuring that every dish is made with care and consciousness. Our ingredients, such as cold-pressed oils, raw sugar (desi khand), pure bilona cow ghee, non-GMO wheat flour, and single-source cow milk, are chosen for their health benefits. Cold-pressed oils support gut health, raw sugar is rich in antioxidants, and pure cow ghee provides essential nutrients for the body.

At **Back to Source**, we are committed to sustainability, rejecting the use of single-use plastics in our operations. We believe that convenience has come at a cost, and it's time to return to mindful, conscious eating that not only nourishes our bodies but also respects the environment.

Join us in experiencing food the way it was meant to be — pure, natural, and nourishing.



BACK TO SOURCE

café well-being

chhota BANARAS

BACK TO SOURCE
SCO 10-11-12, First Floor, Sector 17A, Chandigarh, 160017. India

0172 466 8444
https://back2source.in/
back_2_source